New Location
Punjab Insurance Agency Inc.
Super Visa Insurance
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 19 31 January, 2025 ੧੯ ਮਾਘ ਨਾਨਕਸ਼ਾਹੀ ਸੰਮਤ ੫੫੬
Ph.: 604-338-7310 FAX : 604-572-3638 /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar (Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

# ਬ੍ਰਿਟਿਸ਼ ਕੋਲੰਬੀਆਂ ਵਿੱਚ 1.2 ਮਿਲੀਅਨ ਲੋਕ ਮਾਹਿਰ ਡਾਕਟਰਾਂ ਤੋਂ ਇਲਾਜ ਕਰਵਾਉਣ ਦੀ ਉਡੀਕ ’ਚ




**ਸਰੀ, (ਸਿਮਰਨਜੀਤ ਸਿੰਘ):** ਇੱਕ ਹਾਲੀਆ ਸਰਵੇਖਣ ਦੇ ਅਨੁਸਾਰ, ਬ੍ਰਿਟਿਸ਼ ਕੋਲੰਬੀਆਂ ਵਿੱਚ ਇੱਕ ਮਿਲੀਅਨ ਤੋਂ ਵੱਧ ਲੋਕ ਕਿਸੇ ਨਾ ਕਿਸੇ ਸ਼ਪੈਸ਼ਲਿਸਟ ਡਾਕਟਰ ਦੇ ਨਾਲ ਮੁਲਾਕਾਤ ਕਰਨ ਦੀ ਉਡੀਕ ਕਰ ਰਹੇ ਹਨ। ਇਹ ਸਰਵੇਖਣ, ਜਿਸ ਨੂੰ ਕਨਸਲਟੈਂਟ ਸ਼ਪੈਸ਼ਲਿਸਟ ਆਫ਼ ਬੀ.ਸੀ. ਅਤੇ ਡਾਕਟਰਸ ਆਫ਼ ਬੀ.ਸੀ. ਦੇ ਸਾਂਝੇ ਤੌਰ 'ਤੇ ਕੀਤਾ ਗਿਆ ਸੀ, 1,000 ਡਾਕਟਰਾਂ ਤੋਂ ਜਾਣਕਾਰੀ ਇਕੱਠੀ ਕੀਤੀ ਗਈ ਸੀ ਅਤੇ ਇਸ ਦੇ ਨਤੀਜੇ ਬ੍ਰਿਟਿਸ਼ ਕੋਲੰਬੀਆਂ ਦੇ ਸਿਹਤ ਅਤੇ ਸੁਰੱਖਿਆ 'ਤੇ ਗੰਭੀਰ ਪ੍ਰਭਾਵ ਸਾਹਮਣੇ ਆਏ ਹਨ।

ਬਹੁਤੇ ਡਾਕਟਰ ਚਾਹੇ ਓਹ ਪਰਿਵਾਰਿਕ ਡਾਕਟਰ ਹੋਣ ਦਾ ਸ਼ਪੈਸ਼ਲਿਸਟ ਉਹ ਫੋਨਾਂ ‘ਤੇ ਹੀ ਦੇਖਣਾ ਪਸੰਦ ਕਰਨ ਲੱਗ ਪਏ ਹਨ ਜਿਸ ਕਾਰਨ ਮਰੀਜ਼ਾਂ ਨੂੰ ਬਹੁਤ ਜ਼ਿਆਦਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇਕਰ ਕੋਈ ਮਰੀਜ਼ ਡਾਕਟਰ ਨੂੰ ਖੁਦ ਮਿਲਣਾ ਚਾਹੇ ਤਾਂ ਉਸ ਨੂੰ ਪਰਿਵਾਰਕ ਡਾਕਟਰ ਨੂੰ ਮਿਲਣ ਲਈ ਵੀ 5 ਤੋਂ 10 ਦਿਨ ਦੀ ਉਡੀਕ ਕਰਨੀ ਪੈਂਦੀ ਹੈ ਅਤੇ ਸ਼ਪੈਸ਼ਲਿਸਟ ਨੂੰ ਮਿਲਣ ਲਈ ਇਸ ਤੋਂ ਵੀ ਵੱਧ ਸਮਾਂ ਉਡੀਕ ਕਰਨਾ ਪੈ ਰਿਹਾ ਹੈ, ਜਿਸ ਕਾਰਨ ਬੀ.ਸੀ. ਵਾਸੀ ਬਹੁਤ ਜ਼ਿਆਦਾ ਤੰਗ ਹੋ ਰਹੇ ਹਨ।

ਸਰਵੇਖਣ ਦੇ ਬਾਅਦ ਪਤਾ ਲੱਗਾ ਕਿ ਹਰ ਸ਼ਪੈਸ਼ਲਿਸਟ ਡਾਕਟਰ ਦੀ ਔਸਤ ਵੈਟਲਿਸਟ ਵਿੱਚ 282 ਮਰੀਜ਼ ਹਨ ਅਤੇ ਉਨ੍ਹਾਂ ਨੂੰ ਮੁਲਾਕਾਤ ਲਈ 4 ਹਫ਼ਤੇ ਤੋਂ 10 ਮਹੀਨੇ ਤੱਕ ਦੀ ਲੰਬੀ ਉਡੀਕ ਕਰਨੀ ਪੈ ਰਹੀ ਹੈ। ਇਹ ਵੈਟਲਿਸਟ ਸਿੱਧੇ ਪ੍ਰਕਿਰਿਆਵਾਂ, ਇਲਾਜ ਅਤੇ ਹੋਰ ਤਸਦੀਕੀ ਕਾਰਵਾਈਆਂ ਲਈ ਹੋਰ ਲੰਬੇ ਸਮੇਂ ਨਾਲ ਵਧ ਰਹੀਆਂ ਹਨ।

ਡਾਕਟਰਸ ਆਫ਼ ਬੀ.ਸੀ. ਦੀ ਪ੍ਰਧਾਨ, ਡਾ. ਸ਼ਾਰਲਿਨ ਲੂਈ, ਨੇ ਇੱਕ ਬਿਆਨ ਵਿੱਚ ਕਿਹਾ, "ਕਈ ਸਾਲਾਂ ਤੋਂ, ਸ਼ਪੈਸ਼ਲਿਸਟ ਡਾਕਟਰ ਨੂੰ ਮਰੀਜ਼ਾਂ ਦੇ ਵਧਦੇ ਲੰਬੇ ਇੰਤਜ਼ਾਰ ਦੇ ਸਿਹਤ 'ਤੇ ਨਕਾਰਾਤਮਕ ਪ੍ਰਭਾਵ ਬਾਰੇ ਚਿੰਤਾ ਹੈ।" ਉਨ੍ਹਾਂ ਦਾ ਕਹਿਣਾ ਸੀ ਕਿ ਸ਼ਪੈਸ਼ਲਿਸਟ ਡਾਕਟਰਾਂ ਦੀ ਵੱਡੀ ਚਿੰਤਾ ਵੀ ਉਹਨਾਂ ਦੇ ਆਪਣੇ ਪੇਸ਼ੇਵਰ ਅਤੇ ਨਿੱਜੀ ਜੀਵਨ 'ਤੇ ਪ੍ਰਭਾਵ ਪਾ ਰਹੀ ਹੈ, ਜਿਸ ਨਾਲ ਥਕਾਵਟ

☛ ਬਾਕੀ ਸਫ਼ਾ 31 ‘ਤੇ

# ਕੀ ਟਰੰਪ-ਮਸਕ ਜੋੜੀ ਵਿਸ਼ਵ ਅਮਨ ਲਈ ਵੱਡਾ ਖ਼ਤਰਾ ਬਣੇਗੀ..?

**ਲੇਖਕ : ਦਰਬਾਰਾ ਸਿੰਘ ਕਾਹਲੋਂ**



ਦੂਸਰੇ ਵਿਸ਼ਵ ਯੁੱਧ ਵਿੱਚ ਜਰਮਨ ਨਾਜ਼ੀਵਾਦੀ ਹਿਟਲਰ, ਇਟਲੀ ਦੇ ਫਾਸ਼ੀਵਾਦੀ ਮੁਸੋਲਿਨੀ ਨੂੰ ਕਪਟੀ ਅਤੇ ਚਰਿੱਤਰਹੀਣ ਸਲਾਹਕਾਰਾਂ ਨੇ ਵਿਸ਼ਵ ਸ਼ਾਂਤੀ ਲਈ ਪਰਲੋ ਬਣਾ ਦਿੱਤਾ।

ਅਜਿਹੀਆਂ ਹੋਰ ਅਨੇਕ ਮਿਸਾਲਾਂ ਹਨ।ਅਜੋਕੇ ਵਿਸ਼ਵ ਕਾਲ ਵਿੱਚ ਰੂਸ ਦੇ ਸ਼ਾਸਕ ਵਲਾਦੀ ਮੀਰ ਪੂਤਿਨ, ਇਸਰਾਈਲ ਦੇ ਭ੍ਰਿਸ਼ਟ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨ ਯਾਹੂ, ਉੱਤਰੀ ਕੋਰੀਆ ਦੇ ਤਾਨਾਸ਼ਾਹ ਸ਼ਾਸਕ ਕਿਮ ਯੋਂਗ ਉਨ ਆਪਣੇ ਬੁਰੇ ਸਲਾਹਕਾਰਾਂ ਕਰਕੇ ਪਹਿਲਾਂ ਹੀ ਵਿਸ਼ਵ ਸ਼ਾਂਤੀ ਲਈ ਖ਼ਤਰਾ ਬਣੇ ਪਏ ਹਨ। ਬੀਤੇ ਦਿਨੀਂ (20 ਜਨਵਰੀ, 2025) ਅਮਰੀਕਾ ਦੇ 47ਵੇਂ ਰਾਸ਼ਟਰਪਤੀ ਬਣੇ ਡੌਨਲਡ ਟਰੰਪ (ਜੋ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵੀ ਰਹਿ ਚੁੱਕੇ ਹਨ।) ਆਪਣੇ ਕਪਟੀ, ਰੱਤਪੀਣੇ ਧਨ ਕੁਬੇਰ ਬਰੋਲੀਗਾਰਕ ਕਰੋਨੀ ਐਲਨ ਮਸਕ ਜਿਹੇ ਪੂਰੇ ਵਿਸ਼ਵ ਨੂੰ ਆਪਣੀ ਮੁੱਠੀ ਵਿੱਚ ਬੰਦ ਕਰਨ ਦੀ ਖਲਨਾਇਕਵਾਦੀ ਚੇਸ਼ਠਾ ਰੱਖਣ ਵਾਲੇ ਸਲਾਹਕਾਰ ਨਾਲ ਮਿਲ ਕੇ ਪੂਰੇ ਵਿਸ਼ਵ ਲਈ ਪਰਲੋ ਭਰੀ ਬਰਬਾਦੀ ਜਿਹਾ ਖ਼ਤਰਾ ਬਣਨ ਜਾ ਰਹੇ ਹਨ। ਵਿਸ਼ਵ ਦੀ ਆਰਥਿਕ ਅਤੇ ਫ਼ੌਜੀ ਮਹਾਂਸ਼ਕਤੀ ਅਮਰੀਕਾ ਦੀ ਸੱਤਾ ਸੰਭਾਲਣ ਤੋਂ ਪਹਿਲਾਂ ਹੀ ਆਪਣੇ ਆਰਥਿਕ ਅਤੇ ਖੇਤਰੀ ਪ੍ਰਸਾਰਵਾਦ ਧਮਕੀ ਭਰੇ ਇਰਾਦਿਆਂ ਨੂੰ ਖੁੱਲ੍ਹੇ ਆਮ ਜੱਗ ਜ਼ਾਹਿਰ ਕਰਕੇ ਪੂਰੇ ਵਿਸ਼ਵ ਸਮੇਤ ਕਈ ਰਾਸ਼ਟਰਾਂ ਲਈ ਮੁਸੀਬਤਾਂ ਖੜ੍ਹੀਆਂ ਕਰ ਰਹੇ ਹਨ। ਹੈਰਾਨਗੀ ਦੀ ਗੱਲ ਇਹ ਹੈ ਕਿ ਤਾਨਾਸ਼ਾਹ ਕਿਸਮ ਦਾ ਸ਼ਾਸਕ ਅਤੇ ਅੰਨ੍ਹਾ ਧੰਨ ਕੁਬੇਰ ਬਰੋਲੀਗਾਰਕ ਅਮਰੀਕਾ ਦੇ ਅਤਿ ਨੇੜਲੇ ਸਹਿਯੋਗੀ ਅਤੇ ਮਿੱਤਰ ਰਾਸ਼ਟਰਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ।

ਇਰਾਦੇ: ਦਰਅਸਲ ਐਲਨ ਮਸਕ ਪੂਰੇ ਵਿਸ਼ਵ ਅਤੇ ਮਾਨਵਤਾ ਨੂੰ ਆਪਣੇ ਨਿੱਜੀ ਲਾਭਾਂ, ਸੁਪਨਿਆਂ ਅਤੇ ਇਰਾਦਿਆਂ ਲਈ ਗਲੋਬਲ ਤੌਰ ’ਤੇ ਮੁੜ ਆਕਾਰ ਦੇਣਾ ਚਾਹੁੰਦਾ ਹੈ। ਇਸ ਨਕਾਰਾਤਮਿਕ ਪਰਲੋ ਭਰੇ

☛ ਬਾਕੀ ਸਫ਼ਾ 11 ‘ਤੇ

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST. (PAYAL BUSINESS CENTRE) SURREY

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ਼ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

PEST CONTROL
RESIDENTIAL & COMMERCIALS
SAFE EFFECTIVE SOLUTIONS
Rats, Mice
Ant, Fire Brats
House Flies
Termites
Spider | Fleas
Bed Bugs
Cockroaches
Silver Fish
ALL SERVICES GUARANTEED
ਅਸੀਂ ਘਰਾਂ ਅਤੇ ਕਮਰਸ਼ੀਅਲ ਥਾਵਾਂ 'ਤੇ ਬਹੁਤ ਹੀ ਵਾਜਿਬ ਕੀਮਤਾਂ 'ਤੇ ਸਰਵਿਸ ਦਿੰਦੇ ਹਾਂ।
Randhir (Randy)
nppestcontrol05@gmail.com
778-683-8964, 778-895-6655

Space Available for Advertisement
Call 604-338-7310

FAST SERVICE AND COMPETITIVE RATES
S&S INSURANCE SERVICE
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW 604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey

ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

# ਸਰੀ ਸਿਟੀ ਸੈਂਟਰ ਲਈ ਨਵਾਂ ਮਾਡਲ ਤਿਆਰ, 70 ਦੇ ਕਰੀਬ ਨਵੇਂ ਪ੍ਰੋਜੈਕਟ ਮਨਜ਼ੂਰ




ਸਰੀ, (ਸਿਮਰਨਜੀਤ ਸਿੰਘ): ਸਰੀ ਸ਼ਹਿਰ ਦੇ ਡਾਊਨਟਾਊਨ ਖੇਤਰ ਵਿੱਚ ਆਉਣ ਵਾਲੇ ਨਵੇਂ ਪ੍ਰੋਜੈਕਟਾਂ ਦੇ ਆਧਾਰ 'ਤੇ ਇੱਕ "ਭਵਿੱਖੀ ਮਾਡਲ" ਤਿਆਰ ਕੀਤਾ ਗਿਆ ਹੈ, ਜਿਸ ਅਨੁਸਾਰ 2050 ਤੱਕ ਇਹ ਖੇਤਰ ਕਿਸ ਤਰ੍ਹਾਂ ਦਿੱਸ ਸਕਦਾ ਉਸ ਨੂੰ ਦਰਸਾਇਆ ਗਿਆ ਹੈ।

ਇਸ ਮਾਡਲ ਵਿੱਚ ਉਹ ਇਮਾਰਤਾਂ ਸ਼ਾਮਲ ਹਨ, ਜਿਨ੍ਹਾਂ ਦੀ ਪੇਸ਼ਕਸ਼ ਕੀਤੀ ਗਈ ਹੈ, ਪਰ ਇਹ ਜ਼ਰੂਰੀ ਨਹੀਂ ਕਿ ਉਨ੍ਹਾਂ ਸਭ ਦੀ ਮਨਜ਼ੂਰੀ ਮਿਲੇ। ਇਹ ਪ੍ਰੋਜੈਕਟ ਸਰੀ ਸ਼ਹਿਰ ਦੇ ਇਨਵੈਸਟ ਸਰੀ ਪਲੇਟਫਾਰਮ ਅਤੇ ਡਾਊਨਟਾਊਨ ਸਰੀ ਬੀ.ਆਈ.ਏ. ਦੇ ਸਾਂਝੇ ਉੱਦਮ ਰਾਹੀਂ ਤਿਆਰ ਕੀਤਾ ਗਿਆ ਹੈ। ਇਸ ਮਾਡਲ ਨੂੰ investsurrey.ca/CityCentreFuture 'ਤੇ ਆਨਲਾਈਨ ਦੇਖਿਆ ਜਾ ਸਕਦਾ ਹੈ।

ਇਸ ਵੈਬਸਾਈਟ ਦੇ ਅਨੁਸਾਰ, "ਇਹ ਮਾਡਲ ਦਰਸਾਉਂਦਾ ਹੈ ਕਿ ਡਾਊਨ ਟਾਊਨ ਸਰੀ ਵਿੱਚ ਪ੍ਰਸਤਾਵਿਤ ਇਮਾਰਤਾਂ ਕਿਵੇਂ ਹੋ ਸਕਦੀਆਂ ਹਨ। ਪਰ, ਇਹ ਯਕੀਨੀ ਨਹੀਂ ਕਿ ਸਭ ਪ੍ਰੋਜੈਕਟ ਮਨਜ਼ੂਰ ਹੋਣਗੇ। ਇਹ ਇਲਾਕਾ ਆਉਣ ਵਾਲੇ ਵੱਡੇ ਆਰਥਿਕ ਅਤੇ ਨਿਰਮਾਣ ਸੰਬੰਧੀ ਕਾਰਕਾਂ 'ਤੇ ਨਿਰਭਰ ਕਰੇਗਾ।"

ਇਸ ਵੇਲੇ ਸਰੀ ਵਿੱਚ 11 ਉੱਚੀ ਇਮਾਰਤਾਂ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਉੱਚੀ 3 ਸਿਵਿਕ ਪਲਾਜ਼ਾ (157.3 ਮੀਟਰ) ਹੈ। ਨਵੇਂ ਡਾਟਾ ਮੁਤਾਬਕ, ਸ਼ਹਿਰ ਵਿੱਚ 21 ਹੋਰ ਉੱਚੀਆਂ ਇਮਾਰਤਾਂ ਬਣ ਰਹੀਆਂ ਹਨ, ਅਤੇ 70 ਹੋਰ ਪ੍ਰੋਜੈਕਟ ਮਨਜ਼ੂਰ ਹੋ ਚੁੱਕੇ ਹਨ।

ਸਰੀ ਹਾਲ ਹੀ ਵਿੱਚ ਕੈਨੇਡਾ ਦਾ 11ਵਾਂ ਸਭ ਤੋਂ ਵੱਡਾ ਸ਼ਹਿਰ ਬਣ ਚੁੱਕਾ ਹੈ ਅਤੇ 2044 ਤੱਕ ਇਸਦੀ ਆਬਾਦੀ 10 ਲੱਖ ਤੱਕ ਪਹੁੰਚਣ ਦੀ ਉਮੀਦ ਹੈ, ਜੋ ਕਿ ਮੌਜੂਦਾ ਅੰਕੜਿਆਂ ਮੁਤਾਬਕ 46% ਵਾਧੂ ਦਰਸਾਉਂਦਾ ਹੈ। ਆਉਣ ਵਾਲੇ ਸਾਲਾਂ ਵਿੱਚ, ਇਹ ਸ਼ਹਿਰ ਵੈਨਕੂਵਰ ਨੂੰ ਪਿੱਛੇ ਛੱਡਕੇ, ਬੀ.ਸੀ. ਦੀ ਸਭ ਤੋਂ ਵੱਡੀ ਆਬਾਦੀ ਵਾਲੀ ਨਗਰੀ ਬਣ ਸਕਦੀ ਹੈ।

ਇਨਵੈਸਟ ਸਰੀ ਵੈਬਸਾਈਟ ਮੁਤਾਬਕ, ਇਹ ਖੇਤਰ ਵਿਕਾਸ, ਨਵੀਨਤਾ ਅਤੇ ਟੈਕਨੋਲੋਜੀ ਦਾ ਪ੍ਰਮੁੱਖ ਕੇਂਦਰ ਬਣਦਾ ਜਾ ਰਿਹਾ ਹੈ। ਇੱਥੇ ਨਵੀਂ 'ਸਮਾਰਟ ਸਿਟੀ', ਵਪਾਰ ਅਤੇ ਪ੍ਰਵਾਸੀਆਂ ਨੂੰ ਲੈਕੇ ਵੱਡੇ ਨਿਵੇਸ਼ ਹੋ ਰਹੇ ਹਨ।

ਨਵੇਂ ਮਾਡਲ ਵਿੱਚ ਲਾਈਟ ਬ੍ਰਾਊਨ ਰੰਗ ਨਾਲ ਦਰਸਾਈਆਂ ਗਈਆਂ ਇਮਾਰਤਾਂ ਉਹ ਹਨ, ਜਿਨ੍ਹਾਂ ਦੀ ਪੇਸ਼ਕਸ਼ ਕੀਤੀ ਗਈ ਹੈ, ਪਰ ਅਜੇ ਮਨਜ਼ੂਰ ਨਹੀਂ ਹੋਈਆਂ। ਸਰੀ ਸ਼ਹਿਰ ਤੇਜ਼ੀ ਨਾਲ ਕੈਨੇਡਾ ਦੇ ਦੂਜੇ ਵੱਡੇ ਡਾਊਨਟਾਊਨ ਵਜੋਂ ਉਭਰ ਰਿਹਾ ਹੈ, ਜੋ ਕਿ ਨਵੇਂ ਵਪਾਰ, ਰਹਿਣ-ਸਹਿਣ ਅਤੇ ਨੌਕਰੀਆਂ ਲਈ ਉਤਸ਼ਾਹਿਤ ਕਰੇਗਾ। This report was written by Divroop Kaur as part of the Local Journalism Initiative.

# ਸਰੀ ਦੀ ਮੇਅਰ ਬ੍ਰੈਂਡਾ ਲੌਕ ਨੇ ਟਰੰਪ ਟੈਕਸਾਂ ਤੋਂ ਆਰਥਿਕਤਾ ਬਚਾਉਣ ਲਈ 'ਬੋਰਡਰ ਮੇਅਰਜ਼ ਐਲਾਇਅਨਸ' 'ਚ ਸ਼ਾਮਲ ਹੋਣ ਦਾ ਲਿਆ ਫੈਸਲਾ

## ਅਮਰੀਕਾ ਨਾਲ ਹਰ ਸਾਲ ਹੁੰਦਾ ਲਗਭਗ 2.8 ਅਰਬ ਡਾਲਰ ਵਪਾਰ ਖ਼ਤਰੇ 'ਚ : ਮੇਅਰ ਬ੍ਰੈਂਡਾ ਲੌਕ




**ਸਰੀ, (ਸਿਮਰਨਜੀਤ ਸਿੰਘ):** ਸਰੀ ਦੀ ਮੇਅਰ ਬ੍ਰੈਂਡਾ ਲੌਕ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਕੈਨੇਡਿਆਈ ਵਪਾਰ 'ਤੇ 25% ਟੈਕਸ ਲਗਾਉਣ ਦੀ ਸੰਭਾਵਨਾ ਨੂੰ ਲੈਕੇ ਨਵੇਂ "ਬੋਰਡਰ ਮੇਅਰਜ਼ ਐਲਾਇਅਨਸ" ਵਿੱਚ ਸ਼ਾਮਲ ਹੋਣ ਦਾ ਫੈਸਲਾ ਲਿਆ ਹੈ। ਉਨ੍ਹਾਂ ਨੇ ਕਿਹਾ ਕਿ ਉਹ ਸਰੀ ਦੀ ਆਰਥਿਕਤਾ ਦੀ ਰੱਖਿਆ ਅਤੇ ਇਥੋਂ ਦੇ ਵਪਾਰਾਂ ਨੂੰ ਇਹਨਾਂ ਟੈਕਸਾਂ ਦੇ ਪ੍ਰਭਾਵ ਤੋਂ ਬਚਾਉਣ ਲਈ ਵਚਨਬੱਧ ਹਨ।

ਮੇਅਰ ਬ੍ਰੈਂਡਾ ਲੌਕ ਨੇ ਕਿਹਾ ਕਿ "ਸਰੀ ਦੀ ਆਰਥਿਕਤਾ ਦੀ ਰਾਖੀ ਮੇਰੀ ਸਭ ਤੋਂ ਵੱਡੀ ਤਰਜੀਹ ਹੈ, ਅਤੇ ਮੈਂ ਇਸ ਮਾਮਲੇ 'ਤੇ ਪੂਰੀ ਤਰ੍ਹਾਂ ਵਚਨਬੱਧਹਾਂ।"

ਉਨ੍ਹਾਂ ਨੇ ਦੱਸਿਆ ਕਿ ਸਰੀ ਵਿੱਚ 20% ਤੋਂ ਵੱਧ ਵਪਾਰ ਅਮਰੀਕਾ ਨਾਲ ਸਿੱਧੀ ਵਪਾਰਕ ਸਾਂਝ ਰੱਖਦੇ ਹਨ, ਜੋ ਹਰ ਸਾਲ ਲਗਭਗ 2.8 ਅਰਬ ਡਾਲਰ ਦੇ ਸੀਮਾ ਪਾਰ ਵਪਾਰ ਦਾ ਹਿੱਸਾ ਹੈ। "ਜੇਕਰ ਇਹ ਟੈਕਸ ਲਾਗੂ ਹੋ ਜਾਂਦੇ ਹਨ, ਤਾਂ ਸਰੀ ਦੇ ਨਿਰਮਾਣ ਉਦਯੋਗ, ਉਤਪਾਦਨ ਅਤੇ ਨਿਰਯਾਤ-ਕੇਂਦ੍ਰਤ ਵਪਾਰ ਉੱਤੇ ਗੰਭੀਰ ਪ੍ਰਭਾਵ ਪਵੇਗਾ।

ਉਨ੍ਹਾਂ ਦੱਸਿਆ ਕਿ ਸਭ ਤੋਂ ਵਧੇਰੇ ਪ੍ਰਭਾਵ ਟਰੱਕ ਡਰਾਈਵਰਾਂ ਉੱਤੇ ਪਵੇਗਾ ਅਤੇ ਸਭ ਤੋਂ ਨਿਰਾਸ਼ਾਜਨਕ ਗੱਲ ਹੈ ਕਿ ਇਹ ਪ੍ਰਭਾਵ ਇਕ ਹਫ਼ਤੇ ਜਾਂ ਮਹੀਨੇ ਬਾਅਦ ਨਹੀਂ, ਤੁਰੰਤ ਹੀ ਮਹਿਸੂਸ ਹੋਵੇਗਾ।

ਸਰੀ ਦੀ ਮੇਅਰ ਬ੍ਰੈਂਡਾ ਲੌਕ ਨੇ ਕਿਹਾ ਕਿ ਉਹ ਫੈਡਰਲ ਅਤੇ ਸੂਬੇ ਦੀਆਂ ਸਰਕਾਰਾਂ ਦੇ ਪ੍ਰਤੀਨਿਧੀਆਂ ਅਤੇ ਹੋਰ ਮੇਅਰਾਂ ਨਾਲ ਮੀਟਿੰਗਾਂ ਕਰ ਰਹੀਆਂ ਹਨ, ਤਾਂ ਜੋ ਸਰੀ ਦੀ ਆਵਾਜ਼ ਉੱਚੀ ਕੀਤੀ ਜਾ ਸਕੇ ।

ਉਨ੍ਹਾਂ ਨੇ ਕਿਹਾ, "ਅਸੀਂ ਸਮਝਦੇ ਹਾਂ ਕਿ ਇਨ੍ਹਾਂ ਟੈਕਸਾਂ ਦਾ ਸਾਡੀ ਸਪਲਾਈ ਚੇਨ ਅਤੇ ਸਥਾਨਕ ਉਦਯੋਗਾਂ ਉੱਤੇ ਵੱਡਾ ਪ੍ਰਭਾਵ ਪੈ ਸਕਦਾ ਹੈ।"

ਬੋਰਡਰ ਮੇਅਰਜ਼ ਐਲਾਇਅਂਸ ਹਾਲ ਹੀ ਵਿੱਚ ਉਨ੍ਹਾਂ ਕੈਨੇਡਿਆਈ ਸ਼ਹਿਰਾਂ ਦੇ ਮੇਅਰਾਂ ਵਲੋਂ ਬਣਾਇਆ ਗਿਆ, ਜੋ ਅਮਰੀਕਾ ਨਾਲ ਸਰਹੱਦਾਂ ਉੱਤੇ ਸਥਿਤ ਹਨ। ਇਹ ਗਠਜੋੜ ਮੌਜੂਦਾ ਆਰਥਿਕ ਦਬਾਅ ਅਤੇ ਸੰਭਾਵੀ ਟੈਕਸਾਂ ਦੇ ਪ੍ਰਭਾਵ ਦਾ ਡਟ ਕੇ ਸਾਹਮਣਾ ਕਰਨ ਲਈ ਬਣਾਇਆ ਗਿਆ ਹੈ।

ਲੌਕ ਨੇ ਦੱਸਿਆ, "ਹਰ ਰੋਜ਼ ਲਗਭਗ 2 ਅਰਬ ਡਾਲਰ ਦਾ ਵਪਾਰ ਕੈਨੇਡਾ-ਅਮਰੀਕਾ ਸਰਹੱਦ ਰਾਹੀਂ ਹੁੰਦਾ ਹੈ, ਜੋ ਦੋਵੇਂ ਪਾਸਿਆਂ ਲੱਖਾਂ ਨਾਗਰਿਕਾਂ ਨੂੰ ਨੌਕਰੀਆਂ ਵੀ ਦਿੰਦਾ ਹੈ।"

ਸਰੀ ਦੀ ਮੇਅਰ ਬ੍ਰੈਂਡਾ ਲੌਕ ਨੇ ਚੇਤਾਵਨੀ ਦਿੱਤੀ ਕਿ, "ਕੈਨੇਡਾ ਦੀ 70% ਨਿਰਯਾਤ ਅਮਰੀਕਾ ਵਿੱਚ ਜਾਂਦੀ ਹੈ, ਜਿਸ ਕਾਰਨ ਇਹ ਟੈਕਸ ਸਾਡੇ ਵਪਾਰ ਤੇ ਵੱਡਾ ਪ੍ਰਭਾਵ ਪਾ ਸਕਦੇ ਹਨ।"

ਉਨ੍ਹਾਂ ਨੇ ਕਿਹਾ ਕਿ ਸਰੀ ਵਿੱਚ ਖੇਤੀਬਾੜੀ, ਨਿਰਮਾਣ ਅਤੇ ਤਕਨਾਲੋਜੀ ਖੇਤਰ ਉੱਤੇ ਇਸ ਤਰੀਕੇ ਦੇ ਟੈਕਸਾਂ ਦਾ ਵੱਡਾ ਅਸਰ ਪੈ ਸਕਦਾ ਹੈ।

ਸਰੀ ਦੀ ਮੇਅਰ ਬ੍ਰੈਂਡਾ ਲੌਕ ਨੇ ਕਿਹਾ ਕਿ "ਸਾਡੀ ਕੋਸ਼ਿਸ਼ ਹੈ ਕਿ ਅਸੀਂ ਖੁੱਲ੍ਹੇ ਅਤੇ ਨਿਰਪੱਖ ਵਪਾਰ ਨੂੰ ਬਣਾਈ ਰੱਖੀਏ, ਸਰੀ ਦੀ ਆਰਥਿਕਤਾ ਲਈ ਇਹ ਇਕ ਵੱਡੀ ਲੜਾਈ ਹੈ, ਅਤੇ ਅਸੀਂ ਇਸ 'ਚ ਪੂਰੀ ਤਰ੍ਹਾਂ ਸ਼ਾਮਲ ਰਹਾਂਗੇ।" This report was written by Divroop Kaur as part of the Local Journalism Initiative.

# ਸਰੀ ਟਮੈਨਾਵਿਸ ਪਾਰਕ ਵਿੱਚ ਨਵਾਂ ਹਾਕੀ ਮੈਦਾਨ ਬਣੇਗਾ, $3.9 ਮਿਲੀਅਨ ਦਾ ਠੇਕਾ ਹੋਵੇਗਾ ਮਨਜ਼ੂਰ



**ਸਰੀ, (ਸਿਮਰਨਜੀਤ ਸਿੰਘ):** ਸਰੀ ਸ਼ਹਿਰ ਦੀ ਮਿਉਂਸਿਪਲ ਕੌਂਸਲ ਨੇ ਟਮੈਨਾਵਿਸ ਪਾਰਕ ਵਿੱਚ ਤੀਜਾ ਸਿੰਥੈਟਿਕ ਹਾਕੀ ਮੈਦਾਨ ਬਣਾਉਣ ਲਈ $3.9 ਮਿਲੀਅਨ ਦੇ ਠੇਕੇ 'ਤੇ ਵੋਟਿੰਗ ਕਰਨ ਦਾ ਫੈਸਲਾ ਕੀਤਾ ਹੈ। ਜੇਕਰ ਇਹ ਠੇਕਾ ਮੰਜ਼ੂਰ ਹੋ ਜਾਂਦਾ ਹੈ, ਤਾਂ ਸਰੀ ਕਨੇਡਾ ਦਾ ਪਹਿਲਾ ਅਤੇ ਇਕਲੌਤਾ ਸ਼ਹਿਰ ਬਣ ਜਾਵੇਗਾ, ਜਿੱਥੇ ਇੱਕੋ ਜਗ੍ਹਾ 'ਤੇ ਤਿੰਨ ਪਾਣੀ-ਅਧਾਰਤ ਹਾਕੀ ਫੀਲਡ ਹੋਣਗੇ। ਇਹ ਨਵਾਂ ਪ੍ਰੋਜੈਕਟ ਨਿਊਟਨ ਖੇਤਰ ਦੇ 12601 - 64 ਐਵੇਨਿਊ ਵਿਖੇ ਸਥਿਤ ਟਮੈਨਾਵਿਸ ਪਾਰਕ ਵਿੱਚ ਬਣਾਇਆ ਜਾਵੇਗਾ, ਜੋ ਪਹਿਲਾਂ ਹੀ ਸਰੀ ਵਿੱਚ ਖੇਡਾਂ ਲਈ ਇੱਕ ਪ੍ਰਮੁੱਖ ਕੇਂਦਰ ਵਜੋਂ ਵਿਕਸਤ ਹੋ ਰਿਹਾ ਹੈ। ਨਵੇਂ ਮੈਦਾਨ ਦੇ ਬਣਨ ਨਾਲ ਨਾ ਕੇਵਲ ਸਥਾਨਕ ਖਿਡਾਰੀਆਂ ਨੂੰ ਹੋਰ ਵਧੀਆ ਸਹੂਲਤਾਂ ਮਿਲਣਗੀਆਂ, ਬਲਕਿ ਸ਼ਹਿਰ ਵਿੱਚ ਕੌਮੀ ਅਤੇ ਅੰਤਰਰਾਸ਼ਟਰੀ ਫੀਲਡ ਹਾਕੀ ਟੂਰਨਾਮੈਂਟ ਹੋਸਟ ਕਰਨ ਦੀ ਸੰਭਾਵਨਾ ਵੀ ਵਧੇਗੀ। ਮੇਅਰ ਬਰੈਂਡਾ ਲੌਕ ਨੇ ਇਸ ਪ੍ਰੋਜੈਕਟ ਦੀ ਮਹੱਤਤਾ ਉਤੇ ਰੌਸ਼ਨੀ ਪਾਉਂਦਿਆਂ ਕਿਹਾ, "ਇਹ ਨਵਾਂ ਮੈਦਾਨ ਸਾਡੇ ਸ਼ਹਿਰ ਦੀ ਖੇਡ ਢਾਂਚੇ ਵਿੱਚ ਇਕ ਹੋਰ ਵਧੀਆ ਸ਼ਾਮਿਲ ਹੋਵੇਗਾ। ਸਰੀ ਹੁਣ ਇੱਕ ਅਜਿਹਾ ਕੈਨੇਡੀਅਨ ਸ਼ਹਿਰ ਹੋਵੇਗਾ, ਜਿੱਥੇ ਤਿੰਨ ਸਮਰਪਿਤ ਹਾਕੀ ਮੈਦਾਨ ਹੋਣਗੇ। ਇਹ ਸਥਾਨਕ ਖਿਡਾਰੀਆਂ, ਨੌਜਵਾਨਾਂ ਅਤੇ ਖੇਡ-ਪ੍ਰੇਮੀਆਂ ਲਈ ਵੱਡੀ ਉਪਲਬਧੀ ਹੋਵੇਗੀ।"

ਟਮੈਨਾਵਿਸ ਪਾਰਕ ਪਹਿਲਾਂ ਹੀ ਦੋ ਆਰਟੀਫ਼ੀਸ਼ੀਅਲ ਹਾਕੀ ਟਰਫ, ਇੱਕ ਬੇਸਬਾਲ ਫੀਲਡ ਅਤੇ ਇੱਕ ਫੁੱਟਬਾਲ ਮੈਦਾਨ ਰੱਖਦਾ ਹੈ। ਨਵੇਂ ਮੈਦਾਨ ਦੇ ਸ਼ਾਮਲ ਹੋਣ ਨਾਲ ਇਹ ਪਾਰਕ ਸਰੀ ਦੇ ਖੇਡ ਭਾਈਚਾਰੇ ਦਾ ਕੇਂਦਰੀ ਹੱਬ ਬਣ ਜਾਵੇਗਾ।

ਸਰੀ ਸਿਟੀ ਦੇ ਪਾਰਕਸ, ਰੀਕ੍ਰੀਏਸ਼ਨ ਐਂਡ ਸਪੋਰਟ ਟੂਰਿਜ਼ਮ ਕਮੇਟੀ ਦੇ ਚੇਅਰਮੈਨ, ਕੌਂਸਲਰ ਗੋਰਡ ਹੈਪਨਰ ਨੇ ਕਿਹਾ, "ਇਹ ਨਵਾਂ ਮੈਦਾਨ ਸਥਾਨਕ ਹਾਕੀ ਕਲੱਬਾਂ, ਵਿਦਿਆਰਥੀਆਂ ਅਤੇ ਪੇਸ਼ਾਵਰ ਖਿਡਾਰੀਆਂ ਲਈ ਵਿਸ਼ੇਸ਼ ਤਰੀਕੇ ਨਾਲ ਲਾਭਕਾਰੀ ਹੋਵੇਗਾ। ਸਾਡੇ ਸ਼ਹਿਰ ਵਿੱਚ ਵੱਡੇ ਪੱਧਰ ਦੇ ਹਾਕੀ ਟੂਰਨਾਮੈਂਟ ਹੋਣਗੇ, ਜਿਸ ਨਾਲ ਸਰੀ ਦੀ ਖੇਡਾਂ ਦੀ ਸ਼ਖਸੀਅਤ ਹੋਰ ਉਭਰੇਗੀ।"

ਇਸ ਮੈਦਾਨ ਦੀ ਉਸਾਰੀ ਮਾਰਚ 2024 ਵਿੱਚ ਸ਼ੁਰੂ ਹੋਣ ਦੀ ਉਮੀਦ ਹੈ, ਅਤੇ ਇਹ 2025 ਦੇ ਅਖੀਰ ਤੱਕ ਪੂਰਾ ਹੋਵੇਗਾ।

ਇਸ ਪ੍ਰੋਜੈਕਟ ਦੀ ਫੰਡਿੰਗ ਸਰੀ ਸ਼ਹਿਰ ਦੇ 2024 ਪਾਰਕ, ਰੀਕ੍ਰੀਏਸ਼ਨ ਐਂਡ ਕਲਚਰ ਵਿਭਾਗ ਦੇ ਕੈਪੀਟਲ ਬਜਟ ਤਹਿਤ ਕੀਤੀ ਜਾਵੇਗੀ।

ਕੌਂਸਲ ਦੇ ਵੋਟਿੰਗ ਤੋਂ ਬਾਅਦ, ਇਹ ਕੰਨਟਰੈਕਟ ਤਤਕਾਲ ਪ੍ਰਭਾਵ ਨਾਲ ਜਾਰੀ ਕੀਤਾ ਜਾਵੇਗਾ।

ਇਹ ਪ੍ਰੋਜੈਕਟ ਸਰੀ ਨੂੰ ਕੈਨੇਡਾ ਦੇ ਖੇਡ-ਹੱਬ ਵਜੋਂ ਵਿਖਾ ਸਕਦਾ ਹੈ। ਇਹ ਨਵੇਂ ਮੈਦਾਨ ਸਥਾਨਕ ਖਿਡਾਰੀਆਂ ਨੂੰ ਹੋਰ ਵਧੀਆ ਸਾਧਨ ਮੁਹੱਈਆ ਕਰੇਗਾ, ਜਦਕਿ ਸਰੀ ਵਿੱਚ ਫੀਲਡ ਹਾਕੀ ਟੂਰਨਾਮੈਂਟਾਂ ਅਤੇ ਖੇਡ ਸੈਰ-ਸਪਾਟੇ (ਸਪੋਰਟ ਟੂਰਿਜ਼ਮ) ਨੂੰ ਹੋਰ ਉਤਸ਼ਾਹਿਤ ਕਰੇਗਾ।

ਸਰੀ ਵਾਸੀਆਂ ਅਤੇ ਖਿਡਾਰੀਆਂ ਲਈ ਇਹ ਖ਼ਬਰ ਇੱਕ ਵੱਡੀ ਉਮੀਦ ਬਣੀ ਹੋਈ ਹੈ, ਅਤੇ ਹੁਣ ਸਭ ਦੀ ਨਜ਼ਰ ਆਉਂਦੇ ਸੋਮਵਾਰ ਨੂੰ ਹੋਣ ਵਾਲੀ ਵੋਟਿੰਗ ਉਤੇ ਟਿਕੀ ਹੋਈ ਹੈ। This report was written by Divroop Kaur as part of the Local Journalism Initiative.

# ਸਰੀ-ਗਿਲਡਫੋਰਡ ਚੋਣਾਂ ਦੌਰਾਨ ਨਿਯਮਾਂ ਦੀ ਉਲੰਘਣਾ ਦੇ ਦਾਅਵੇ ਸਬੰਧੀ ਮਾਮਲਾ ਅਦਾਲਤ 'ਚ ਪਹੁੰਚਿਆ




**ਸਰੀ, (ਸਿਮਰਨਜੀਤ ਸਿੰਘ):** ਇਲੈਕਸ਼ਨਜ਼ ਬੀ.ਸੀ. ਨੇ ਸਰੀ-ਗਿਲਡਫੋਰਡ ਵਿਧਾਨ ਸਭਾ ਹਲਕੇ ਵਿੱਚ 2024 ਦੀ ਸੂਬੇ ਦੀ ਚੋਣ ਦੌਰਾਨ ਨਿਯਮ ਦੀ ਉਲੰਘਣਾ ਹੋਣ ਦੇ ਦਾਅਵੇ ਨੂੰ ਅਦਾਲਤ 'ਚ ਪਹੁੰਚਣ ਕਰਕੇ ਇਲੈਕਸ਼ਨ ਕਮਿਸ਼ਨ ਨੇ ਅਸਥਾਈ ਤੌਰ 'ਤੇ ਰੋਕ ਦਿੱਤਾ ਹੈ। ਇਹ ਕੰਮ ਤਦ ਤੱਕ ਰੁਕਿਆ ਰਹੇਗਾ ਜਦ ਤੱਕ ਅਦਾਲਤ 'ਚ ਇਸ ਸੰਬੰਧੀ ਮਾਮਲਾ ਚਲਦਾ ਰਹਿੰਦਾ ਹੈ।

ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਹੋਣਵੀਰ ਸਿੰਘ ਰੰਧਾਵਾ ਨੇ ਇਲੈਕਸ਼ਨਜ਼ ਬੀ.ਸੀ. ਕੋਲ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਵਿੱਚ ਉਨ੍ਹਾਂ ਨੇ ਚੋਣ ਨਿਯਮ ਦੀ ਸੰਭਾਵੀ ਉਲੰਘਣਾ ਹੋਣ ਦੇ ਦਾਅਵੇ ਕੀਤੇ। 28 ਜਨਵਰੀ ਨੂੰ ਜਾਰੀ ਇੱਕ ਪ੍ਰੈਸ ਰਿਲੀਜ਼ ਮੁਤਾਬਕ, ਇਲੈਕਸ਼ਨਜ਼ ਬੀ.ਸੀ. ਨੇ ਦੱਸਿਆ ਕਿ ਰੰਧਾਵਾ ਦੀ ਸ਼ਿਕਾਇਤ ਅਤੇ ਅਦਾਲਤੀ ਪਟੀਸ਼ਨ ਵਿੱਚ ਜ਼ਿਆਦਾਤਰ ਆਰੋਪ ਇੱਕੋ ਜਿਹੇ ਹਨ, ਜਿਸ ਕਰਕੇ ਜਾਂਚ ਨੂੰ ਅਦਾਲਤੀ ਕਾਰਵਾਈ ਦੇ ਨਤੀਜੇ ਤਕ ਸਸਪੈਂਡ ਕਰ ਦਿੱਤਾ ਗਿਆ ਹੈ।

ਰੰਧਾਵਾ ਨੇ 3 ਜਨਵਰੀ ਨੂੰ ਇਲੈਕਸ਼ਨਜ਼ ਬੀ.ਸੀ. ਕੋਲ ਸ਼ਿਕਾਇਤ ਕੀਤੀ ਸੀ, ਜਿਸ ਦੀ ਪੁਸ਼ਟੀ 9 ਜਨਵਰੀ ਨੂੰ ਕੀਤੀ ਗਈ ਕਿ ਇਹ ਸਮੀਖਿਆ ਅਧੀਨ ਹੈ।

ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਹੋਣਵੀਰ ਸਿੰਘ ਰੰਧਾਵਾ, ਐਨ.ਡੀ.ਪੀ. ਉਮੀਦਵਾਰ ਗੈਰੀ ਬੈਗ ਕੋਲੋਂ 22 ਵੋਟਾਂ ਦੇ ਅੰਤਰ ਨਾਲ ਹਾਰ ਗਏ ਸਨ। 13 ਜਨਵਰੀ ਨੂੰ ਉਨ੍ਹਾਂ ਨੇ ਨਿਊ ਵੈਸਟਮਿਨਸਟ੍ਰ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ, ਜਿਸ ਵਿੱਚ ਉਨ੍ਹਾਂ ਨੇ ਚੋਣ ਨਤੀਜਿਆਂ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ। ਉਨ੍ਹਾਂ ਨੇ ਸੈਕਸ਼ਨ 150 ਦੇ ਤਹਿਤ ਬੀ.ਸੀ. ਚੋਣ ਨਿਯਮ ਅਨੁਸਾਰ ਗੈਰੀ ਬੈਗ ਦੀ ਚੋਣ ਨੂੰ ਅਵੈਧ ਕਰਾਰ ਦੇਣ ਦੀ ਗੁਹਾਰ ਲਗਾਈ।

ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਹੋਣਵੀਰ ਸਿੰਘ ਰੰਧਾਵਾ ਦੀ ਅਦਾਲਤੀ ਅਰਜ਼ੀ ਵਿੱਚ ਕਈ ਮੁੱਦਿਆਂ ਨੂੰ ਉਠਾਇਆ ਗਿਆ ਹੈ, ਜਿਵੇਂ ਕਿ: ਸਰੀ-ਗਿਲਡਫੋਰਡ 'ਚ ਕਿਸ ਕਿਸ ਨੇ ਵੋਟ ਪਾਈ, ਇਸ ਸੰਬੰਧੀ ਜਾਣਕਾਰੀ ਲੈਣ ਵਿੱਚ ਹੋਈ ਦੇਰੀ, ਬਿਨਾਂ ਨਿਵਾਸੀ ਹੋਏ ਲੋਕਾਂ ਵੱਲੋਂ ਵੋਟ ਪਾਉਣ ਦੇ ਦਾਅਵੇ, ਦੋ ਵੱਖ-ਵੱਖ ਨਾਵਾਂ ਨਾਲ ਇੱਕੋ ਵਿਅਕਤੀ ਵੱਲੋਂ ਦੋ ਵਾਰ ਵੋਟ ਪਾਉਣ ਦੇ ਦੋ ਮਾਮਲੇ, ਸਰੀ 'ਚ ਅਰਗਾਈਲ ਲੌਜ (ਮੈਂਟਲ ਹੈਲਥ ਫੈਸਿਲਟੀ) 'ਚ ਵੋਟਿੰਗ ਸੰਬੰਧੀ ਉਲੰਘਣਾ ਹੋਣ ਦੇ ਆਰੋਪ।

ਇਲੈਕਸ਼ਨਜ਼ ਬੀ.ਸੀ. ਨੇ ਕਿਹਾ, "ਅਸੀਂ ਅਦਾਲਤੀ ਨਤੀਜੇ ਦੀ ਉਡੀਕ ਕਰ ਰਹੇ ਹਾਂ। ਜੇਕਰ ਅਦਾਲਤ ਰੰਧਾਵਾ ਦੀ ਪਟੀਸ਼ਨ 'ਤੇ ਕੋਈ ਵਿਸ਼ੇਸ਼ ਹੁਕਮ ਦਿੰਦੀ ਹੈ, ਤਾਂ ਅਸੀਂ ਆਪਣੀ ਜਾਂਚ ਮੁੜ ਸ਼ੁਰੂ ਕਰ ਸਕਦੇ ਹਾਂ।"

ਇਸ ਮਾਮਲੇ ਵਿੱਚ ਉਮੀਦਵਾਰ ਗੈਰੀ ਬੈਗ, ਰਾਣਾ ਮਲ੍ਹੀ (ਜ਼ਿਲ੍ਹਾ ਚੋਣ ਅਧਿਕਾਰੀ), ਕਬੀਰ ਕੁਰਬਾਨ, ਅਤੇ ਮਨਜੀਤ ਸਿੰਘ ਸਹੋਤਾ ਵੀ ਉੱਚ ਅਦਾਲਤ 'ਚ ਪੱਖਕਾਰ ਹਨ। ਇਲੈਕਸ਼ਨਜ਼ ਬੀ.ਸੀ. ਨੇ ਮਾਮਲੇ ਨੂੰ ਅਦਾਲਤ 'ਚ ਪੈਂਡਿੰਗ ਹੋਣ ਕਰਕੇ ਰੋਕ ਦਿੱਤਾ ਹੈ। ਅਦਾਲਤੀ ਕਾਰਵਾਈ ਦੇ ਨਤੀਜੇ ਤੋਂ ਬਾਅਦ ਹੀ ਇਹ ਪਤਾ ਲੱਗੇਗਾ ਕਿ ਕੀ ਸਰੀ-ਗਿਲਡਫੋਰਡ 'ਚ ਚੋਣ ਅਧਿਨਿਯਮ ਦੀ ਉਲੰਘਣਾ ਹੋਈ ਸੀ ਜਾਂ ਨਹੀਂ। This report was written by Divroop Kaur as part of the Local Journalism Initiative.

# ਬੀ.ਸੀ. ਸਰਕਾਰ ਵਲੋਂ ਸਰੀ 'ਚ ਅਗਲੇ 5 ਸਾਲਾ ਦੌਰਾਨ 27 ਹਜ਼ਾਰ ਤੋਂ ਵੱਧ ਘਰ ਬਣਾਉਣ ਦਾ ਟੀਚਾ




**ਸਰੀ, (ਸਿਮਰਨਜੀਤ ਸਿੰਘ):** ਸੂਬਾਈ ਸਰਕਾਰ ਨੇ ਸਰੀ 'ਚ ਅਗਲੇ 5 ਸਾਲਾ ਲਈ ਘਰ ਬਚਾਉਣ ਦੇ ਟੀਚੇ ਤੈਅ ਕਰ ਦਿੱਤੇ ਹਨ, ਜਿਸ ਦੇ ਤਹਿਤ 30 ਜੂਨ 2029 ਤੱਕ 27,256 ਨਵੇਂ ਘਰ ਬਣਨ ਦੀ ਉਮੀਦ ਹੈ।

ਇਸ ਯੋਜਨਾ ਅਧੀਨ, ਸ਼ਹਿਰੀ ਪ੍ਰਸ਼ਾਸਨ ਨੂੰ ਹਰ ਸਾਲ ਗ੍ਰਹਿ ਮੰਤਰੀ ਨੂੰ ਇੱਕ ਰਿਪੋਰਟ ਪੇਸ਼ ਕਰਨੀ ਪਵੇਗੀ, ਜਿਸ ਵਿੱਚ ਉਨ੍ਹਾਂ ਦੀ ਪ੍ਰਗਤੀ ਦਰਸਾਈ ਜਾਵੇਗੀ।

ਸਰੀ 'ਚ ਘਰ ਬਣਾਉਣ ਲਈ 1 ਜੁਲਾਈ 2024 ਤੋਂ 30 ਜੂਨ 2025 ਤੱਕ – 4,233 ਘਰ, 1 ਜੁਲਾਈ 2025 ਤੋਂ 30 ਜੂਨ 2026 ਤੱਕ – 4,639 ਘਰ, 1 ਜੁਲਾਈ 2026 ਤੋਂ 30 ਜੂਨ 2027 ਤੱਕ – 5,248 ਘਰ, 1 ਜੁਲਾਈ 2027 ਤੋਂ 30 ਜੂਨ 2028 ਤੱਕ – 6,060 ਘਰ, 1 ਜੁਲਾਈ 2028 ਤੋਂ 30 ਜੂਨ 2029 ਤੱਕ – 7,076 ਘਰ ਬਣਾਉਣ ਦੇ ਟੀਚੇ ਮਿੱਥੇ ਗਏ ਹਨ।

ਸਰੀ ਦੇ ਪਲੈਨਿੰਗ ਐਂਡ ਡਿਵੈਲਪਮੈਂਟ ਵਿਭਾਗ ਦੇ ਜਨਰਲ ਮੈਨੇਜਰ ਰੌਨ ਗਿੱਲ ਨੇ ਦੱਸਿਆ ਕਿ ਸ਼ਹਿਰ ਵਿੱਚ ਵੱਡੀ ਗਿਣਤੀ ਵਿੱਚ ਘਰ ਬਣ ਰਹੇ ਹਨ ਜਾਂ ਵਿਕਾਸ ਦੀਆਂ ਵੱਖ-ਵੱਖ ਪੜਾਵਾਂ 'ਚ ਹਨ।

ਉਨ੍ਹਾਂ ਮੁਤਾਬਕ 44,300 ਤੋਂ ਵੱਧ ਯੂਨਿਟ ਰੀਜ਼ੋਨਿੰਗ ਦੀ ਸ਼ਰਤਾਂ ਪੂਰੀ ਕਰਨ ਦੀ ਉਡੀਕ 'ਚ ਹਨ ਅਤੇ 13,700 ਤੋਂ ਵੱਧ ਯੂਨਿਟ ਲਈ ਬਿਲਡਿੰਗ ਪਰਮਿਟ ਜਾਰੀ ਹੋ ਚੁੱਕੀਆਂ ਹਨ ਅਤੇ ਉਹ ਵੱਖ-ਵੱਖ ਪੜਾਵਾਂ 'ਚ ਤਿਆਰ ਹੋ ਰਹੇ ਹਨ।

ਰੌਨ ਗਿੱਲ ਨੇ ਇਹ ਵੀ ਕਿਹਾ ਕਿ ਉਹਨਾਂ ਨੇ ਬਿਲਡਿੰਗ ਪਰਮਿਟ ਲਈ ਅਰਜ਼ੀ ਦੇਣੀ ਅਤੇ ਘਰ ਪੂਰੇ ਕਰਨੇ ਹੁੰਦੇ ਹਨ।

ਉਨ੍ਹਾਂ ਆਖਿਆ, "ਸ਼ਹਿਰ ਦੀ ਭੂਮਿਕਾ ਸਿਰਫ਼ ਪਰਮਿਟ ਜਾਰੀ ਕਰਨ ਅਤੇ ਪ੍ਰਕਿਰਿਆ ਨੂੰ ਤੀਵਰ ਬਣਾਉਣ ਦੀ ਹੁੰਦੀ ਹੈ, ਪਰ ਜਦ ਪਰਮਿਟ ਜਾਰੀ ਹੋ ਜਾਂਦੀ ਹੈ, ਤਾਂ ਘਰ ਬਣਾਉਣ ਦਾ ਸਮਾਂ ਆਖ਼ਰੀ ਤੌਰ 'ਤੇ ਸ਼ਹਿਰ ਦੇ ਹੱਥ ਤੋਂ ਬਾਹਰ ਹੁੰਦਾ ਹੈ।" ਸਥਾਨਕ ਅਧਿਕਾਰੀਆਂ ਨੇ ਪਿੱਛਲੇ ਇੱਕ ਸਾਲ ਵਿੱਚ 25 ਤੋਂ ਵੱਧ ਵਿਅਕਤੀਗਤ ਪਰਕਿਰਿਆਵਾਂ 'ਚ ਸੁਧਾਰ ਕੀਤਾ ਤਾਂ ਜੋ ਘਰਾਂ ਦੀ ਮਨਜ਼ੂਰੀ ਤੇਜ਼ੀ ਨਾਲ ਮਿਲ ਸਕੇ।

ਇਨਾਂ ਸੁਧਾਰ 'ਚ ਪ੍ਰਕਿਰਿਆ ਨੂੰ ਤੇਜ਼ ਕਰਨਾ, ਘੱਟ ਸਮੇਂ ਵਿੱਚ ਬਿਲਡਿੰਗ ਪਰਮਿਟ ਜਾਰੀ ਕਰਨਾ ਅਤੇ ਸੁਧਾਰੇ ਹੋਏ ਤਰੀਕਿਆਂ ਦੁਆਰਾ ਕੰਮ ਕਰਨਾ ਸ਼ਾਮਲ ਹਨ।

27 ਜਨਵਰੀ 2025 ਨੂੰ, ਸ਼ਹਿਰੀ ਕੌਂਸਲ ਨੇ ਇੱਕ ਨਵੀਂ ਰਿਪੋਰਟ ਪੇਸ਼ ਕੀਤੀ, ਜਿਸ ਵਿੱਚ ਸ਼ਹਿਰ ਦੇ ਆਵਾਸ ਵਿਕਾਸ ਨੂੰ ਤੇਜ਼ ਕਰਨ ਦੀ ਯੋਜਨਾ ਬਿਆਨ ਕੀਤੀ ਗਈ। ਕੌਂਸਲਰ ਡੌਗ ਐਲਫੋਰਡ ਨੇ ਕਿਹਾ ਕਿ ਸਰੀ ਸ਼ਹਿਰ ਘਰ ਬਣਾਉਣ 'ਚ ਚੰਗਾ ਕੰਮ ਕਰ ਰਿਹਾ ਹੈ, ਪਰ ਮੁੱਖ ਸਮੱਸਿਆ ਇਹ ਹੈ ਕਿ ਕੁਝ ਥਾਵਾਂ 'ਤੇ ਨਵੇਂ ਘਰ ਬਣਾਉਣ 'ਚ ਹੇਰਫੇਰੀ ਹੋ ਰਹੀ ਹੈ।

ਜ਼ਿਕਰਯੋਗ ਹੈ ਕਿ ਸਰੀ ਨੇ ਘਰ ਬਣਾਉਣ ਲਈ ਆਪਣੀ ਯੋਜਨਾ ਤੈਅ ਕਰ ਲਈ ਹੈ, ਪਰ ਅਧਿਕਾਰੀਆਂ ਦੇ ਤਰੀਕਿਆਂ ਅਤੇ ਹੋਰ ਆਰਥਿਕ ਚੁਣੌਤੀਆਂ ਨੂੰ ਵੀ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਹੁਣ ਵੇਖਣਾ ਇਹ ਰਹੇਗਾ ਕਿ 2029 ਤੱਕ ਇਹ ਨਵੇਂ 27,256 ਘਰਾਂ ਦਾ ਨਿਸ਼ਾਨਾ ਪੂਰਾ ਹੋ ਸਕਦਾ ਹੈ ਜਾਂ ਨਹੀਂ। This report was written by Divroop Kaur as part of the Local Journalism Initiative.

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।




BHUPINDER OBEROI
ਸਾਡਾ ਐਡਰੈੱਸ ਨੋਟ ਕਰੋ
Abbotsford #103-2955 Gladwin Rd.
604-864-8803
Surrey (Kwantlen Square)
Unit # 105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
FREE SIGHT TEST

ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ



MONEY BACK LIFE INSURANCE
- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ 604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.

# A TO Z DRIVING SCHOOL

SO EASY



ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ

## AIR BRAKE CLASS

ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ

ਕਲਾਸ ਵਨ ਦਾ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ

ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।

ਵਾਜਬ ਰੇਟ ਅਤੇ ਵਧੀਆ ਸਰਵਿਸ

ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ

ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ

ਲੱਕੀ ਸੇਖੋਂ 604 614 5365



# idea immigration

- Super Visas
- PNPs

iccrc crcic

EXPRESS ENTRY

Canada's Express Entry immigration

## ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ,ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਨੂੰ ਕੈਨੇਡਾ ਬੁਲਾਓ। ਵਰਕ ਪਰਮਿਟ ਤੇ ਫੈਮਲੀ ਵੀ ਨਾਲ ਆ ਸਕਦੀ ਹੈ।
- ਵਿਆਹ ਸ਼ਾਦੀਆਂ ਤੇ ਰਫਿਊਜੀ ਕੇਸਾਂ 'ਚ ਅਪੀਲ
  ਆਪਣੇ ਮਾਤਾ -ਪਿਤਾ ਨੂੰ ਕੈਨੇਡਾ ਵਿੱਚ ਪੱਕੇ ਕਰਵਾਉਣ ਲਈ
- ਕੈਨੇਡਾ ਦੇ ਆਰਜ਼ੀ ਵੱਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
- ਇੰਜੀਨੀਅਰ, ਕੰਪਿਊਟਰ ਪ੍ਰੋਗਰਾਮਰ, ਟਰੱਕ ਡਰਾਇਵਰਾਂ ਦੀ ਜ਼ਰੂਰਤ
- ਕੈਨੇਡਾ ਦੇ ਇੰਮੀਗ੍ਰੇਸ਼ਨ ਮਹਿਕਮੇਂ ਵੱਲੋਂ ਅਰਜ਼ੀਆਂ ਲੈਣੀਆਂ ਸ਼ੁਰੂ
- ਵਿਜ਼ਟਰ ਵੀਜ਼ੇ ਤੇ ਆਏ , ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ



ਹੋਰ ਜਾਣਕਾਰੀ ਲਈ ਸੰਪਰਕ ਕਰੋ:
NAVNEET SHARMA
778-320-0620

Phone :604-597-1119 | Fax:604-593-5099
York Centre#209-7928, 128St. Surrey BC V3W 4E8
info@ideaimmigration.com | www.ideaimmigration.com



Keep Smiling Denture Clinic

# Keep Smiling Denture Clinic

SEMCD CERTIFIED CLINICIAN

- Complete Denture
- Implant Denture
- Partial Denture

## CARE HOME MOBILE SERVICE

ਮੁਫ਼ਤ ਸਲਾਹ ਲਈ ਅੱਜ ਹੀ ਮਿਲੋ

ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ

## ਹੱਡੀ ਘਸੀ ਹੋਈ ਹੈ?

ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।

ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
**If you have received Canadian Dental Care Plan Card. Book appointment**

ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।



Gagan Chahal R.D.
Registered Denturist

Book Your Appointment
778-600-0811
6834 King George Blvd Surrey BC
778-600-0810
2644 Cyril St Abbotsford BC

# ਅਮਰੀਕਾ 'ਚ ਸਰਕਾਰੀ ਸਕੂਲ ਦਾ ਨਾਮ ਜਸਵੰਤ ਸਿੰਘ ਖਾਲੜਾ ਦੇ ਨਾਂ 'ਤੇ ਰੱਖਣ ਦਾ ਫੈਸਲਾ

ਫਰਿਜ਼ਨੋ : ਅਮਰੀਕਾ ਦੇ ਫਰਿਜ਼ਨੋ ਸ਼ਹਿਰ ਵਿਚ ਅਗਲੇ ਸਾਲ ਖੁੱਲ੍ਹਣ ਵਾਲੇ ਸਰਕਾਰੀ ਐਲੀਮੈਂਟਰੀ ਸਕੂਲ ਦਾ ਨਾਂ ਮਰਹੂਮ ਜਸਵੰਤ ਸਿੰਘ ਖਾਲੜਾ ਦੇ ਨਾਂ 'ਤੇ ਰੱਖਿਆ ਜਾਵੇਗਾ। ਇਸ ਫੈਸਲੇ ਦੀ ਪੰਜਾਬੀ ਗਾਇਕ ਦਿਲਜੀਤ ਦੁਸਾਂਝ ਨੇ ਸ਼ਲਾਘਾ ਕੀਤੀ ਹੈ। ਉਹਨਾਂ ਨੇ ਇਸ ਫੈਸਲੇ ਨੂੰ ਇਤਿਹਾਸਕ ਕਰਾਰ ਦਿੱਤਾ ਹੈ।



ਇੱਥੇ ਜ਼ਿਕਰ ਕਰਨਾ ਬਣਦਾ ਹੈ ਕਿ ਸੈਂਟਰਲ ਯੂਨੀਫਾਈਡ ਸਕੂਲ ਡਿਸਟ੍ਰਿਕਟ ਨੇ ਕੈਲੀਫੋਰਨੀਆ ਦੇ ਫਰਿਜ਼ਨੋ ਵਿੱਚ ਆਪਣੇ ਨਵੇਂ ਸਕੂਲ ਦਾ ਨਾਮ ਜਸਵੰਤ ਸਿੰਘ ਖਾਲੜਾ ਐਲੀਮੈਂਟਰੀ ਸਕੂਲ ਰੱਖਿਆ ਹੈ। ਬੋਰਡ ਪ੍ਰਧਾਨ ਨੇ ਕਿਹਾ ਕਿ ਇਹ ਉੱਤਰੀ ਅਮਰੀਕਾ ਦਾ ਪਹਿਲਾ ਪਬਲਿਕ ਸਕੂਲ ਹੈ ਜਿਸਦਾ ਨਾਮ ਸਿੱਖ ਮੂਲ ਦੇ ਕਿਸੇ ਵਿਅਕਤੀ ਦੇ ਨਾਮ 'ਤੇ ਰੱਖਿਆ ਗਿਆ ਹੈ।

ਬੋਰਡ ਨੇ ਫੈਸਲਾ ਕੀਤਾ ਕਿ ਸ਼ੀਲਡਜ਼ ਅਤੇ ਬ੍ਰਾਲੀ ਦੇ ਸਕੂਲ ਦਾ ਨਾਮ ਜਸਵੰਤ ਸਿੰਘ ਖਾਲੜਾ ਐਲੀਮੈਂਟਰੀ ਸਕੂਲ ਰੱਖਿਆ ਜਾਵੇਗਾ। ਛੇ ਬੋਰਡ ਮੈਂਬਰਾਂ ਨੇ ਨਾਮ ਦੇ ਹੱਕ ਵਿੱਚ ਵੋਟ ਦਿੱਤੀ, ਜਦੋਂ ਕਿ ਇੱਕ ਮੈਂਬਰ ਗੈਰਹਾਜ਼ਰ ਰਿਹਾ।

ਪੰਜਾਬ ਦਾ 1980ਵਿਆਂ ਅਤੇ 1990ਵਿਆਂ ਦਾ ਪਹਿਲਾ ਅੱਧ ਖਾੜਕੂ ਲਹਿਰ, ਪੁਲਿਸ ਕਾਰਵਾਈਆਂ ਅਤੇ ਬੇਕਸੂਰ ਲੋਕਾਂ ਦੇ ਘਾਣ ਲਈ ਜਾਣਿਆ ਜਾਂਦਾ ਹੈ। ਇਸ ਦੌਰ ਵਿੱਚ ਜੇ ਦਹਿਸ਼ਤਗਰਦੀ ਦੀਆਂ ਵਾਰਦਾਤਾਂ ਹੋਈਆਂ ਤਾਂ ਪੁਲਿਸ ਤਸ਼ੱਦਦ, ਹਿਰਾਸਤੀ ਮੌਤਾਂ ਅਤੇ ਝੂਠੇ ਪੁਲਿਸ ਮੁਕਾਬਲੇ ਵੀ ਲਗਾਤਾਰ ਚਰਚਾ ਵਿੱਚ ਰਹੇ। ਇਹ ਮਸਲਾ ਮਨੁੱਖੀ ਹੱਕਾਂ ਬਾਰੇ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਹਵਾਲੇ ਨਾਲ ਚਰਚਾ ਵਿੱਚ ਆਇਆ ਜਦੋਂ ਉਨ੍ਹਾਂ ਨੇ ਅੰਮ੍ਰਿਤਸਰ, ਮਜੀਠਾ ਅਤੇ ਤਰਨ ਤਾਰਨ ਦੇ ਤਿੰਨ ਸ਼ਮਸ਼ਾਨ ਘਾਟਾਂ ਵਿੱਚ ਜੂਨ 1984 ਤੋਂ ਦਸੰਬਰ 1994 ਤੱਕ ਕਿਓਟਿਆਂ ਗਈਆਂ ਲਾਸ਼ਾਂ ਦੇ ਵੇਰਵੇ ਨਸ਼ਰ ਕੀਤੇ।

ਉਨ੍ਹਾਂ ਇਹ ਦਾਅਵਾ ਕੀਤਾ ਕਿ ਇਹ ਲਾਵਾਰਿਸ ਲਾਸ਼ਾਂ ਪੁਲਿਸ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਦੀ ਗਵਾਹੀ ਭਰਦੀਆਂ ਹਨ। ਬੋਰਡ ਮੈਂਬਰਾਂ ਨੇ ਜਸਵੰਤ ਸਿੰਘ ਖਾਲੜਾ ਨੂੰ ਸੈਂਟਰਲ ਵੈਲੀ ਵਿੱਚ ਪੰਜਾਬੀ ਭਾਈਚਾਰੇ ਲਈ ਇੱਕ ਆਈਕਨ ਦੱਸਿਆ, ਇਹ ਨੋਟ ਕਰਦੇ ਹੋਏ ਕਿ ਖਾਲੜਾ ਦੀ ਧੀ ਫਰਿਜ਼ਨੋ ਸਟੇਟ ਵਿੱਚ ਪੜ੍ਹਦੀ ਸੀ ਅਤੇ ਉਸਦਾ ਪਰਿਵਾਰ ਇਸ ਖੇਤਰ ਵਿੱਚ ਰਹਿੰਦਾ ਹੈ। 2017 ਵਿੱਚ, ਵਿਕਟੋਰੀਆ ਪਾਰਕ ਦਾ ਨਾਮ ਵੀ ਜਸਵੰਤ ਸਿੰਘ ਖਾਲੜਾ ਪਾਰਕ ਰੱਖਿਆ ਗਿਆ ਸੀ।

# ਟਰੰਪ ਦੇ ਟੈਰਿਫ਼ ਕਾਰਨ ਜਗਮੀਤ ਸਿੰਘ ਨੇ ਕਾਮਿਆਂ ਲਈ ਕੀਤੀ ਸਹਾਇਤਾ ਪੈਕੇਜ ਦੀ ਮੰਗ

**ਸਰੀ, (ਸਿਮਰਨਜੀਤ ਸਿੰਘ):** ਐਨ.ਡੀ.ਪੀ. ਆਗੂ ਜਗਮੀਤ ਸਿੰਘ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਲਿਬਰਲ ਸਰਕਾਰ ਅਤੇ ਹੋਰ ਵਿਰੋਧੀ ਧਿਰਾਂ ਨਾਲ ਮਿਲ ਕੇ ਅਮਰੀਕੀ ਟੈਰਿਫ਼ ਕਾਰਨ ਪ੍ਰਭਾਵਿਤ ਹੋਣ ਵਾਲੇ ਕਾਮਿਆਂ ਲਈ ਸਮਰਥਨ ਯੋਜਨਾ ਉੱਤੇ ਗੱਲਬਾਤ ਕਰ ਸਕਦੇ ਹਨ, ਪਰ ਉਹ ਪਹਿਲੇ ਮੌਕੇ 'ਤੇ ਸਰਕਾਰ ਡਿਗਾਉਣ ਦੇ ਆਪਣੇ ਫੈਸਲੇ 'ਤੇ ਅਜੇ ਵੀ ਕਾਇਮ ਹਨ।



ਜਗਮੀਤ ਸਿੰਘ ਨੇ ਲਿਬਰਲਸ ਨੂੰ ਕਿਹਾ ਕਿ ਉਹ ਵਿਰੋਧੀ ਧਿਰਾਂ ਲਈ ਇੱਕ ਸਮਰਥਨ ਯੋਜਨਾ ਤਿਆਰ ਕਰਕੇ ਪੇਸ਼ ਕਰਨ, ਤਾਂ ਕਿ ਇਸ ਸੰਕਟ ਨੂੰ ਨਿਪਟਾਉਣ ਲਈ ਤੁਰੰਤ ਕਦਮ ਚੁੱਕੇ ਜਾ ਸਕਣ।

ਉਨ੍ਹਾਂ ਇਹ ਵੀ ਮੰਗ ਕੀਤੀ ਕਿ ਸੰਸਦ, ਜੋ ਕਿ ਮਾਰਚ 24 ਤੱਕ ਮੁਲਤਵੀ ਕੀਤੀ ਗਈ ਹੈ, ਉਸਨੂੰ ਤੁਰੰਤ ਬੁਲਾ ਕੇ ਉਨ੍ਹਾਂ ਦੀ ਯੋਜਨਾ 'ਤੇ ਕਾਨੂੰਨ ਲਿਆਂਦਾ ਜਾਵੇ।

ਜਗਮੀਤ ਸਿੰਘ ਨੇ ਕੋਵਿਡ-19 ਮਹਾਂਮਾਰੀ ਦਾ ਹਵਾਲਾ ਦਿੰਦਿਆਂ ਕਿਹਾ ਕਿ, "ਜਿਵੇਂ ਸੰਸਦ ਨੇ ਤੁਰੰਤ ਬੈਠਕਾਂ ਬੁਲਾ ਕੇ ਆਰਥਿਕ ਮਦਦ ਅਤੇ ਹੋਰ ਸਹਾਇਤਾ ਪ੍ਰੋਗਰਾਮ ਪਾਸ ਕੀਤੇ ਸਨ, ਠੀਕ ਉਵੇਂ ਹੀ ਹੁਣ ਵੀ ਕਰਨਾ ਚਾਹੀਦਾ ਹੈ।"

ਪਰ, ਉਨ੍ਹਾਂ ਨੇ ਇਹ ਵੀ ਸਾਫ਼ ਕਰ ਦਿੱਤਾ ਕਿ ਲਿਬਰਲ ਸਰਕਾਰ ਨੇ ਅਜੇ ਤੱਕ ਕੋਈ ਵਿਸ਼ੇਸ਼ ਯੋਜਨਾ ਪੇਸ਼ ਨਹੀਂ ਕੀਤੀ।

ਜਗਮੀਤ ਸਿੰਘ ਨੇ ਬੀ.ਸੀ. ਦੇ ਬਰਨਾਬੀ ਵਿੱਚ ਪੱਤਰਕਾਰਾਂ ਨੂੰ ਦੱਸਿਆ। "ਮੈਂ ਆਪਣੇ ਬਿਆਨ 'ਤੇ ਕਾਇਮ ਹਾਂ ਕਿ ਮੈਂ ਸਰਕਾਰ ਖ਼ਿਲਾਫ਼ ਸਭ ਤੋਂ ਪਹਿਲੇ ਮੌਕੇ 'ਤੇ ਵੋਟ ਪਾਵਾਂਗਾ, ਜੇਕਰ ਲਿਬਰਲਸ ਮਜ਼ਦੂਰਾਂ ਲਈ ਵਾਸਤਵ ਵਿੱਚ ਕੋਈ ਸਮਰਥਨ ਲਿਆਉਣ 'ਚ ਗੰਭੀਰ ਹਨ, ਤਾਂ ਉਹ ਵਿਰੋਧੀ ਆਗੂਆਂ ਨੂੰ ਇੱਕਜੁੱਟ ਕਰਕੇ ਇੱਕ ਯੋਜਨਾ ਪੇਸ਼ ਕਰਨ। ਅਜੇ ਤੱਕ ਉਨ੍ਹਾਂ ਨੇ ਅਜਿਹਾ ਕੁਝ ਨਹੀਂ ਕੀਤਾ।"

ਜ਼ਿਕਰਯੋਗ ਹੈ ਕਿ ਅਮਰੀਕੀ ਵ੍ਹਾਈਟ ਹਾਊਸ ਨੇ ਮੰਗਲਵਾਰ ਨੂੰ ਪੁਸ਼ਟੀ ਕੀਤੀ ਕਿ ਰਾਸ਼ਟਰਪਤੀ ਡੋਨਾਲਡ ਟਰੰਪ 1 ਫਰਵਰੀ ਤੋਂ ਕੈਨੇਡਾ ਅਤੇ ਮੈਕਸੀਕੋ ਦੀਆਂ ਸਾਰੀਆਂ ਵਸਤੂਆਂ 'ਤੇ 25% ਟੈਰਿਫ਼ ਲਗਾਉਣ ਦਾ ਇਰਾਦਾ ਰੱਖਦੇ ਹਨ।

ਇਸ ਤਰੀਕ ਤੋਂ ਪਹਿਲਾਂ, ਕੈਨੇਡਾ ਦੀ ਫੈਡਰਲ ਸਰਕਾਰ ਇੱਕ ਰਾਹਤ ਪੈਕੇਜ ਤਿਆਰ ਕਰਨ 'ਤੇ ਵੀ ਵਿਚਾਰ ਕਰ ਰਹੀ ਹੈ, ਜੋ ਕਿ ਉਨ੍ਹਾਂ ਉਦਯੋਗਾਂ ਅਤੇ ਕਾਰੋਬਾਰਾਂ ਦੀ ਸਹਾਇਤਾ ਕਰੇਗਾ ਜੋ ਟਰੰਪ ਦੇ ਟੈਰਿਫ਼ ਕਾਰਨ ਪ੍ਰਭਾਵਿਤ ਹੋਣਗੇ। ਕਈ ਸੂਬਿਆਂ ਦੇ ਮੁੱਖ ਮੰਤਰੀ ਵੀ ਅਜਿਹੀ ਸਹਾਇਤਾ ਸਕੀਮ 'ਤੇ ਗੱਲ ਕਰ ਰਹੇ ਹਨ, ਜੋ ਕੋਵਿਡ-19 ਦੌਰਾਨ ਦਿੱਤੇ ਗਏ ਆਰਥਿਕ ਸਮਰਥਨ ਦੀ ਤਰ੍ਹਾਂ ਹੋ ਸਕਦੀ ਹੈ। This report was written by Divroop Kaur as part of the Local Journalism Initiative.

# ਬੈਂਕ ਆਫ਼ ਕੈਨੇਡਾ ਵਲੋਂ ਵਿਆਜ਼ ਦਰਾਂ 'ਚ ਛੇਵੀਂ ਵਾਰ ਕਟੌਤੀ, 0.25% ਘਟਾਈ ਵਿਆਜ਼ ਦਰ

**ਸਰੀ, (ਸਿਮਰਨਜੀਤ ਸਿੰਘ):** ਬੈਂਕ ਆਫ਼ ਕੈਨੇਡਾ ਨੇ ਬੁੱਧਵਾਰ ਨੂੰ ਲਗਾਤਾਰ ਛੇਵੀਂ ਵਾਰ ਵਿਆਜ਼ ਦਰਾਂ 'ਚ ਕਟੌਤੀ ਕੀਤੀ, ਪਰ ਇਸ ਵਾਰ ਇਹ ਕਟੌਤੀ ਪਹਿਲਾਂ ਕੀਤੀਆਂ ਕਟੌਤੀਆਂ ਦੀ ਤੁਲਨਾ ਵਿੱਚ ਘੱਟ ਰੱਖੀ ਗਈ। ਉਧਰ ਅਮਰੀਕਾ ਵਲੋਂ ਕਨੇਡਾ ਦੀਆਂ ਨਿਰਯਾਤ ਉੱਤੇ ਟੈਰੀਫ਼ ਲਗਾਉਣ ਦੀ ਸੰਭਾਵਨਾ ਕਾਰਨ, ਕਨੇਡਾ ਦੀ ਅਰਥਵਿਵਸਥਾ ਲਈ ਆਉਣ ਵਾਲੇ ਦਿਨ ਕਠਿਨ ਹੋ ਸਕਦੇ ਹਨ, ਜਿਸ ਦੀ ਚਿੰਤਾ ਬੈਂਕ ਆਫ਼ ਕੈਨੇਡਾ ਨੇ ਵੀ ਜਤਾਈ ਹੈ।




ਬੈਂਕ ਆਫ਼ ਕੈਨੇਡਾ ਨੇ ਇਸ ਵਾਰ ਵਿਆਜ਼ ਦਰ 'ਚ 25 ਬੇਸਿਸ ਪੁਆਇੰਟ ਦੀ ਕਟੌਤੀ ਕਰਕੇ ਇਸ ਨੂੰ 3.0% 'ਤੇ ਲਿਆ ਦਿੱਤਾ। ਜਿਸ ਦੀ ਉਮੀਦ ਆਰਥਿਕ ਮਾਹਿਰਾਂ ਵਲੋਂ ਪਹਿਲਾਂ ਹੀ ਕੀਤੀ ਜਾ ਰਹੀ ਸੀ।

ਇਹ ਚੌਥਾਈ ਫ਼ੀਸਦੀ (0.25%) ਦੀ ਕਟੌਤੀ ਪਿਛਲੀਆਂ ਦੋ ਵਾਰਾਂ ਦੀ ਤੁਲਨਾ ਵਿੱਚ ਮਾਮੂਲੀ ਜਿਹੀ ਹੀ ਹੈ, ਜਦੋਂ ਕਿ ਇਸ ਤੋਂ ਪਹਿਲਾਂ ਬੈਂਕ ਨੇ 50 ਬੇਸਿਸ ਪੁਆਇੰਟ (0.50%) ਦੀ ਵੱਡੀ ਕਟੌਤੀ ਕੀਤੀ ਸੀ।

ਬੈਂਕ ਆਫ਼ ਕੈਨੇਡਾ ਵਲੋਂ ਅਗਲੀ ਵਿਆਜ਼ ਦਰ ਨੀਤੀ ਦੀ ਦਿਸ਼ਾ ਬਾਰੇ ਕੋਈ ਸਪਸ਼ਟ ਸੰਕੇਤ ਨਹੀਂ ਦਿੱਤੇ ਗਏ, ਪਰ ਅਮਰੀਕਾ ਵਲੋਂ ਨਵੇਂ ਟੈਕਸ ਲਾਗੂ ਕਰਨ ਦੀ ਸੰਭਾਵਨਾ ਨੇ ਚਿੰਤਾ ਵਧਾ ਦਿੱਤੀ ਹੈ।

ਬੈਂਕ ਆਫ਼ ਕੈਨੇਡਾ ਦੇ ਗਵਰਨਰ ਟਿਫ਼ ਮੈਕਲਮ ਨੇ ਕਿਹਾ, " ਕੈਨੇਡਾ ਦੀ ਨਿਰਯਾਤ ਉੱਤੇ ਅਮਰੀਕਾ ਵਲੋਂ ਨਵੇਂ ਟੈਕਸ ਲਗਾਉਣ ਦੀ ਸੰਭਾਵਨਾ ਇੱਕ ਵੱਡੀ ਅਣਸ਼ਚਿਤਤਾ ਹੈ। ਇਹ ਕੈਨੇਡਾ ਦੀ ਅਰਥਵਿਵਸਥਾ ਲਈ ਬਹੁਤ ਪਰੇਸ਼ਾਨੀ ਪੈਦਾ ਕਰ ਸਕਦੀ ਹੈ।"

ਉਨ੍ਹਾਂ ਅੱਗੇ ਕਿਹਾ ਕਿ, "ਜੇਕਰ ਵਿਆਪਕ ਅਤੇ ਮਹੱਤਵਪੂਰਨ ਟੈਕਸ ਲਾਗੂ ਕੀਤੇ ਗਏ, ਤਾਂ ਕੈਨੇਡਾ ਦੀ ਆਰਥਿਕ ਮਜ਼ਬੂਤੀ ਦੀ ਪਰੀਖਿਆ ਹੋਵੇਗੀ।" ਮੈਕਲਮ ਨੇ ਦੱਸਿਆ ਕਿ, "ਇਹ ਅਜੇ ਸਪਸ਼ਟ ਨਹੀਂ ਕਿ ਅਮਰੀਕਾ ਕਿੰਨੇ ਉੱਚੇ ਟੈਕਸ ਲਗਾਵੇਗਾ, ਉਹ ਕਿਸ ਉਤਪਾਦਾਂ 'ਤੇ ਹੋਣਗੇ ਅਤੇ ਇਹ ਟੈਕਸ ਕਿੰਨੇ ਸਮੇਂ ਤਕ ਲਾਗੂ ਰਹਿਣਗੇ।

ਮੈਕਲਮ ਨੇ ਕਿਹਾ "ਪਰ ਕੁਝ ਗੱਲਾਂ ਪੱਕੀਆਂ ਹਨ, "ਜੇਕਰ ਇਹ ਲੰਮਾ ਚੱਲਿਆ ਅਤੇ ਵਿਆਪਕ ਰਿਹਾ, ਤਾਂ ਇਹ ਕੈਨੇਡਾ ਦੀ ਆਰਥਿਕ ਗਤੀਵਿਧੀਆਂ ਲਈ ਵੱਡਾ ਨੁਕਸਾਨ ਕਰ ਸਕਦਾ ਹੈ। ਇਸ ਦੇ ਨਾਲ, ਵਿਦੇਸ਼ੀ ਉਤਪਾਦਾਂ ਦੀ ਕੀਮਤ ਵਧਣ ਨਾਲ ਮਹਿੰਗਾਈ ਉੱਤੇ ਵੀ ਦਬਾਅ ਪਵੇਗਾ।" ਬੈਂਕ ਆਫ਼ ਕੈਨੇਡਾ ਵਲੋਂ ਲਏ ਫੈਸਲਿਆਂ ਨਾਲ ਹੀ ਦਸੰਬਰ 2024 ਤੱਕ, ਸਾਲਾਨਾ ਮਹਿੰਗਾਈ ਦਰ 1.8% 'ਤੇ ਆ ਗਈ, ਜੋ ਕਿ ਬੈਂਕ ਦੇ 2% ਦੇ ਟੀਚੇ ਦੇ ਨੇੜੇ ਹੀ ਹੈ। ਪਰ, ਅੰਦਰੂਨੀ ਅੰਕੜੇ ਦੱਸ ਰਹੇ ਹਨ ਕਿ ਕੁਝ ਖੇਤਰਾਂ 'ਚ ਮਹਿੰਗਾਈ ਅਜੇ ਵੀ ਜਾਰੀ ਹੈ, ਜਿਸ ਕਾਰਨ ਬੈਂਕ ਨੇ ਹੌਲੀ-ਹੌਲੀ ਹੀ ਵਿਆਜ ਦਰਾਂ 'ਚ ਕਟੌਤੀ ਕਰਨ ਦਾ ਫੈਸਲਾ ਲਿਆ ਹੈ। This report was written by Divroop Kaur as part of the Local Journalism Initiative.

ਘਰਾਂ, ਕਮਰਸ਼ੀਅਲ ਜਾਂ ਨਵੇਂ ਬਣ ਰਹੇ ਘਰਾਂ ਦੀ ਸਫਾਈ ਲਈ ਅਤੇ ਕਿਸੇ ਵੀ ਤਰ੍ਹਾਂ ਦਾ ਗਾਰਬੇਜ਼ ਚੁੱਕਵਾਉਣ ਲਈ ਸਾਨੂੰ ਅੱਜ ਹੀ ਫੋਨ ਕਰੋ

604-512-5001

We Provide a reliable and Flexible Workforce,

Ready to meet your labor needs anywhere, Ensuring efficient and timely support across various Locations.

» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning

JASVINDER SINGH

CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

# ਤਿੱਖੇ ਵਿਰੋਧ ਤੋਂ ਬਾਅਦ ਸਰੀ ਦੀ ਮੇਅਰ ਨੇ ਤਨਖ਼ਾਹਾਂ 'ਚ 8% ਵਾਧੇ ਸਬੰਧੀ ਮੁੜ ਸਮੀਖਿਆ ਦੇ ਦਿੱਤੇ ਨਿਰਦੇਸ਼

**ਸਰੀ, (ਸਿਮਰਨਜੀਤ ਸਿੰਘ):** ਸਰੀ ਦੀ ਮੇਅਰ ਬਰੈਂਡਾ ਲੌਕ ਨੇ ਕੌਂਸਲ ਦੀ ਤਨਖ਼ਾਹ ਵਿੱਚ 8% ਵਾਧਾ ਕਰਨ ਦੀ ਸਿਫ਼ਾਰਸ਼ 'ਤੇ ਹੋ ਰਹੀ ਤਿੱਖੀ ਆਲੋਚਨਾ ਤੋਂ ਖੁਦ ਨੂੰ ਬਚਾਉਣ ਲਈ ਸ਼ਹਿਰੀ ਅਧਿਕਾਰੀਆਂ ਨੂੰ ਨੀਤੀ ਦੀ ਮੁੜ ਸਮੀਖਿਆ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਹ ਵਾਧਾਂ ਨਵੇਂ ਸਾਲ ਦੀ ਸ਼ੁਰੂਆਤ ਤੋਂ ਲਾਗੂ ਹੋਣ ਵਾਲਾ ਸੀ, ਪਰ ਹੁਣ ਅਧਿਕਾਰੀਆਂ ਨੂੰ ਮੁੜ ਸਮੀਖਿਆ ਕਰਨ ਦੇ ਨਿਰਦੇਸ਼ ਦਿੱਤੇ ਹਨ।

ਜ਼ਿਕਰਯੋਗ ਹੈ ਕਿ 16 ਦਸੰਬਰ 2024 ਨੂੰ, ਸ਼ਹਿਰੀ ਕਰਮਚਾਰੀਆਂ ਦੀ ਤਿਆਰ ਕੀਤੀ ਇੱਕ ਰਿਪੋਰਟ ਕੌਂਸਲ ਦੀ ਮੀਟਿੰਗ 'ਚ ਪੇਸ਼ ਹੋਈ, ਜਿਸ ਵਿੱਚ ਕੌਂਸਲਰਾਂ ਦੀ ਤਨਖ਼ਾਹ 8% ਵਧਾਉਣ ਦੀ ਸਿਫ਼ਾਰਸ਼ ਕੀਤੀ ਗਈ ਸੀ।

ਪਰ ਉਸ ਦਿਨ ਮੇਅਰ ਬਰੈਂਡਾ ਲੌਕ ਉਥੇ ਮੌਜੂਦ ਨਹੀਂ ਸਨ, ਕਿਉਂਕਿ ਉਹ ਔਟਵਾ 'ਚ ਸ਼ਹਿਰ ਦੀ ਨੁਮਾਇੰਦਗੀ ਲਈ ਗਏ ਹੋਏ ਸਨ। ਕੌਂਸਲਰ ਹੈਰੀ ਬੈਂਸ ਨੇ ਉਸ ਮੀਟਿੰਗ ਦੀ ਅਗਵਾਈ ਕੀਤੀ, ਅਤੇ ਉਹਨਾਂ ਨੇ ਇਸ ਮੁੱਦੇ ਨੂੰ 13 ਜਨਵਰੀ 2025 ਤਕ ਮੁਲਤਵੀ ਕਰ ਦਿੱਤਾ, ਤਾਂ ਜੋ ਸਭ ਕੌਂਸਲ ਮੈਂਬਰ ਹਾਜ਼ਰ ਹੋਣ 'ਤੇ ਇਸ 'ਤੇ ਵੋਟ ਪਾਈ ਜਾਵੇ।

ਜੇਕਰ ਵੋਟਿੰਗ ਹੋ ਜਾਂਦੀ, ਤਾਂ ਮੇਅਰ ਲੌਕ ਦੀ ਤਨਖ਼ਾਹ $171,150 ਤੋਂ $184,899 ਹੋ ਜਾਂਦੀ, ਜਿਸ ਵਿੱਚ $13,749 ਦਾ ਵਾਧਾ ਹੁੰਦਾ, ਅਤੇ ਕੌਂਸਲ ਮੈਂਬਰਾਂ ਦੀ ਤਨਖ਼ਾਹ $87,287 ਤੋਂ $94,298 ਹੋ ਜਾਂਦੀ, ਜਿਸ ਵਿੱਚ $7,011 ਦਾ ਵਾਧਾ ਸ਼ਾਮਲ ਹੁੰਦਾ।

ਸਰੀ ਫ਼ਸਟ ਪਾਰਟੀ ਦੇ ਕੌਂਸਲਰ ਲਿੰਡਾ ਐਨੀਸ ਅਤੇ ਮਾਈਕ ਬੋਸੇ ਨੇ ਉਸ ਦਿਨ ਹੀ ਇੱਕ ਪ੍ਰੈਸ ਰਿਲੀਜ਼ ਜਾਰੀ ਕਰਕੇ ਇਸ ਵਾਧੇ ਦਾ ਵਿਰੋਧ ਕੀਤਾ ਸੀ। ਉਹਨਾਂ ਨੇ ਕਿਹਾ, "ਜਦ ਸ਼ਹਿਰ ਵਾਸੀ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਹਨ, ਤਾਂ ਆਪਣੇ ਲਈ ਤਨਖ਼ਾਹ ਵਧਾਉਣਾ ਗਲਤ ਹੋਵੇਗਾ।"

ਉਧਰ 13 ਜਨਵਰੀ ਦੀ ਮੀਟਿੰਗ ਆਈ ਅਤੇ ਗੁਜ਼ਰ ਗਈ, ਪਰ ਇਸ




ਮੁੱਦੇ 'ਤੇ ਕੋਈ ਚਰਚਾ ਨਹੀਂ ਹੋਈ। 27 ਜਨਵਰੀ ਨੂੰ ਮੇਅਰ ਲੌਕ ਨੇ ਅਧਿਕਾਰੀਆਂ ਨੂੰ ਨੀਤੀ ਦੀ ਮੁੜ ਸਮੀਖਿਆ ਕਰਨ ਦੀ ਹਦਾਇਤ ਦਿੱਤੀ ਅਤੇ ਕਿਹਾ ਕਿ ਇਹ ਮੁੱਦਾ 2025 ਦੀ ਪਹਿਲੀ ਤਿਮਾਹੀ ਵਿੱਚ ਮੁੜ ਲਿਆਂਦਾ ਜਾਵੇ।

ਉਨ੍ਹਾਂ ਨੇ ਕਿਹਾ, "ਕੌਂਸਲ ਦੀ ਤਨਖ਼ਾਹ 'ਤੇ ਚਰਚਾ ਆਮ ਤੌਰ 'ਤੇ ਸੰਵੇਦਨਸ਼ੀਲ ਰਹਿੰਦੀ ਹੈ, ਖਾਸ ਕਰਕੇ ਆਉਣ ਵਾਲੀ ਮੁਸ਼ਕਲ ਆਰਥਿਕੀ ਹਾਲਤ ਨੂੰ ਦੇਖਦੇ ਹੋਏ।"

ਉਨ੍ਹਾਂ ਨੇ ਇਹ ਵੀ ਸਾਫ਼ ਕੀਤਾ ਕਿ "ਇਹ ਤਨਖ਼ਾਹ ਵਾਧਾ ਮੇਰੀ ਜਾਂ ਕਿਸੇ ਹੋਰ ਕੌਂਸਲ ਮੈਂਬਰ ਦੀ ਸ਼ਖ਼ਸੀ ਮੰਗ ਨਹੀਂ ਸੀ। ਇਹ 2017 ਵਿੱਚ ਬਣਾਈ ਨੀਤੀ (Counicl Poilcy D-36) ਦੇ ਤਹਿਤ ਹੈ, ਜਿਸ ਵਿੱਚ ਹਰ 4 ਸਾਲ ਬਾਅਦ ਕੌਂਸਲ ਦੀ ਤਨਖ਼ਾਹ ਦਾ ਮੁਲਾਂਕਣ ਕੀਤਾ ਜਾਂਦਾ ਹੈ।"

ਮੇਅਰ ਲੌਕ ਨੇ ਸ਼ਹਿਰੀ ਅਧਿਕਾਰੀਆਂ ਨੂੰ ਕਿਹਾ ਕਿ ਇਸ ਨੀਤੀ ਨੂੰ ਪੂਰੀ ਤਰ੍ਹਾਂ ਸਮੀਖਿਆ ਕੀਤੀ ਜਾਵੇ।

ਨੀਤੀ ਮੁਤਾਬਕ, ਸ਼ਹਿਰੀ ਅਧਿਕਾਰੀਆਂ ਅਤੇ ਇੱਕ ਬਾਹਰੀ ਸਲਾਹਕਾਰ ਨੇ 12 ਵੱਡੇ ਸ਼ਹਿਰਾਂ ਦੀ ਤਨਖ਼ਾਹ ਨੀਤੀ ਦਾ ਵਿਸ਼ਲੇਸ਼ਣ ਕੀਤਾ।

ਇਸ ਵਿੱਚ ਓਨਟਾਰੀਓ: ਬ੍ਰੈਂਪਟਨ, ਓਟਾਵਾ, ਟੋਰਾਂਟੋ, ਮਿਸੀਸਾਗਾ, ਕੈਲਗਰੀ, ਐਡਮੰਟਨ, ਵੈਨਕੂਵਰ, ਵਿਕਟੋਰੀਆ, ਵਿੰਨੀਪੈਗ, ਬਰਨਾਬੀ, ਕੋਕੁਟਲਾਮ, ਰਿਚਮੰਡ ਸ਼ਹਿਰ ਸ਼ਾਮਲ ਹਨ, 'ਚ 2021 ਵਿੱਚ ਵੀ ਵਾਧਾ ਕੀਤਾ ਗਿਆ ਸੀ। ਮਿਸੀਸਾਗਾ ਅਤੇ ਟੋਰਾਂਟੋ ਨੇ ਇਸ ਸਰਵੇਖਣ 'ਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ, ਪਰ ਉਨ੍ਹਾਂ ਦੀ ਤਨਖ਼ਾਹ ਸੰਬੰਧੀ ਜਾਣਕਾਰੀ ਸਰਕਾਰੀ ਰਿਕਾਰਡ ਤੋਂ ਲੈ ਲਈ ਗਈ।

ਹਰ 4 ਸਾਲ ਬਾਅਦ ਹੋਣ ਵਾਲੀ ਇਸ ਸਮੀਖਿਆ ਆਖਰੀ ਵਾਰ 2021 ਵਿੱਚ ਕੀਤੀ ਗਈ ਸੀ, ਜਿਸ 'ਚ ਮੇਅਰ ਦੀ ਤਨਖ਼ਾਹ $150,576 ਤੋਂ $156,800 ਹੋਈ ਸੀ। ਕੌਂਸਲ ਮੈਂਬਰਾਂ ਦੀ ਤਨਖ਼ਾਹ $76,795 ਤੋਂ $78,139 ਹੋਈ ਸੀ। ਹੁਣ ਉਹ $171,150 ਅਤੇ $87,287 'ਤੇ ਪਹੁੰਚ ਚੁੱਕੀਆਂ ਹਨ।

ਸਰੀ ਦੀ ਮੇਅਰ ਬਰੈਂਡਾ ਲੌਕ ਨੇ ਕਿਹਾ ਕਿ "ਇਹ ਤਨਖ਼ਾਹ ਵਾਧੂ ਕਿਸੇ ਇਕਲੌਤੇ ਵਿਅਕਤੀ ਦੇ ਫ਼ੈਸਲੇ ਨਾਲ ਨਹੀਂ, ਸਗੋਂ ਇੱਕ ਨਿਯਮਤ ਨੀਤੀ ਅਨੁਸਾਰ ਲਿਆ ਗਿਆ ਸੀ।" ਹੁਣ ਦੇਖਣਾ ਇਹ ਰਹੇਗਾ ਕਿ 2025 ਦੀ ਪਹਿਲੀ ਤਿਮਾਹੀ ਵਿੱਚ ਅਧਿਕਾਰੀ ਇਸ ਮੁੱਦੇ 'ਤੇ ਕੀ ਨਤੀਜਾ ਕੱਢਦੇ ਹਨ।

This report was written by Divroop Kaur as part of the Local Journalism Initiative.

# ਬੀ.ਸੀ. ਵਿੱਚ ਬਰਫ਼ਬਾਰੀ ਅਤੇ ਸਰਦ ਹਵਾਵਾਂ ਦੀ ਦੀ ਚੇਤਾਵਨੀ ਜਾਰੀ

**ਸਰੀ, (ਸਿਮਰਨਜੀਤ ਸਿੰਘ):** ਬੀ.ਸੀ. ਵਿਚ ਅਗਲੇ ਕੁਝ ਦਿਨਾਂ ਦੌਰਾਨ ਕੜਾਕੇ ਦੀ ਠੰਡ ਪੈਣ ਸਬੰਧੀ ਚੇਤਾਵਨੀ ਜਾਰੀ ਕੀਤੀ ਗਈ ਹੈ। ਜਦੋਂ ਕਿ ਵੱਖ-ਵੱਖ ਇਲਾਕਿਆਂ ਵਿੱਚ ਬਰਫਬਾਰੀ ਅਤੇ ਸਰਦ ਹਵਾਵਾਂ ਦੀ ਚੇਤਾਵਨੀ ਵੀ ਜਾਰੀ ਕੀਤੀ ਗਈ ਹੈ। ਇੰਵਾਇਰੋਨਮੈਂਟ ਕੈਨੇਡਾ ਨੇ ਵੈਨਕੂਵਰ ਆਇਲੈਂਡ ਅਤੇ ਲੋਅਰ ਮੇਨਲੈਂਡ, ਮੈਟਰੋ ਵੈਨਕੂਵਰ ਲਈ ਮੌਸਮ ਬਾਰੇ ਖਾਸ ਚੇਤਾਵਨੀ ਜਾਰੀ ਕੀਤੀ ਹੈ ।

ਮੌਸਮ ਵਿਭਾਗ ਦੇ ਮਾਹਿਰ ਮਾਰਕ ਮੈਡਰੀਗਾ ਨੇ ਕਿਹਾ, "ਇੱਕ ਪੈਸੀਫਿਕ ਕੋਲਡ ਫਰੰਟ ਮਜ਼ਬੂਤ ਹੋਏਗਾ ਅਤੇ ਵੀਕੈਂਡ ਤੋਂ ਪਹਿਲਾਂ ਬਰਫਬਾਰੀ ਸ਼ੁਰੂ ਹੋ ਸਕਦੀ ਹੈ।

ਉਨ੍ਹਾਂ ਨੇ ਵੀ ਕਿਹਾ ਕਿ ਇਹ ਠੰਡ ਨਾਲ ਹਵਾਈ ਖੇਤਰਾਂ ਨੂੰ ਹਵਾਈ ਆਵਾਜਾਈ ਵੀ ਪ੍ਰਭਾਵਿਤ ਹੋ ਸਕਦੀ ਹੈ ਅਤੇ ਬੀ.ਸੀ. ਦੇ ਬਹੁਤ ਸਾਰੇ ਇਲਾਕਿਆਂ ਵਿੱਚ ਤਾਪਮਾਨ ਥੱਲੇ ਡਿੱਗੇਗਾ।

"ਉਮੀਦ ਹੈ ਕਿ ਬੇਹੱਦ ਠੰਡੀ ਆਰਟਿਕ ਹਵਾ ਇਸ ਅਬਵਾਸੀ ਖੇਤਰ ਨੂੰ ਸ਼ਨੀਵਾਰ ਦੇ ਦੌਰਾਨ ਘੇਰੇਗੀ ਅਤੇ ਜਿੱਥੇ ਵੀ ਠੰਡੀ ਹਵਾਵਾਂ ਹੁੰਦੀਆਂ ਹਨ, ਉਥੇ ਤਾਪਮਾਨ ਨੂੰ ਵਧੇਰੇ ਖ਼ਤਰਾ ਹੋ ਸਕਦਾ ਹੈ ਅਤੇ ਸਾਰੇ ਇਲਾਕਿਆਂ 'ਚ ਬਰਫ਼ਵਾਰੀ ਦੀ ਸੰਭਾਵਨਾ ਬਣੀ ਹੋਈ ਹੈ। This report was written by Divroop Kaur as part of the Local Journalism Initiative.




Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170


# ਸਰੀ ਕੌਂਸਲ ਨੇ ਡਿਵੈਲਪਮੈਂਟ ਦੇ ਮੌਕੇ ਵਧਾਉਣ ਲਈ ਜ਼ਮਾਨਤੀ ਬੌਂਡ (ਸਿਓਰਟੀ ਬੌਂਡ) ਪਾਇਲਟ ਪ੍ਰੋਗਰਾਮ ਦੇ ਵਾਧੇ ਨੂੰ ਮਨਜ਼ੂਰੀ ਦਿੱਤੀ

**ਵੈਨਕੂਵਰ, (ਦਿਵਰੂਪ ਕੌਰ):** ਬੀਤੇ ਦਿਨੀਂ ਹੋਈ ਰੈਗੂਲਰ ਕੌਂਸਲ ਮੀਟਿੰਗ ਦੌਰਾਨ, ਸਰੀ ਸਿਟੀ ਕੌਂਸਲ ਨੇ ਜ਼ਮਾਨਤੀ ਬੌਂਡ (ਸਿਓਰਟੀ ਬੌਂਡ) ਪਾਇਲਟ ਪ੍ਰੋਗਰਾਮ ਦੇ ਵਿਸਥਾਰ ਨੂੰ ਮਨਜ਼ੂਰੀ ਦਿੱਤੀ ਹੈ। ਇਸ ਨਾਲ ਯੋਗ ਡਿਵੈਲਪਮੈਂਟ ਪ੍ਰੋਜੈਕਟਾਂ ਦੀ ਗਿਣਤੀ 30 ਤੋਂ ਵਧਾ ਕੇ 50 ਕਰ ਦਿੱਤੀ ਗਈ ਹੈ। ਇਹ ਮਹੱਤਵਪੂਰਨ ਫ਼ੈਸਲਾ ਸ਼ਹਿਰ ਦੇ ਆਰਥਿਕ ਵਿਕਾਸ ਦੀ ਸਥਿਰਤਾ ਨੂੰ ਉਤਸ਼ਾਹਿਤ ਕਰਨ ਲਈ ਕੀਤਾ ਗਿਆ ਹੈ, ਜਿਸ ਨਾਲ ਡਿਵੈਲਪਰਾਂ ਨੂੰ ਆਪਣੇ ਪ੍ਰੋਜੈਕਟਾਂ ਦੀ ਵਿੱਤੀ ਯੋਜਨਾ ਬਣਾਉਣ ਵਿੱਚ ਆਸਾਨੀ ਹੋਵੇਗੀ ।




ਮੇਅਰ ਬ੍ਰੈਂਡਾ ਲੌਕ ਨੇ ਕਿਹਾ, "ਸਿਓਰਟੀ ਬੌਂਡ ਪਾਇਲਟ ਪ੍ਰੋਗਰਾਮ ਵਿੱਚ ਵਾਧਾ ਸਾਡੇ ਸ਼ਹਿਰ ਦੇ ਵਿਕਾਸ ਲਈ ਅਹਿਮ ਉਪਰਾਲਾ ਹੈ"। "ਇਸ ਨਾਲ ਅਸੀਂ ਸਿਰਫ਼ ਡਿਵੈਲਪਰਾਂ ਨੂੰ ਆਪਣੇ ਪ੍ਰੋਜੈਕਟਾਂ ਨੂੰ ਅੱਗੇ ਵਧਾਉਣ ਲਈ ਵਧੇਰੇ ਸਰੋਤ ਹੀ ਉਪਲਬਧ ਨਹੀਂ ਕਰਵਾ ਰਹੇ, ਬਲਕਿ ਤੇਜ਼ੀ ਨਾਲ ਵੱਧ ਰਹੇ ਸਾਡੇ ਸ਼ਹਿਰ ਲਈ ਇਹ ਲੋੜੀਂਦੇ ਢਾਂਚੇ ਦੇ ਸੁਧਾਰਾਂ ਨੂੰ ਵੀ ਯਕੀਨੀ ਬਣਾਉਣ ਵਿੱਚ ਸਹਾਈ ਹੋਵੇਗਾ। ਇਸ ਨਵੀਂ ਵਿੱਤੀ ਯੋਜਨਾ ਨੂੰ ਅਪਨਾਉਂਦੇ ਹੋਏ, ਅਸੀਂ ਸਾਡੇ ਵਾਸੀਆਂ ਲਈ ਇੱਕ ਮਜ਼ਬੂਤ ਅਤੇ ਖ਼ੁਸ਼ਹਾਲ ਭਵਿੱਖ ਬਣਾਉਣ ਵੱਲ ਵੱਡਾ ਕਦਮ ਚੁੱਕ ਰਹੇ ਹਾਂ"। ਸਿਓਰਟੀ ਬੌਂਡ ਪਾਇਲਟ ਪ੍ਰੋਗਰਾਮ, 2016 ਵਿੱਚ ਸ਼ੁਰੂ ਕੀਤਾ ਗਿਆ ਸੀ, ਤਾਂ ਜੋ ਡਿਵੈਲਪਰਾਂ ਨੂੰ ਪੁਰਾਣੇ ਸਕਿਓਰਿਟੀ ਤਰੀਕਿਆਂ ਜਿਵੇਂ ਕਿ ਨਕਦ ਜਾਂ ਲੈਟਰ ਆਫ਼ ਕਰੈਡਿਟ ਦੇ ਬਦਲੇ ਸਿਓਰਟੀ ਬੌਂਡ ਦੀ ਵਰਤੋਂ ਕਰਨ ਦੀ ਸਹੂਲਤ ਮਿਲ ਸਕੇ । ਇਸ ਨਾਲ ਯੋਗ ਡਿਵੈਲਪਰਾਂ ਕੋਲ ਤਰਲ ਰਾਸ਼ੀ ਵਧਣ ਨਾਲ, ਉਹ ਹੋਰ ਪ੍ਰੋਜੈਕਟਾਂ ਵਿੱਚ ਮੁੜ ਨਿਵੇਸ਼ ਕਰ ਸਕਦੇ ਹਨ। ਹੁਣ ਤੱਕ 30 ਪ੍ਰੋਜੈਕਟ ਇਸ ਪ੍ਰੋਗਰਾਮ ਦਾ ਸਫਲਤਾ ਪੂਰਵਕ ਫ਼ਾਇਦਾ ਲੈ ਚੁੱਕੇ ਹਨ, ਜਿਨ੍ਹਾਂ ਵਿਚੋਂ ਕਈ ਮੁਕੰਮਲ ਹੋਣ ਦੇ ਕਰੀਬ ਹਨ । ਇਹ ਪ੍ਰੋਗਰਾਮ ਲੈਂਡ ਡਿਵੈਲਪਮੈਂਟ ਲਈ ਜ਼ਰੂਰੀ ਇੰਜੀਨੀਅਰਿੰਗ ਕੰਮਾਂ ਨੂੰ ਆਸਾਨ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ ।

ਇਸ ਪ੍ਰੋਗਰਾਮ ਵਿੱਚ ਵਾਧੇ ਨਾਲ, ਹੁਣ ਹੋਰ ਵੱਡੀ ਪੱਧਰ ਦੇ ਉਨ੍ਹਾਂ ਪ੍ਰੋਜੈਕਟਾਂ ਦੇ ਨਿਰਮਾਣ ਵਿੱਚ ਮੱਦਦ ਮਿਲੇਗੀ, ਜੋ ਇਸਦੇ ਨਿਰਧਾਰਿਤ ਯੋਗਤਾ ਮਾਪਦੰਡਾਂ 'ਤੇ ਖਰੇ ਉੱਤਰਦੇ ਹਨ, ਜਿਵੇਂ ਕਿ ਰੈਪਿਡ ਟਰਾਂਜ਼ਿਟ ਕਾਰੀਡੋਰ ਦੇ ਨੇੜੇ ਸਥਿਤ ਪ੍ਰੋਜੈਕਟ ਜਾਂ ਉਹ ਪ੍ਰੋਜੈਕਟ ਜੋ ਮਹੱਤਵਪੂਰਨ ਸਮਾਜਿਕ ਢਾਂਚਾ ਸਹੂਲਤਾਂ ਪ੍ਰਦਾਨ ਕਰਦੇ ਹਨ। ਕੌਂਸਲ ਨੇ ਹਿੱਸਾ ਲੈਣ ਵਾਲੇ ਪ੍ਰੋਜੈਕਟਾਂ ਲਈ ਕੁੱਝ ਲਾਜ਼ਮੀ ਸ਼ਰਤਾਂ ਰੱਖੀਆਂ ਹਨ, ਜਿਸ ਵਿੱਚ ਜ਼ਮਾਨਤ ਚੁੱਕ ਰਹੀਆਂ ਕੰਪਨੀਆਂ ਦੀ ਘੱਟੋ-ਘੱਟ ਅਪਰੇਟਿੰਗ ਅਤੇ ਸਕਿਓਰਿਟੀ ਰਕਮ $3 ਤੋਂ $15 ਮਿਲੀਅਨ ਤੱਕ ਹੋਣੀ ਚਾਹੀਦੀ ਹੈ।

ਇਹ ਕਦਮ ਸਰੀ ਸ਼ਹਿਰ ਵਿੱਚ ਵਿਕਾਸ ਪ੍ਰੋਜੈਕਟਾਂ ਨੂੰ ਆਕਰਸ਼ਿਤ ਕਰਨ ਚ ਮੁਕਾਬਲੇ ਅਤੇ ਨਿਵੇਸ਼ ਦੇ ਮੌਕੇ ਵਧਾ ਰਿਹਾ ਹੈ, ਜਿਸ ਨਾਲ ਸਰੀ ਵਾਸੀਆਂ ਨੂੰ ਵਧੀਆ ਸੇਵਾਵਾਂ ਅਤੇ ਇਨਫ੍ਰਾਸਟ੍ਰਕਚਰ ਦਾ ਲਾਭ ਮਿਲੇਗਾ।

# ਸਰੀ ਸ਼ਹਿਰ ਦੇ 20,000 ਦਰੱਖਤਾਂ ਨੂੰ ਪਾਣੀ ਦੇਣ ਲਈ $1.5 ਮਿਲੀਅਨ ਦਾ ਠੇਕਾ

**ਸਰੀ, (ਸਿਮਰਨਜੀਤ ਸਿੰਘ):** ਸਰੀ ਸ਼ਹਿਰ ਦੀ ਕੌਂਸਲ ਨੇ 20,000 ਦਰੱਖਤਾਂ ਨੂੰ ਪਾਣੀ ਦੇਣ ਲਈ ਲਗਭਗ $1.5 ਮਿਲੀਅਨ (1,445,000 ਡਾਲਰ) ਦਾ ਠੇਕਾ ਮਨਜ਼ੂਰ ਕਰ ਦਿੱਤਾ ਹੈ। ਇਹ ਠੇਕਾ ਹੋਰਾਈਜ਼ਨ ਲੈਂਡਸਕੇਪ ਕੰਟ੍ਰੈਕਟਰਜ਼ ਇਨਕ. (Hoirzon Landscape Contractors Inc.) ਨੂੰ ਦਿੱਤਾ ਗਿਆ ਹੈ। ਇਹ ਕੰਟਰੈਕਟ 2025 ਤੱਕ ਜਾਰੀ ਰਹੇਗਾ, ਪਰ "ਠੀਕ ਕਾਰਗੁਜ਼ਾਰੀ" ਹੋਣ 'ਤੇ ਇਸ ਦੀ ਮਿਆਦ ਹੋਰ ਚਾਰ ਸਾਲ ਲਈ ਵਧਾਈ ਵੀ ਜਾ ਸਕਦੀ ਹੈ।



ਦਿੱਤੇ ਗਏ ਠੇਕੇ ਦੇ ਨਿਯਮਾਂ ਅਨੁਸਾਰ ਸਰੀ ਵਿੱਚ 20,000 ਦਰੱਖਤਾਂ ਨੂੰ ਹਫ਼ਤੇ ਵਿੱਚ ਇੱਕ ਵਾਰ ਪਾਣੀ ਦਿੱਤਾ ਜਾਵੇਗਾ। ਇਹ ਪ੍ਰਕਿਰਿਆ ਜ਼ਿਆਦਾਤਰ 20 ਹਫ਼ਤਿਆਂ ਤਕ ਜਾਰੀ ਰਹੇਗੀ। ਦਰੱਖਤਾਂ ਨੂੰ ਸ਼ਹਿਰ ਦੀਆਂ ਰਹਾਇਸ਼ੀ, ਮੁੱਖ ਅਤੇ ਕਲੇਕਟਰ ਸੜਕਾਂ, ਸ਼ਹਿਰੀ ਪਾਰਕਾਂ ਅਤੇ ਸਰਕਾਰੀ ਇਮਾਰਤਾਂ ਕੋਲ ਪਾਣੀ ਦਿੱਤਾ ਜਾਵੇਗਾ। ਕੁੱਲ ਖ਼ਰਚ $1,590,000 ਤੱਕ ਜਾ ਸਕਦਾ ਹੈ। ਸਰੀ ਪਾਰਕ, ਮਨੋਰੰਜਨ ਅਤੇ ਸਭਿਆਚਾਰ ਵਿਭਾਗ ਦੀ ਜਨਰਲ ਮੈਨੇਜਰ ਲੌਰੀ ਕੈਵਨ ਨੇ ਕਿਹਾ ਕਿ ਸ਼ਹਿਰ ਵਿੱਚ 112,000 ਤੋਂ ਵੱਧ ਛਾਂ ਦੇਣ ਵਾਲੇ ਦਰੱਖਤ ਹਨ, ਜਿਨ੍ਹਾਂ ਦੀ ਸਮੇਂ-ਸਮੇਂ 'ਤੇ ਸੰਭਾਲ ਲੋੜੀਂਦੀ ਹੈ। ਉਨ੍ਹਾਂ ਦੱਸਿਆ, " ਨਵੇਂ ਲਗਾਏ ਦਰੱਖਤਾਂ ਨੂੰ ਉਨ੍ਹਾਂ ਦੇ ਪਹਿਲੇ 6-8 ਸਾਲਾਂ 'ਚ ਵਾਧੂ ਪਾਣੀ ਦੀ ਲੋੜ ਪੈਂਦੀ ਹੈ।" ਉਨ੍ਹਾਂ ਇਹ ਵੀ ਕਿਹਾ ਕਿ "ਸ਼ਹਿਰ ਦੇ ਦਰੱਖਤ ਇੱਕ ਵੱਡੀ ਹਰੇ-ਭਰੇ ਬੁਨਿਆਦੀ ਢਾਂਚੇ ਦਾ ਨਿਵੇਸ਼ ਹਨ। ਇਹ ਸ਼ਹਿਰ ਨੂੰ ਸੁੰਦਰ ਬਣਾਉਂਦੇ, ਕੀਟ ਅਤੇ ਜੰਗਲੀ ਜੀਵਾਂ ਲਈ ਆਵਾਸ ਦਿੰਦੇ, ਤੂਫ਼ਾਨੀ ਪਾਣੀ ਦੀ ਨਿਕਾਸੀ ਵਿੱਚ ਮਦਦ ਕਰਦੇ, ਕਾਰਬਨ ਉਤਸਰਜਨ ਘਟਾਉਂਦੇ ਤੇ ਪ੍ਰਦੂਸ਼ਣ ਨੂੰ ਫਿਲਟਰ ਕਰਦੇ ਹਨ।"

ਹੋਰਾਈਜ਼ਨ ਲੈਂਡਸਕੇਪ ਕੰਪਨੀ ਪਿਛਲੇ 10 ਸਾਲਾਂ ਤੋਂ ਸ਼ਹਿਰ ਨੂੰ ਇਹ ਸੇਵਾ ਪ੍ਰਦਾਨ ਕਰ ਰਹੀ ਹੈ, ਅਤੇ ਕੈਵਨ ਦੇ ਮੁਤਾਬਕ, "ਉਨ੍ਹਾਂ ਦੀ ਕਾਰਗੁਜ਼ਾਰੀ ਤਕਰੀਬਨ ਸੰਤੋਸ਼ਜਨਕ ਰਹੀ ਹੈ।" ਮਈ 2023 ਵਿੱਚ, ਸ਼ਹਿਰੀ ਕੌਂਸਲ ਨੇ 7 ਮਹੀਨਿਆਂ ਲਈ $484,500 ਦਾ ਇਕ ਹੋਰ ਠੇਕਾ ਂਹਿਟਏ ਸ਼ਟਓਰ ਫਰੋਪਏਰਟੇ ਸ਼ਏਰਵਿਚਏਸ ਨੂੰ ਦਿੱਤਾ ਸੀ, ਜੋ ਕਿ 22,000 ਸੜਕਾਂ ਦੇ ਦਰੱਖਤਾਂ ਅਤੇ 1,600 ਪਾਰਕ ਦਰੱਖਤਾਂ ਦੀ ਸੰਭਾਲ ਲਈ ਸੀ। ਕੈਵਨ ਨੇ ਇਹ ਵੀ ਦੱਸਿਆ ਕਿ ਟ੍ਰੀ ਬੇਸ ਲਗਾਉਣ ਨਾਲ ਦਰੱਖਤਾਂ ਨੂੰ ਘਾਹ ਕੱਟਣ ਵਾਲੀਆਂ ਮਸ਼ੀਨਾਂ ਅਤੇ ਹੋਰ ਮਕੈਨੀਕਲ ਨੁਕਸਾਨ ਤੋਂ ਬਚਾਇਆ ਜਾਂਦਾ ਹੈ। ਇਨ੍ਹਾਂ ਟ੍ਰੀ ਬੇਸਾਂ ਨੂੰ ਸਮੇਂ-ਸਮੇਂ 'ਤੇ ਬਣਾਇਆ ਜਾਂਦਾ ਹੈ, ਖ਼ਾਸ ਤੌਰ 'ਤੇ ਜਿੱਥੇ ਦਰੱਖਤਾਂ ਨੂੰ ਫੁੱਟਪਾਥ ਜਾਂ ਪਬਲਿਕ ਪਲਾਜ਼ਾ ਵਿੱਚ ਲਗਾਇਆ ਜਾਂਦਾ ਹੈ।

ਉਨ੍ਹਾਂ ਕਿਹਾ, "ਇਹ ਸੰਭਾਲ ਹਾਈ-ਪ੍ਰੋਫਾਈਲ ਥਾਵਾਂ ਤੇ ਦਰੱਖਤਾਂ ਦੀ ਖ਼ੂਬਸੂਰਤੀ ਨੂੰ ਵੀ ਵਧਾਉਂਦੀ ਹੈ।" ਸਰੀ ਸ਼ਹਿਰ ਦੀ ਕੌਂਸਲ ਵੱਲੋਂ ਲਗਾਤਾਰ ਹਰੇ-ਭਰੇ ਢਾਂਚੇ ਨੂੰ ਸੰਭਾਲਣ ਤੇ ਧਿਆਨ ਦਿੱਤਾ ਜਾ ਰਿਹਾ ਹੈ। ਇਹ ਨਵੇਂ ਤੇ ਵਧ ਰਹੇ ਦਰੱਖਤਾਂ ਦੀ ਹਫ਼ਤਾਵਾਰੀ ਸਿੰਚਾਈ ਅਤੇ ਹੋਰ ਸੰਭਾਲ 'ਚ ਵਧੇਰੇ ਲਗਨ ਦਾ ਪ੍ਰਮਾਣ ਹੈ। ਸ਼ਹਿਰ ਦੀ ਇਹ ਯੋਜਨਾ ਨਾ ਸਿਰਫ਼ ਦਰੱਖਤਾਂ ਦੀ ਉਮਰ ਵਧਾਉਣ, ਸਗੋਂ ਪ੍ਰਦੂਸ਼ਣ ਘਟਾਉਣ ਅਤੇ ਹਰੇ-ਭਰੇ ਵਾਤਾਵਰਣ ਨੂੰ ਯਕੀਨੀ ਬਣਾਉਣ ਵਿੱਚ ਵੀ ਮਦਦ ਕਰੇਗੀ। This report was written by Divroop Kaur as part of the Local Journalism Initiative.

# ਬੀ.ਸੀ. ਸਰਕਾਰ ਨੇ ਅਮਰੀਕੀ ਟੈਰੀਫ਼ ਦੀ ਜਵਾਬੀ ਕਾਰਵਾਈ ਲਈ ਨਵੀਂ ਕੈਬਿਨਟ ਕਮੇਟੀ ਦਾ ਕੀਤਾ ਗਠਨ

**ਸਰੀ, (ਸਿਮਰਨਜੀਤ ਸਿੰਘ):** ਬੀ.ਸੀ. ਸਰਕਾਰ ਨੇ ਅਮਰੀਕੀ ਟੈਰੀਫ਼ ਦਾ ਜਵਾਬ ਦੇਣ ਲਈ ਇੱਕ ਨਵੀਂ ਕੈਬਿਨਟ ਕਮੇਟੀ ਬਣਾਈ ਹੈ, ਜੋ ਹਰ ਦਿਨ ਦੀ ਗਤੀਵਿਧੀਆਂ ਅਤੇ ਯੋਜਨਾਵਾਂ 'ਤੇ ਨਿਗਰਾਨੀ ਲਈ "ਵਾਰ ਰੂਮ" ਵਜੋਂ ਕੰਮ ਕਰੇਗੀ। ਇਹ ਕਮੇਟੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੁਆਰਾ ਕੈਨੇਡੀਅਨ ਸਾਮਾਨ 'ਤੇ 25 ਪ੍ਰਤੀਸ਼ਤ ਟੈਰੀਫ਼ ਲਗਾਉਣ ਦੀ ਧਮਕੀ ਦੇ ਬਾਅਦ ਬਣਾਈ ਗਈ ਹੈ। ਟਰੰਪ ਨੇ ਇਸ ਟੈਰੀਫ਼ ਨੂੰ ਕੈਨੇਡਾ ਤੋਂ ਆ ਰਹੇ ਨਸ਼ੀਲੇ ਪਦਾਰਥਾਂ ਅਤੇ ਪ੍ਰਵਾਸੀਆਂ ਦੇ ਪ੍ਰਵਾਹ ਦੇ ਕਾਰਨ ਲਾਗੂ ਕਰਨ ਦਾ ਹਵਾਲਾ ਦਿੱਤਾ ਹੈ, ਹਾਲਾਂਕਿ ਇਹ ਦਲੀਲ ਸਬੂਤਾਂ ਤੋਂ ਕੋਸੋਂ ਦੂ ਹੈ।

ਬੁਧਵਾਰ ਨੂੰ ਇੱਕ ਮੀਡੀਆ ਰਿਲੀਜ਼ ਵਿੱਚ ਪ੍ਰੀਮੀਅਰ ਡੇਵਿਡ ਈਬੀ ਨੇ ਐਲਾਨ ਕੀਤਾ ਕਿ ਹਾਊਸਿੰਗ ਅਤੇ ਮਿਊਸੀਪਲ ਅਫੇਅਰਜ਼ ਮੰਤਰੀ ਰਵੀ ਕਾਹਲੋਂ ਨੂੰ ਇਸ ਕਮੇਟੀ ਦੀ ਅਗਵਾਈ ਕਰਨ ਲਈ ਨਿਯੁਕਤ ਕੀਤਾ ਗਿਆ ਹੈ, ਜਿਸ ਦਾ ਕੰਮ ਸਰਕਾਰੀ ਰਿਪਲਾਈ ਦੀ ਇਕਜੁਟ ਯੋਜਨਾ ਤਿਆਰ ਕਰਨਾ ਹੈ। ਕਮੇਟੀ ਵਿੱਚ ਬੀ.ਸੀ. ਦੇ ਜੋਬਸ, ਫਾਇਨੈਂਸ, ਊਰਜਾ, ਖੇਤੀਬਾੜੀ, ਜੰਗਲਾਤ, ਮੈਦਾਨਾਂ, ਵਣਜੀਵ, ਵਾਤਾਵਰਨ ਅਤੇ ਪਾਣੀ, ਜ਼ਮੀਨ ਅਤੇ ਸਰੋਤ ਮੰਤਰੀ ਅਤੇ ਵਪਾਰ ਮੰਤਰੀ ਸ਼ਾਮਲ ਹੋਣਗੇ।

ਕਮੇਟੀ ਨੇ ਕਿਹਾ ਕਿ ਬੀ.ਸੀ.




ਇਸ ਲੜਾਈ ਵਿੱਚ ਪੰਗਾ ਨਹੀਂ ਲੈਣਾ ਚਾਹੁੰਦੀ ਸੀ, ਪਰ ਅਸੀਂ ਅਮਰੀਕਾ ਦੇ ਸਾਹਮਣੇ ਝੁਕਣਾ ਨਹੀਂ ਹੈ। "ਅਸੀਂ ਇਸ ਜੰਗ ਵਿੱਚ ਸ਼ਾਮਿਲ ਨਹੀਂ ਹੋਏ, ਪਰ ਬੀ.ਸੀ. ਕੋਲ ਇਹ ਹੱਕ ਹੈ ਕਿ ਉਹ ਆਪਣੇ ਲੋਕਾਂ, ਵਪਾਰ ਅਤੇ ਕਮਿਊਨਿਟੀ ਨੇਤਾ ਨਾਲ ਇਕਠੇ ਖੜ੍ਹਾ ਰਹੇ।

ਹਾਲਾਂਕਿ ਪ੍ਰੀਮੀਅਰ ਏਬੀ ਨੇ ਇਸ ਸਥਿਤੀ ਨੂੰ ਜ਼ਿਆਦਾ ਗੰਭੀਰ ਦ੍ਰਿਸ਼ਟਿਕੋਣ ਨਾਲ ਦੇਖਿਆ ਅਤੇ ਮੰਨਿਆ ਹੈ ਕਿ ਅਮਰੀਕੀ ਟੈਰੀਫ਼ ਨਾਲ ਬੀ.ਸੀ. ਦੀ ਅਰਥਵਿਵਸਥਾ ਨੂੰ 2008 ਦੀ ਵੱਡੀ ਮਾਲੀ ਮੰਦਗੀ ਦੇ ਤਰ੍ਹਾਂ ਨੁਕਸਾਨ ਹੋ ਸਕਦਾ ਹੈ। ਬੀ.ਸੀ. ਦੀ ਫਾਇਨੈਂਸ ਮੰਤਰੀ ਬ੍ਰੇਂਡਾ ਬੇਲੀ ਨੇ ਵੀ ਐਲਾਨ ਕੀਤਾ ਕਿ ਇਸ ਟੈਰੀਫ਼ ਦੇ ਕਾਰਨ ਬੀ.ਸੀ. ਦੀ ਅਰਥਵਿਵਸਥਾ ਨੂੰ ਤਿੰਨ ਸਾਲਾਂ ਵਿੱਚ 69 ਬਿਲੀਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ।

ਬੀ.ਸੀ. ਕੰਜ਼ਰਵੇਟਿਵ ਨੇਤਾ ਜੌਨ ਰਸਟੈਡ ਨੇ ਕਿਹਾ ਕਿ ਐਨਡੀਪੀ ਸਰਕਾਰ ਨੇ "ਅਮਰੀਕਾ ਨਾਲ ਸਹਿਮਤੀ" ਬਣਾਉਣ ਦੀ ਕੋਸ਼ਿਸ਼ ਕਰਨ ਦੇ ਬਦਲੇ ਇਸ ਟੈਰੀਫ਼ ਸਮਝੌਤੇ ਨੂੰ ਜ਼ਿਆਦਾ ਹੋਣ ਦੇ ਰਾਜਨੀਤਿਕ ਲਾਭ ਵਿੱਚ ਵਰਤਿਆ। ਉਹ ਮੰਨਦੇ ਹਨ ਕਿ ਇਸ ਤਰ੍ਹਾਂ ਦੇ ਜਵਾਬ ਨਾਲ ਕੈਨੇਡਾ ਅਤੇ ਬੀ.ਸੀ. ਦੇ ਲਈ ਅਤਿ ਨੁਕਸਾਨ ਅਤੇ ਰੁਕਾਵਟਾਂ ਖੜੀਆਂ ਹੋ ਸਕਦੀਆਂ ਹਨ। ਇਹ ਟੈਰੀਫ਼ ਜਾਰੀ ਰਿਹਾ ਤਾਂ ਬੀ.ਸੀ. ਸਰਕਾਰ ਕੈਨੇਡਾ ਤੋਂ ਅਮਰੀਕੀ ਪ੍ਰੋਡਕਟਾਂ ਦੀ ਖਰੀਦਦਾਰੀ ਨੂੰ ਰੋਕ ਸਕਦੀ ਹੈ, ਜਿਸ ਵਿੱਚ ਅਮਰੀਕੀ ਸ਼ਰਾਬ ਅਤੇ ਫਲੋਰਿਡਾ ਦੇ ਜੂਸ ਅਤੇ ਹੋਰ ਕਈ ਚੀਜ਼ਾਂ ਸ਼ਾਮਲ ਹਨ। ਹਾਰਲੇ ਡੇਵਿਡਸਨ ਮੋਟਰਸਾਈਕਲਾਂ ਵੀ ਉਨ੍ਹਾਂ ਚੀਜ਼ਾਂ ਵਿੱਚ ਸ਼ਾਮਲ ਹੋ ਸਕਦੀਆਂ ਹਨ ਜਿਨ੍ਹਾਂ 'ਤੇ ਵਿਰੋਧੀ ਕਾਰਵਾਈ ਹੋ ਸਕਦੀ ਹੈ। This report was written by Divroop Kaur as part of the Local Journalism Initiative.












ਕੈਨੇਡੀਅਨ ਪੰਜਾਬ ਟਾਈਮਜ਼
Canadian Punjab Times

Funded by the Government of Canada | Financé par le gouvernement du Canada | Canada

- Brar Bhagta Bhai Ka
  604-751-1113
- Karamjit Singh Buttar
  Journalist
- Simranjit Singh
  Journalist
- Dr. Puran Singh
  Writer
- Gora Sandhu Khurd
  News Reporter (Punjab)
- Paramjit Singh
  Graphic Designer

Contact for Advertisement
604-338-7310

ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

The Canadian Punjab Times is not responsible or legally liable for any news, articles, advertisements or typing mistakes in the news or articles.

Canadian Punjab Times Inc.
(Punjabi Newspaper)
Website : www.thepunjabtimes.ca
E-mail : canadianpunjabtimes@gmail.com

Please Note:
The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।

# ਤਬਾਹੀ ਦਾ ਸੂਚਕ ਹੈ ਅਸਾਧਾਰਨ ਪਰਵਾਸ

ਲੇਖਕ : ਗੁਰਪ੍ਰੀਤ ਸਿੰਘ ਤੂਰ ਆਈਪੀਐਸ
-ਮੋਬਾਈਲ : 98158-00405

ਪਰਵਾਸ ਨੂੰ ਕੁਦਰਤੀ ਵਰਤਾਰਾ ਆਖਿਆ ਗਿਆ ਹੈ। ਜਦੋਂ ਮਨੁੱਖ ਰੁਜ਼ਗਾਰ ਦੇ ਚੰਗੇ ਮੌਕਿਆਂ ਤੇ ਜੀਵਨ ਜਿਊਣ ਦੀਆਂ ਬਿਹਤਰ ਹਾਲਤਾਂ ਦੀ ਭਾਲ 'ਚ ਆਪਣਾ ਮੂਲ ਸਥਾਨ ਛੱਡ ਕੇ ਦੇਸ਼ ਵਿਚ ਇਕ ਥਾਂ ਤੋਂ ਦੂਜੀ ਥਾਂ ਜਾਂ ਇਕ ਦੇਸ਼ ਤੋਂ ਦੂਜੇ ਦੇਸ਼ ਜਾ ਵਸਦੇ ਹਨ, ਪਰਵਾਸ ਕਹਾਉਂਦਾ ਹੈ। ਸਦੀਆਂ ਤੋਂ ਪ੍ਰਚੱਲਿਤ ਪਰਵਾਸ ਨੂੰ ਸੁਭਾਵਿਕ ਵਰਤਾਰਾ ਮੰਨਿਆ ਗਿਆ ਹੈ।

ਪੰਜਾਬ 'ਚੋਂ ਪਰਵਾਸ ਦੀਆਂ ਪੈੜਾਂ ਪਿਛਲੀ ਸਦੀ ਦੇ ਸ਼ੁਰੂ 'ਚ ਵੇਖੀਆਂ ਜਾ ਸਕਦੀਆਂ ਹਨ। ਗ਼ਦਰੀ ਬਾਬਿਆਂ ਤੇ ਸਿੱਖ ਫ਼ੌਜੀਆਂ ਨੇ ਪਰਵਾਸ ਦੀ ਪੰਜਾਬੀਆਂ ਨਾਲ ਜਾਣ-ਪਛਾਣ ਕਰਵਾਈ। ਕਲਕੱਤਾ ਬੰਦਰਗਾਹ ਅੱਜ ਤੱਕ ਪੰਜਾਬੀਆਂ ਦੇ ਚੇਤਿਆਂ 'ਚ ਖੁਣੀ ਹੋਈ ਹੈ। ਕਮਾਈ ਕਰਨ ਗਏ ਇਹ ਲੋਕ ਮਹੀਨਿਆਂ ਬਾਅਦ ਹੀ ਪਰਿਵਾਰ ਲਈ ਪੈਸੇ ਭੇਜਣ ਲੱਗ ਜਾਂਦੇ ਸਨ। ਇਵੇਂ ਲੋਕ ਘਰਾਂ ਨੂੰ ਰੰਗ ਕਰਾ ਲੈਂਦੇ, ਸਾਈਕਲ-ਸਕੂਟਰ ਖਰੀਦ ਲੈਂਦੇ, ਕੋਈ ਕਮਰਾ ਛੱਤ ਲੈਂਦੇ ਅਤੇ ਕਈ ਨਵੇਂ ਘਰ ਵੀ ਬਣਾ ਲੈਂਦੇ ਸਨ। ਇਵੇਂ ਵਿਦੇਸ਼ਾਂ ਤੋਂ ਆਏ ਪੈਸੇ ਨੇ ਪੰਜਾਬੀ ਜੀਵਨ ਨੂੰ ਖ਼ੁਸ਼ੀਆਂ ਤੇ ਖ਼ੁਸ਼ਹਾਲੀ ਪ੍ਰਦਾਨ ਕੀਤੀ। ਕਈ ਘਰ ਅਜਿਹੀ ਆਰਥਿਕ ਮਦਦ ਨਾਲ ਜ਼ਮੀਨ ਵੀ ਖਰੀਦ ਲੈਂਦੇ ਅਤੇ ਕਈ ਰੌਣਕ ਮੇਲੇ ਵਾਲਾ ਵਿਆਹ ਕਰ ਲੈਂਦੇ। ਪਿੰਡਾਂ 'ਚ ਅੱਜ ਵੀ ਕਈ ਘਰ ਵੇਖੇ ਜਾ ਸਕਦੇ ਹਨ, ਜਿਨ੍ਹਾਂ ਉਪਰ 'ਬਰਮਾ ਵਾਲੇ', 'ਮਲਾਇਆ ਵਾਲੇ' ਲਿਖਿਆ ਮਿਲਦਾ ਹੈ। 'ਕੈਨੇਡਾ ਤੇ ਅਮਰੀਕਾ ਵਾਲੇ' ਇਹ ਨਾਂਅ ਕਈ ਪਰਿਵਾਰਾਂ ਦੀ ਪਹਿਚਾਣ ਬਣੇ ਹੋਏ ਹਨ। ਕਈ ਪਰਿਵਾਰਾਂ ਦਾ ਇਕ ਭਰਾ ਇੱਧਰ ਕੰਮ 'ਚ ਰੁੱਝ ਗਿਆ ਤੇ ਇਕ ਵਿਦੇਸ਼ ਚਲਾ ਗਿਆ। ਇਵੇਂ ਪਰਿਵਾਰ ਦੇ ਇਸ ਰੂਪ ਨੇ ਪਿੰਡਾਂ ਨੂੰ ਸੋਹਣੇ ਰੰਗਾਂ 'ਚ ਰੰਗਿਆ। ਕਈ ਵਿਅਕਤੀ ਵਿਦੇਸ਼ਾਂ 'ਚ ਅੱਠ-ਦਸ ਸਾਲ ਕਮਾਈ ਕਰਕੇ ਵਾਪਸ ਵੀ ਮੁੜ ਆਉਂਦੇ ਸਨ। ਪਰ ਪਰਵਾਸ ਦੀ ਕਤਾਰ, ਡਾਰ ਕਿਵੇਂ ਤੇ ਕਦੋਂ ਬਣੀ ਇਹ ਅੱਜ ਵਿਚਾਰਨ ਦਾ ਵਿਸ਼ਾ ਹੈ?

1990 ਤੱਕ ਪ੍ਰਾਂਤ ਪ੍ਰਤੀ ਵਿਅਕਤੀ ਆਮਦਨੀ ਦੇ ਆਧਾਰ 'ਤੇ ਸਿਖਰ 'ਤੇ ਰਿਹਾ। ਲੇਕਿਨ ਉਸ ਤੋਂ ਬਾਅਦ ਨਿਘਾਰ ਸ਼ੁਰੂ ਹੋਇਆ। ਹਾਕਮਾਂ ਨੇ ਆਪਣੀਆਂ ਕੁਰਸੀਆਂ ਬਰਕਰਾਰ ਰੱਖਣ ਲਈ ਪਹਿਲਾਂ ਖੇਤੀ ਸੈਕਟਰ ਲਈ ਬਿਜਲੀ ਮੁਫ਼ਤ ਕਰ ਦਿੱਤੀ, ਫਿਰ ਚੋਣਵੇਂ ਉਦਯੋਗਿਕ ਸੈਕਟਰ ਲਈ ਬਿਜਲੀ ਸਬਸਿਡੀ ਲਾਗੂ ਹੋਈ। ਅਜਿਹੀਆਂ ਨੀਤੀਆਂ ਕਾਰਨ ਪ੍ਰਾਂਤ 'ਤੇ ਕਰਜ਼ੇ ਦੇ ਹਾਲਾਤ ਇੱਥੋਂ ਤੱਕ ਵਿਗੜ ਗਏ ਕਿ ਵਿਆਜ ਮੋੜਨ ਲਈ ਵੀ ਵਿਆਜ 'ਤੇ ਪੈਸੇ ਚੁੱਕਣੇ ਪੈ ਰਹੇ ਹਨ। ਹੁਣ ਸਾਲਾਨਾ ਬਜਟ ਦਾ ਲਗਭਗ ਤਿਮਾਹੀ ਹਿੱਸਾ ਕਰਜ਼ਾ ਮੋੜਨ ਲਈ ਖਰਚਿਆ ਜਾ ਰਿਹਾ ਹੈ, ਲਗਭਗ ਅੱਧਾ ਹਿੱਸਾ ਪੱਕੇ ਖਰਚਿਆਂ 'ਤੇ ਖਰਚ ਹੁੰਦਾ ਹੈ। ਇਵੇਂ ਬਹੁਤ ਥੋੜ੍ਹੀ ਰਕਮ ਵਿੱਦਿਆ, ਸਿਹਤ, ਰੈਗੂਲਰ ਨੌਕਰੀਆਂ ਤੇ ਵਿਕਾਸ ਦੇ ਕੰਮਾਂ ਲਈ ਬਾਕੀ ਬਚਦੀ ਹੈ। 1990 ਤੱਕ ਵਿੱਦਿਆ ਅਤੇ ਸਿਹਤ 'ਤੇ ਸਾਲਾਨਾ ਬਜਟ ਦਾ ਕ੍ਰਮਵਾਰ 22 ਤੇ 12 ਪ੍ਰਤੀਸ਼ਤ ਖਰਚਿਆ ਜਾਂਦਾ ਸੀ, ਜੋ 2022-23 ਦੇ ਬਜਟ 'ਚ ਘਟ ਕੇ ਕ੍ਰਮਵਾਰ 13 ਤੇ 5 ਪ੍ਰਤੀਸ਼ਤ ਰਹਿ ਗਿਆ ਹੈ।

ਸਰਹੱਦੀ ਤੇ ਸੀਮਾਬੱਧ ਪ੍ਰਾਂਤ ਹੋਣ ਕਰਕੇ ਪ੍ਰਾਂਤ 'ਚ ਉਦਯੋਗ ਦੀਆਂ ਸੰਭਾਵਨਾਵਾਂ ਪਹਿਲਾਂ ਹੀ ਘੱਟ ਸਨ, ਜ਼ਮੀਨ ਦੀ ਵੱਧ ਕੀਮਤ ਤੇ ਕੱਚੇ ਮਾਲ ਦੀ ਥੋੜ ਨੇ ਇਨ੍ਹਾਂ ਸੰਭਾਵਨਾਵਾਂ ਨੂੰ ਹੋਰ ਸੀਮਤ ਕਰ ਦਿੱਤਾ। ਅਜਿਹੀਆਂ ਹਾਲਤਾਂ 'ਚ ਪੰਜਾਬ ਨੂੰ ਆਈ.ਟੀ. ਸੈਕਟਰ ਦੀ ਵੱਡੀ ਲੋੜ ਸੀ। ਮਾਹਿਰਾਂ ਅਨੁਸਾਰ 'ਹਵਾਈ ਸੰਪਰਕ, ਤਕਨੀਕੀ ਮਾਨਵੀ ਸਰੋਤ ਅਤੇ ਮਦਦਗਾਰ ਰਾਜਨੀਤਕ ਤੇ ਪ੍ਰਸ਼ਾਸਨਿਕ ਰਵੱਈਆ ਆਈ.ਟੀ. ਸੈਕਟਰ ਦੇ ਵਿਕਾਸ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ।' ਸਾਡੇ ਕੋਲ ਮੁਹਾਲੀ ਤੇ ਅੰਮ੍ਰਿਤਸਰ ਅੰਤਰਰਾਸ਼ਟਰੀ ਏਅਰਪੋਰਟ ਹੋਣ ਦੇ ਬਾਵਜੂਦ ਵੀ ਅਸੀਂ ਆਈ.ਟੀ. ਸੈਕਟਰ ਵਿਕਸਿਤ ਨਹੀਂ ਕਰ ਸਕੇ। ਭਾਵੇਂ ਕਿ ਪਿਛਲੀ ਸਦੀ ਦੇ ਆਖਰੀ ਦਹਾਕੇ 'ਚ ਸਾਨੂੰ ਇਹ ਮੌਕਾ ਮਿਲਿਆ ਸੀ, ਜਦੋਂ ਕਿ ਕਈ ਅੰਤਰਰਾਸ਼ਟਰੀ ਕੰਪਨੀਆਂ ਨੇ ਮੁਹਾਲੀ ਵਿਖੇ ਦਫ਼ਤਰ ਵੀ ਖੋਲ੍ਹੇ ਸਨ। ਦੂਜੇ ਪਾਸੇ ਹੈਦਰਾਬਾਦ, ਚੇਨਈ, ਮੁੰਬਈ ਤੇ ਗੁੜਗਾਓਂ ਵਰਗੇ ਸ਼ਹਿਰਾਂ ਨੇ ਇਸੇ ਮੌਕੇ ਦਾ ਭਰਪੂਰ ਲਾਭ ਉਠਾਇਆ। ਨੌਜਵਾਨਾਂ ਲਈ ਰੁਜ਼ਗਾਰ ਪੱਖੋਂ ਇਹ ਇਕ ਵੱਡਾ ਪਛਤਾਵਾ ਹੈ। ਇਸ ਦਾ ਪੰਜਾਬ 'ਤੇ ਵੱਡਾ ਨਾਂਹਪੱਖੀ ਪ੍ਰਭਾਵ ਪਿਆ।

ਸਰਕਾਰੀ, ਅਰਧ ਸਰਕਾਰੀ ਨੌਕਰੀਆਂ ਤੇ ਆਈ.ਟੀ. ਰੁਜ਼ਗਾਰ ਦਾ ਪਰਦੇ ਤੋਂ ਅਲੋਪ ਹੋ ਜਾਣਾ, ਘੱਟੋ-ਘੱਟ ਨੌਕਰੀਆਂ ਦਾ ਪ੍ਰਬੰਧ ਉਹ ਵੀ ਠੇਕੇ 'ਤੇ ਹੋਣਾ, ਲੋਕ ਪੱਖੀ ਸਰਕਾਰੀ ਨੀਤੀਆਂ ਦੀ ਅਣਹੋਂਦ ਤੇ ਬੇਪ੍ਰਵਾਹ ਪ੍ਰਸ਼ਾਸਨਿਕ ਰਵੱਈਆ, ਭ੍ਰਿਸ਼ਟਾਚਾਰ ਦਾ ਬੋਲਬਾਲਾ, ਕਾਮਿਆਂ ਨੂੰ ਘੱਟ ਵੇਤਨ ਦਰ ਆਦਿ ਕਾਰਨਾਂ ਕਰਕੇ ਨੌਜਵਾਨ ਹਰ ਹਾਲਤ 'ਚ ਵਿਦੇਸ਼ ਜਾਣ ਲਈ ਮਜਬੂਰ ਹੋਣ ਲੱਗੇ। ਪ੍ਰਾਂਤ 'ਚ ਨਸ਼ਿਆਂ ਦੀ ਮਾਰ ਤੇ ਕਾਨੂੰਨ ਵਿਵਸਥਾ ਦੀ ਸਥਿਤੀ ਨੇ ਇਸ ਮਜਬੂਰੀ ਨੂੰ ਗੂੜ੍ਹਾ ਕਰ ਦਿੱਤਾ। ਕਾਲੇ ਧਨ ਨੇ ਬੇਰੁਜ਼ਗਾਰ ਨੌਜਵਾਨਾਂ ਦਾ ਸਾਹ ਘੁੱਟ ਲਿਆ। ਸਾਲ 2015-16 ਦੌਰਾਨ ਵਿਕਸਿਤ ਦੇਸ਼ਾਂ ਖ਼ਾਸ ਤੌਰ 'ਤੇ ਕੈਨੇਡਾ ਵਲੋਂ ਸਟੱਡੀ ਵੀਜ਼ੇ ਦੀਆਂ ਨਰਮ ਨੀਤੀਆਂ ਨੇ ਵਿਦਿਆਰਥੀਆਂ ਤੇ ਮਾਪਿਆਂ ਦੇ ਮਨਾਂ 'ਚ ਵਿਦੇਸ਼ ਜਾਣ ਦੀ ਕਾਹਲ ਪਾ ਦਿੱਤੀ। ਇਵੇਂ ਆਇਲੈਟਸ ਪਾਸ ਕਰਵਾਉਣ ਵਾਲੇ ਸੈਂਟਰ ਅਤੇ ਇਮੀਗ੍ਰੇਸ਼ਨ ਕੰਪਨੀਆਂ ਖੁੰਬਾਂ ਵਾਂਗ ਹੋਂਦ 'ਚ ਆ ਗਈਆਂ।

ਲੁਧਿਆਣਾ ਤੋਂ ਬਠਿੰਡਾ ਜਾਂਦਿਆਂ ਰਾਏਕੋਟ ਸ਼ਹਿਰ ਦੇ ਬਾਈਪਾਸ (1.2 ਕਿ.ਮੀ.) 'ਤੇ ਖੱਬੇ ਪਾਸੇ 32 ਅਤੇ ਸੱਜੇ ਪਾਸੇ 28 ਆਇਲੈਟਸ ਤੇ ਇਮੀਗ੍ਰੇਸ਼ਨ ਸੈਂਟਰ ਹਨ। ਇਵੇਂ ਮੋਗਾ ਸ਼ਹਿਰ ਵਿਚੋਂ ਲੁਧਿਆਣਾ ਤੋਂ ਫਿਰੋਜ਼ਪੁਰ ਵੱਲ ਨੂੰ ਲੰਘਦਿਆਂ (1.5 ਕਿ.ਮੀ.) ਖੱਬੇ ਤੇ ਸੱਜੇ ਪਾਸੇ ਕ੍ਰਮਵਾਰ 25 ਅਤੇ 32 ਅਜਿਹੇ ਸੈਂਟਰ ਹਨ। ਪੰਜਾਬ ਦੇ ਕਈ ਕਸਬਿਆਂ, ਹਰ ਤਹਿਸੀਲ ਅਤੇ ਜ਼ਿਲ੍ਹਾ ਹੈਡਕੁਆਟਰਾਂ ਦੀਆਂ ਮੁੱਖ ਸੜਕਾਂ ਅਤੇ ਬੱਸ ਅੱਡਿਆਂ ਨੇੜੇ ਅਜਿਹੇ ਸੈਂਟਰਾਂ ਦੀ ਭਰਮਾਰ ਹੈ। ਪ੍ਰਾਂਤ ਦੀਆਂ ਮੁੱਖ ਸੜਕਾਂ ਅਤੇ ਸ਼ਹਿਰਾਂ 'ਚੋਂ ਲੰਘਦੇ ਹਾਈਵੇਜ਼ ਤੋਂ ਇਨ੍ਹਾਂ ਇਮੀਗ੍ਰੇਸ਼ਨ ਸੈਂਟਰਾਂ ਦੀ ਇਸ਼ਤਿਹਾਰਬਾਜ਼ੀ ਪ੍ਰਤੱਖ ਨਜ਼ਰ ਆਉਂਦੀ ਹੈ। ਵੱਡੀਆਂ-ਵੱਡੀਆਂ ਇਮੀਗ੍ਰੇਸ਼ਨ ਕੰਪਨੀਆਂ ਅਖ਼ਬਾਰਾਂ 'ਚ ਸਫੇ-ਸਫੇ ਦਾ ਇਸ਼ਤਿਹਾਰ ਦਿੰਦੀਆਂ ਹਨ ਅਤੇ ਲਗਾਤਾਰ ਵੱਖੋ-ਵੱਖ ਸ਼ਹਿਰਾਂ ਦੇ ਨਾਮਵਰ ਹੋਟਲਾਂ 'ਚ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਲਈ ਜਾਣਕਾਰੀ ਸੈਸ਼ਨ ਲਾਉਂਦੀਆਂ ਹਨ। ਕਈ ਕਾਲਜਾਂ ਦਾ ਸਟਾਫ਼ ਵੀ ਵਿਦਿਆਰਥੀਆਂ ਨੂੰ ਇਕੱਠੇ ਕਰਕੇ ਅਜਿਹੀਆਂ ਮੰਜ਼ਿਲਾਂ ਤੱਕ ਪਹੁੰਚਾਉਂਦਾ ਹੈ। ਇਨ੍ਹਾਂ ਆਇਲੈਟਸ ਤੇ ਇਮੀਗ੍ਰੇਸ਼ਨ ਸੈਂਟਰਾਂ ਦੀ ਹੋਂਦ ਟਿਊਬਵੈੱਲ ਪੰਪਾਂ ਵਾਂਗ ਹੈ, ਜੋ ਧਰਤੀ ਹੇਠਲੇ ਪਾਣੀ ਨੂੰ ਮਨੁੱਖੀ ਪਹੁੰਚ ਤੋਂ ਦੂਰ ਲਿਜਾ ਰਹੇ ਹਨ, ਇਵੇਂ ਹੀ ਇਹ ਸੈਂਟਰ ਪੰਜਾਬ ਦੀ ਜਵਾਨੀ ਨੂੰ ਵਿਦੇਸ਼ਾਂ 'ਚ ਕੋਹਾਂ ਦੂਰ ਪਹੁੰਚਾ ਰਹੇ ਹਨ। ਜਦੋਂ ਕਿ ਸਿਸਟਮ ਘੂਕ ਸੁੱਤਾ ਪਿਆ ਹੈ ਅਤੇ ਬੁੱਧੀਜੀਵੀ ਚੁੱਪ ਹਨ।

ਡੇਢ ਵਰ੍ਹੇ ਪਹਿਲਾਂ ਅਸੀਂ ਹਾਕੀ ਵਰਲਡ ਕੱਪ ਵੇਖਣ ਓਡੀਸ਼ਾ ਦੇ ਸ਼ਹਿਰ ਭੁਵਨੇਸ਼ਵਰ ਗਏ। ਉੱਥੇ ਅਜਿਹੇ ਆਇਲੈਟਸ ਤੇ ਇਮੀਗ੍ਰੇਸ਼ਨ ਇਸ਼ਤਿਹਾਰਾਂ ਵਾਲਾ ਇਕ ਵੀ ਬੋਰਡ ਨਜ਼ਰ ਨਹੀਂ ਆਇਆ, ਜਦੋਂ ਕਿ ਮੁਕਾਬਲੇ ਦੇ ਇਮਤਿਹਾਨਾਂ ਦੀ ਤਿਆਰੀ ਵਾਲੇ ਇਸ਼ਤਿਹਾਰੀ ਬੋਰਡਾਂ ਦੀ ਭਰਮਾਰ ਸੀ। ਸ਼ਹਿਰ ਦੀ ਪਬਲਿਕ ਲਾਇਬ੍ਰੇਰੀ ਨੌਜਵਾਨ ਮੁੰਡੇ-ਕੁੜੀਆਂ ਨਾਲ ਤੁੰਨੀ ਪਈ ਸੀ। ਲਾਇਬ੍ਰੇਰੀਅਨ ਨੇ ਦੋਵਾਂ ਹੱਥਾਂ 'ਚ ਸਿਰ ਫੜ ਕੇ ਹੌਲੀ ਜਿਹੇ ਦੱਸਿਆ ਕਿ ਸਾਨੂੰ ਵਾਧੂ ਮੇਜ਼ ਕੁਰਸੀਆਂ ਦਾ ਪ੍ਰਬੰਧ ਕਰਨਾ ਪੈ ਰਿਹਾ ਹੈ, ਫਿਰ ਉਹ ਇਸ਼ਾਰੇ ਨਾਲ ਸਾਨੂੰ ਦੋ-ਤਿੰਨ ਕਮਰਿਆਂ ਵੱਲ ਲੈ ਗਈ, ਜਿਨ੍ਹਾਂ ਨੂੰ ਆਰਜ਼ੀ ਤੌਰ 'ਤੇ ਰੀਡਿੰਗ ਰੂਮਜ਼ ਵਿਚ ਬਦਲਿਆ ਹੋਇਆ ਸੀ। ਪੰਜਾਬ 'ਚ ਅਜਿਹਾ ਇਕੱਠ ਪਾਸਪੋਰਟ ਦਫ਼ਤਰਾਂ ਤੇ ਆਇਲੈਟਸ ਸੈਂਟਰਾਂ 'ਤੇ ਵੇਖਿਆ ਜਾਂਦਾ ਹੈ। ਵਿੱਦਿਅਕ ਖੇਤਰ ਦਾ ਲੰਬਾ ਤਜਰਬਾ ਰੱਖਣ ਵਾਲੇ ਇਕ ਵਿੱਦਿਆ ਸ਼ਾਸਤਰੀ ਅਨੁਸਾਰ 'ਸਾਲ 2004-05 ਦੌਰਾਨ ਕਾਲਜ 'ਚ ਨਵੇਂ ਦਾਖਲਿਆਂ ਦੀ ਰੌਣਕ ਘਟਣ ਲੱਗ ਪਈ ਸੀ। ਸਾਲ 2007-08 ਦੇ ਸੈਸ਼ਨ ਤੋਂ ਕਾਲਜਾਂ ਦੇ ਹਾਜ਼ਰੀ ਰਜਿਸਟਰਾਂ 'ਚ ਪਰਵਾਸ ਦੇ ਪ੍ਰਭਾਵ ਪ੍ਰਤੱਖ ਨਜ਼ਰ ਆਉਣ ਲੱਗ ਪਏ ਸਨ। ਜਦੋਂ ਸੌਖੇ ਸਟੱਡੀ ਵੀਜ਼ੇ ਦੀ ਸ਼ੁਰੂਆਤ ਹੋਈ ਤਾਂ 2016 ਤੋਂ ਬਾਅਦ ਇਹ ਪ੍ਰਭਾਵ ਤੇਜ਼ੀ ਨਾਲ ਵਧਿਆ ਅਤੇ ਹੁਣ ਕਈ ਕਾਲਜਾਂ ਦੀ ਦਾਖਲਾ ਦਰ 50 ਪ੍ਰਤੀਸ਼ਤ ਡਿਗ ਚੁੱਕੀ ਹੈ। ਪੇਂਡੂ ਅਤੇ ਸਬ-ਅਰਬਨ ਖੇਤਰ ਦੇ ਕਾਲਜ ਵੱਧ ਪ੍ਰਭਾਵਿਤ ਹੋਏ ਹਨ।' ਲੁਧਿਆਣਾ ਨੇੜਲੇ ਇਕ ਨਾਮਵਰ ਕਾਲਜ ਦੇ ਸਟਾਫ਼ ਨੂੰ ਪਿਛਲੇ 18 ਮਹੀਨਿਆਂ ਤੋਂ ਤਨਖ਼ਾਹ ਨਹੀਂ ਮਿਲੀ। ਇਸ ਕਾਲਜ ਦੀ ਪ੍ਰਬੰਧਕ ਕਮੇਟੀ ਕਾਲਜ ਦੇ ਖੇਡ ਮੈਦਾਨਾਂ ਨੂੰ ਵੇਚਣ ਦਾ ਵਿਚਾਰ ਕਰ ਰਹੀ ਹੈ। ਇਸੇ ਜ਼ਿਲ੍ਹੇ ਦੇ ਇਕ ਹੋਰ ਕਾਲਜ ਦੇ ਸਟਾਫ਼ ਤੇ ਪ੍ਰਬੰਧਕ ਕਮੇਟੀ ਵਿਚਕਾਰ ਝਗੜਾ ਚੱਲ ਰਿਹਾ ਹੈ। ਪ੍ਰਬੰਧਕ ਕਮੇਟੀ ਕੁਝ ਕੋਰਸਾਂ/ਵਿਸ਼ਿਆਂ ਨੂੰ ਬੰਦ ਕਰਨ ਦਾ ਨੋਟਿਸ ਦੇ ਚੁੱਕੀ ਹੈ। ਜਦੋਂ ਕਿ ਸਟਾਫ਼ ਦੀ ਇਹ ਮੰਗ ਹੈ ਕਿ ਉਹ ਜੀਵਨ ਦੇ ਅੱਧ ਵਿਚਕਾਰ ਕਿੱਧਰ ਜਾਣ, ਉਨ੍ਹਾਂ ਅਨੁਸਾਰ ਪ੍ਰਬੰਧਕ ਕਮੇਟੀ ਦਾ ਇਹ ਫ਼ੈਸਲਾ ਸਮੁੰਦਰ ਦੇ ਅੱਧ ਵਿਚਕਾਰ ਕਿਸ਼ਤੀ ਵਾਪਸ ਮੰਗਣ ਵਾਂਗ ਹੈ। ਦੇਸ਼ ਵੰਡ ਸਮੇਂ ਕੁਝ ਪਰਿਵਾਰਾਂ ਵਲੋਂ ਜੁਲਾਈ ਮਹੀਨੇ ਤੇ ਅਗਸਤ ਦੇ ਪਹਿਲੇ ਦਸ-ਬਾਰਾਂ ਦਿਨਾਂ ਦੌਰਾਨ ਉੱਠ ਜਾਣ ਵਾਂਗ ਅਜਿਹੇ ਕਾਲਜਾਂ ਦੇ ਕਈ ਅਧਿਆਪਕ ਚੁੱਪ-ਚਾਪ ਵਿਦੇਸ਼ ਜਾਣ ਦੀਆਂ ਤਿਆਰੀਆਂ ਲਈ ਤੁਰ ਪਏ ਹਨ। ਪੰਜਾਬ ਦੇ ਬਹੁਤੇ ਕਾਲਜਾਂ ਦੀ ਹੋਂਦ ਖ਼ਤਰੇ 'ਚ ਹੈ। ਇਸ ਵੱਡੇ ਦੁਖਾਂਤ ਲਈ ਜ਼ਿੰਮੇਵਾਰ ਕੌਣ ਹੈ?

10+2 ਤੋਂ ਬਾਅਦ ਜਿਹੜੇ ਵਿਦਿਆਰਥੀ ਸਟੱਡੀ ਵੀਜ਼ੇ 'ਤੇ ਪੜ੍ਹਾਈ ਲਈ ਵਿਦੇਸ਼ ਜਾਂਦੇ ਹਨ, ਉਨ੍ਹਾਂ ਦਾ ਟੀਚਾ ਉਸ ਦੇਸ਼ ਦੀ ਨਾਗਰਿਕਤਾ ਹਾਸਲ ਕਰਨਾ ਹੈ। ਆਇਲੈਟਸ ਤੇ ਦਾਖ਼ਲਾ ਫ਼ੀਸ, ਹਵਾਈ ਸਫ਼ਰ ਦਾ ਖਰਚਾ ਤੇ ਉੱਥੇ ਜਾ ਕੇ ਰਹਿਣ ਦਾ ਮੁੱਢਲਾ ਖਰਚਾ ਤੇ ਕਾਲਜ ਫ਼ੀਸਾਂ, ਮਾਪੇ ਪਹਿਲੇ ਸਮੈਸਟਰ ਜਾਂ ਪਹਿਲੇ ਸਾਲ ਦੇ ਖਰਚੇ ਦਾ ਹੀ ਪ੍ਰਬੰਧ ਕਰਦੇ ਹਨ। ਅਗਲਾ ਭਾਰ ਵਿਦਿਆਰਥੀ ਆਪ ਚੁੱਕਦੇ ਹਨ, ਇਹ ਸਫ਼ਰ ਇਕ ਵੱਖਰੀ ਦੁੱਖਦਾਇਕ ਕਹਾਣੀ ਹੈ। ਟੋਰਾਂਟੋ ਦੇ ਇਕ ਫਿਊਨਰਲ ਮਾਲਕ ਨੇ ਉਦਾਸ ਮੁਦਰਾ ਵਿਚ ਦੱਸਿਆ ਕਿ ਘੋਰ ਨਿਰਾਸ਼ਾ ਕਾਰਨ ਹੁੰਦੀਆਂ ਮੌਤਾਂ ਕਰਕੇ ਉਹ ਪ੍ਰਤੀ ਮਹੀਨਾ ਚਾਰ ਤੋਂ ਛੇ ਮੁੰਡਿਆਂ ਦੀਆਂ ਲਾਸ਼ਾਂ ਪੰਜਾਬ ਭੇਜਣ ਦਾ ਪ੍ਰਬੰਧ ਕਰਦੇ ਹਨ। ਧੀਆਂ ਦਾ ਦੁੱਖ ਅਜਿਹੀਆਂ ਮੌਤਾਂ ਤੋਂ ਵੀ ਗਹਿਰਾ ਹੈ। ਜਿਹੜੇ ਬੱਚੇ ਨਾਨਕੇ ਵੀ ਇਕੱਲੇ ਨਹੀਂ ਗਏ ਸਨ, ਅਸੀਂ ਉਨ੍ਹਾਂ ਨੂੰ ਵਿਕਸਿਤ ਅੰਤਰਰਾਸ਼ਟਰੀ ਪਲੇਟਫਾਰਮ 'ਤੇ ਇਕੱਲਮ-ਇਕੱਲੇ ਜੀਣ ਲਈ ਉਤਾਰ ਦਿੱਤਾ ਹੈ। ਜ਼ਿੰਦਗੀ ਦੇ ਦਸ ਵਰ੍ਹਿਆਂ ਜਿੰਨਾ ਆਰਥਿਕ ਤੇ ਸਮਾਜਿਕ ਬੋਝ ਅਸੀਂ ਕੁਝ ਮਹੀਨਿਆਂ 'ਚ ਹੀ ਸਹਿਣ ਲਈ ਉਨ੍ਹਾਂ ਦੇ ਮੋਢਿਆਂ 'ਤੇ ਪਾ ਦਿੱਤਾ ਹੈ। ਅਜਿਹੇ ਸਫ਼ਰ ਤੋਂ ਪਹਿਲਾਂ ਉਨ੍ਹਾਂ ਨਾਲ ਬਹੁਤ ਗੱਲਾਂ ਕਰਨ ਦੀ ਲੋੜ ਸੀ। ਜੇ ਇੱਧਰ ਸਿਸਟਮ ਠੀਕ ਰਹਿੰਦਾ ਤੇ ਉਹੀ ਮੁੰਡੇ-ਕੁੜੀਆਂ ਗ੍ਰੈਜੂਏਸ਼ਨ ਕਰਕੇ ਜਾਂਦੇ ਅਤੇ ਮੁਕਾਬਲੇ ਰਾਹੀਂ ਉੱਚ ਵਿੱਦਿਆ ਲਈ ਯੂਨੀਵਰਸਿਟੀਆਂ 'ਚ ਪੜ੍ਹਾਈ ਕਰਦੇ ਤਾਂ ਜ਼ਿੰਦਗੀ ਦੇ ਰੰਗ ਹੀ ਕੁਝ ਹੋਰ ਹੋਣੇ ਸਨ। ਇੱਧਰ ਚਾਰ-ਚਾਰ, ਪੰਜ-ਪੰਜ ਪੈਨਸ਼ਨਾਂ ਹਾਸਲ ਕਰਦੇ ਧਨ ਤੇ ਸੱਤਾ ਦੇ ਲਾਲਚੀ ਲੋਕਾਂ ਨੇ ਵਿੱਦਿਆ ਤੇ ਕਿਰਤ ਦੇ ਮੌਕੇ ਧੂਹ ਕੇ ਉਨ੍ਹਾਂ ਤੋਂ ਪਾਸੇ ਕਰ ਲਏ।

ਪਿਛਲੇ 30 ਵਰ੍ਹਿਆਂ 'ਚ ਹੋਏ ਪਰਵਾਸ ਦਾ 73 ਪ੍ਰਤੀਸ਼ਤ 2016 ਤੋਂ ਬਾਅਦ ਹੋਇਆ (ਡਾ. ਸ਼ਾਲਿਨੀ ਸ਼ਰਮਾ ਤੇ ਹੋਰ, 2023)। ਪੰਜਾਬੀਆਂ ਵਲੋਂ ਸਾਲ 2023 'ਚ ਦੇਸ਼ 'ਚੋਂ ਸਭ ਤੋਂ ਵੱਧ (ਵਸੋਂ ਦਾ ਪ੍ਰਤੀਸ਼ਤ) 11,94,000 ਪਾਸਪੋਰਟ ਬਣਵਾਏ ਗਏ। ਇਹ ਗਿਣਤੀ 2013 'ਚ ਬਣਵਾਏ ਗਏ ਪਾਸਪੋਰਟਾਂ ਦੀ ਦੁੱਗਣੀ ਗਿਣਤੀ ਤੋਂ ਵੀ ਵੱਧ ਹੈ। ਵਿਦੇਸ਼ ਮੰਤਰਾਲੇ ਅਨੁਸਾਰ 2016 ਤੋਂ 2021 ਪੰਜ ਵਰ੍ਹਿਆਂ ਦੌਰਾਨ 10 ਲੱਖ ਤੋਂ ਵੱਧ ਪੰਜਾਬੀ ਪਰਵਾਸ ਕਰ ਗਏ। ਇਨ੍ਹਾਂ 'ਚੋਂ ਚੋਖੀ ਗਿਣਤੀ 'ਚ ਸਟੱਡੀ ਵੀਜ਼ੇ ਰਾਹੀਂ ਵਿਦੇਸ਼ ਪਹੁੰਚੇ ਵਿਦਿਆਰਥੀਆਂ ਦੀ ਹੈ। ਵਿਦਿਆਰਥੀਆਂ ਵਲੋਂ ਵਿਦੇਸ਼ ਜਾਣ ਲਈ ਚਾਹਤ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਪ੍ਰਾਂਤ 'ਚ 20 ਹਜ਼ਾਰ ਦੇ ਲਗਭਗ ਆਇਲੈਟਸ ਸੈਂਟਰ ਅਤੇ 1200 ਤੋਂ ਵੱਧ ਇਮੀਗ੍ਰੇਸ਼ਨ ਸੰਸਥਾਵਾਂ ਹਨ। ਸਾਲ 2022-23 ਦੌਰਾਨ ਪੰਜਾਬ ਦੇ 6 ਲੱਖ ਵਿਦਿਆਰਥੀਆਂ ਨੇ ਆਇਲੈਟਸ ਟੈਸਟ ਦਿੱਤਾ। ਸਾਲ 2023 ਦੇ ਅੰਕੜੇ ਭਾਵੇਂ ਹਾਲੇ ਸਾਹਮਣੇ ਨਹੀਂ ਆਏ ਪਰ ਇਸ ਵਰ੍ਹੇ ਦੌਰਾਨ ਪਰਵਾਸ 'ਚ ਰਿਕਾਰਡ ਵਾਧਾ ਹੋਇਆ। ਇਹ ਵਰ੍ਹਾ ਪੰਜਾਬ ਦੀ ਜਵਾਨੀ ਨੂੰ ਹੂੰਝ ਕੇ ਲੈ ਗਿਆ।

ਪਰਵਾਸ ਦਾ ਸਭ ਤੋਂ ਵੱਧ ਅਸਰ ਪਿੰਡਾਂ 'ਤੇ ਹੋਇਆ। ਉਹ ਥਾਵਾਂ ਜਿੱਥੋਂ ਦੇ ਬਸ਼ਿੰਦੇ ਉੱਥੋਂ ਉੱਠ ਜਾਣ, ਆਪਣਾ ਸੁਹੱਪਣ ਗੁਆ ਬੈਠਦੀਆਂ ਹਨ। ਪਿੰਡ ਦੀ ਰੂਹ ਉਦਾਸ ਹੈ। ਪਿੰਡਾਂ 'ਚ ਜਿੰਦੇ ਲੱਗੇ ਘਰਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਵੱਡੇ ਪਿੰਡਾਂ ਦੀਆਂ ਕਈ ਪੱਤੀਆਂ ਦੇ ਸਾਰੇ ਦੇ ਸਾਰੇ ਘਰ ਹੀ ਬੰਦ ਹੋ ਚੁੱਕੇ ਹਨ। ਉਹ ਪਿੰਡ ਜਿਨ੍ਹਾਂ ਦਾ ਮੂੰਹ-ਮੱਥਾ ਸੰਵਾਰਨ ਲਈ ਸਦੀਆਂ ਲੱਗੀਆਂ, ਕੁਝ ਵਰ੍ਹਿਆਂ 'ਚ ਹੀ ਉੱਜੜਦੇ ਜਾ ਰਹੇ ਹਨ। ਇਹ ਪਿੰਡ ਅੰਦਰੋ-ਅੰਦਰ ਸਿਉਂਕ ਖਾਧੇ ਰੁੱਖਾਂ ਵਾਂਗ ਡਿਗ ਰਹੇ ਹਨ। ਸ਼੍ਰੋਮਣੀ ਕਵੀ ਸੁਰਜੀਤ ਪਾਤਰ ਅਨੁਸਾਰ:

'ਇਹ ਬਾਤ ਨਿਰੀ ਏਨੀ ਹੀ ਨਹੀਂ,
ਨਾ ਇਹ ਮਸਲਾ ਸਿਰਫ਼ ਕਿਸਾਨ ਦਾ ਏ।
ਇਹ ਪਿੰਡ ਦੇ ਵਸਦੇ ਰਹਿਣ ਦਾ ਏ,
ਜਿਹਨੂੰ ਤੌਖ਼ਲਾ ਉੱਜੜ ਜਾਣ ਦਾ ਏ।'

ਮੌਜੂਦਾ ਪਰਵਾਸ ਖ਼ੌਫ਼ਨਾਕ ਹੜ੍ਹ ਹੈ, ਜਿਸ ਦੀਆਂ ਤਾਕਤਵਰ ਛੱਲਾਂ ਪੰਜਾਬ ਨੂੰ ਰੋੜ੍ਹ ਕੇ ਲੈ ਗਈਆਂ, ਇਹ ਪਰਵਾਸ ਅੱਗ ਦੀਆਂ ਭਿਆਨਕ ਲਾਟਾਂ ਹਨ, ਜੋ ਬਚੇ-ਖੁਚੇ ਨੂੰ ਸਾੜ ਰਹੀਆਂ ਹਨ। ਢਿੱਡ, ਭੁੱਖ, ਰੋਟੀ, ਅਰਥ-ਸ਼ਾਸਤਰੀ ਅਜਿਹੇ ਲਫ਼ਜ਼ਾਂ ਨਾਲ ਪਰਵਾਸ ਦੀ ਪਰਿਭਾਸ਼ਾ ਬਿਆਨ ਕਰਕੇ ਸੁਰਖਰੂ ਤਾਂ ਹੋ ਰਹੇ ਹਨ, ਪਰ ਉਹ ਪਰਿਭਾਸ਼ਾਵਾਂ ਜੋ ਕਿਸੇ ਖਿੱਤੇ ਨੂੰ ਹੀ ਨਿਗਲ ਜਾਣ ਕੇਵਲ ਪਰਿਭਾਸ਼ਾਵਾਂ ਹੀ ਨਹੀਂ ਹੁੰਦੀਆਂ, ਪਰਿਭਾਸ਼ਾਵਾਂ ਦੇ ਰੂਪ 'ਚ ਦੈਂਤ ਹੁੰਦੀਆਂ ਨੇ।

ਕੋਈ ਢੋਲ ਵਜਾਵੋ ਕੋਈ ਚੀਕਾਂ ਮਾਰੋ
ਕੋਈ ਕੋਠੇ ਚੜ੍ਹ ਕੇ ਰੌਲਾ ਪਾਵੋ।
ਉਜੜ ਰਹੇ ਪੰਜਾਬ ਨੂੰ ਬਚਾਵੋ।

# ਵਾਸ਼ਿੰਗਟਨ ਡੀ.ਸੀ. ਵਿੱਚ ਭਿਆਨਕ ਹਵਾਈ ਹਾਦਸਾ: ਹੁਣ ਤੱਕ 28 ਤੋਂ ਵੱਧ ਲੋਕਾਂ ਦੀ ਮੌਤ, ਜਾਂਚ ਜਾਰੀ

ਵਾਸ਼ਿੰਗਟਨ, ਡੀਸੀ – ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ ਵਿੱਚ ਇੱਕ ਖਤਰਨਾਕ ਹਵਾਈ ਹਾਦਸਾ ਹੋਇਆ ਹੈ ਜਿਸ ਵਿੱਚ 28 ਲੋਕਾਂ ਦੀ ਮੌਤ ਹੋ ਗਈ ਹੈ। ਇਹ ਹਾਦਸਾ ਅਮਰੀਕਨ ਏਅਰਲਾਈਨਜ਼ ਦੇ ਇੱਕ ਰੀਜਨਲ ਪੈਸੇਂਜਰ ਜੈਟ ਅਤੇ ਅਮਰੀਕੀ ਫੌਜ ਦੇ ਬਲੈਕ ਹਾਕ ਹੈਲਿਕਾਪਟਰ ਦੇ ਦਰਮਿਆਨ ਹੋਈ ਟਕਰ ਨਾਲ ਹੋਇਆ। ਦੋਵੇਂ ਵਿਮਾਨ ਪੋਟੋਮੈਕ ਦਰਿਆ ਵਿੱਚ ਡਿੱਗ ਗਏ। ਇਹ ਹਾਦਸਾ ਬੁਧਵਾਰ ਰਾਤ ਨੂੰ ਰੀਗਨ ਵੋਸ਼ਿੰਗਟਨ ਨੇਸ਼ਨਲ ਏਅਰਪੋਰਟ ਦੇ ਨੇੜੇ ਹੋਇਆ।

ਰਿਓਟਰਜ਼ ਦੀ ਰਿਪੋਰਟ ਦੇ ਮੁਤਾਬਿਕ, ਇਸ ਹਾਦਸੇ ਵਿੱਚ ਹਵਾਈ ਜਹਾਜ਼ ਵਿੱਚ ਸਵਾਰ 64 ਲੋਕ ਸਵਾਰ ਸੀ, ਜਿਨ੍ਹਾਂ ਵਿੱਚੋਂ 28 ਦੀਆਂ ਲਾਸ਼ਾਂ ਮਿਲ ਚੁੱਕੀਆਂ ਹਨ। ਹਾਲਾਂਕਿ ਅਧਿਕਾਰੀਆਂ ਨੇ ਮੌਤਾਂ ਦੀ ਅਧਿਕਾਰਿਕ ਗਿਣਤੀ ਦੀ ਪੁਸ਼ਟੀ ਨਹੀਂ ਕੀਤੀ ਹੈ, ਪਰ ਅਮਰੀਕੀ ਸੀਨੇਟਰ ਰੋਜਰ ਮਾਰਸ਼ਲ ਨੇ ਇਹ ਸੰਦਾ ਦਿੱਤਾ ਕਿ ਜਹਾਜ਼ ਵਿੱਚ ਜ਼ਿਆਦਾਤਰ ਲੋਕਾਂ ਦੀ ਮੌਤ ਹੋ ਗਈ ਹੈ। ਉਨ੍ਹਾਂ ਕਿਹਾ, "ਇੱਕ ਵਿਅਕਤੀ ਦੀ ਮੌਤ ਇੱਕ ਤਰਾਸਦੀ ਹੁੰਦੀ ਹੈ, ਪਰ ਜਦੋਂ ਇਨ੍ਹਾਂ ਵੱਡੀ ਗਿਣਤੀ ਵਿੱਚ ਲੋਕ ਮਾਰੇ ਜਾਂਦੇ ਹਨ, ਤਾਂ ਇਹ ਇਕ ਦਿਲ ਦਹਲਾਉਣ ਵਾਲੀ ਘਟਨਾ ਹੁੰਦੀ ਹੈ।"

ਅਮਰੀਕਨ ਏਅਰਲਾਈਨਜ਼ ਨੇ ਪੁਸ਼ਟੀ ਕੀਤੀ ਹੈ ਕਿ ਜਹਾਜ਼ ਵਿੱਚ 60 ਯਾਤਰੀ ਅਤੇ 4 ਕਰੂ ਮੈਂਬਰ ਸਵਾਰ ਸਨ। ਖਬਰਾਂ ਦੇ ਮੁਤਾਬਿਕ, ਬਲੈਕ ਹਾਕ



ਹੈਲਿਕਾਪਟਰ ਵਿੱਚ ਤਿੰਨ ਫੌਜੀ ਸਨ ਜੋ ਟ੍ਰੇਨਿੰਗ ਮਿਸ਼ਨ 'ਤੇ ਸੀ। ਇਹ ਟਕਰ ਉਸ ਸਮੇਂ ਵਿੱਚ ਹੋਈ, ਜਦੋਂ ਜਹਾਜ਼ ਕੈਂਸਾਸ ਦੇ ਵਿੱਛਿਟਾ ਤੋਂ ਉਡਾਨ ਭਰ ਕੇ ਰੀਗਨ ਏਅਰਪੋਰਟ 'ਤੇ ਉਤਰਣ ਲਈ ਤਿਆਰ ਹੋ ਰਿਹਾ ਸੀ। ਹਵਾਈ ਟ੍ਰੈਫਿਕ ਕੰਟਰੋਲ ਅਤੇ ਹੈਲਿਕਾਪਟਰ ਕਰੂ ਵਿਚਕਾਰ ਗੱਲਬਾਤ ਦੇ ਅਧਾਰ 'ਤੇ ਇਹ ਜ਼ਾਹਿਰ ਹੁੰਦਾ ਹੈ ਕਿ ਹੈਲਿਕਾਪਟਰ ਪਾਇਲਟ ਨੂੰ ਜਹਾਜ਼ ਦੀ ਮੌਜੂਦਗੀ ਦਾ ਪਤਾ ਸੀ।

ਵਾਸ਼ਿੰਗਟਨ ਡੀਸੀ ਦੇ ਫਾਇਰ ਚੀਫ਼ ਜੌਨ ਡੋਨੇਲੀ ਨੇ ਦੱਸਿਆ ਕਿ 300 ਤੋਂ ਵੱਧ ਰੇਸਕਿਊ ਟੀਮਾਂ ਦੇ ਮੈਂਬਰ ਇਸ ਆਪਰੇਸ਼ਨ ਵਿੱਚ ਸ਼ਾਮਲ ਹਨ। ਉਨ੍ਹਾਂ ਕਿਹਾ, "ਹਾਲਾਤ ਬਹੁਤ ਹੀ ਔਖੇ ਹਨ। ਪਾਣੀ ਬਹੁਤ ਠੰਢਾ ਹੈ ਅਤੇ ਤਿੱਖੀਆਂ ਹਵਾਵਾਂ ਰਾਹਤ ਕਾਰਜ ਵਿੱਚ ਰੁਕਾਵਟ ਪਾ ਰਹੀਆਂ ਹਨ।" ਤਜਰਬੇਕਾਰਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਠੰਡੀ ਨਦੀ ਵਿੱਚ ਡਿੱਗਣ ਤੋਂ ਬਾਅਦ ਵਿਅਕਤੀ ਸਿਰਫ 15 ਤੋਂ 30 ਮਿੰਟ ਤੱਕ ਹੀ ਹੋਸ਼ ਵਿੱਚ ਰਹਿ ਸਕਦਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਹਾਦਸੇ 'ਤੇ ਪ੍ਰਤਿਕਿਰਿਆ ਦਿਤੀ ਅਤੇ ਹੈਲਿਕਾਪਟਰ ਕਰੂ ਅਤੇ ਹਵਾਈ ਟ੍ਰੈਫਿਕ ਕੰਟਰੋਲ ਦੀ ਭੂਮਿਕਾ 'ਤੇ ਸਵਾਲ ਉਠਾਏ। ਉਨ੍ਹਾਂ ਕਿਹਾ, "ਇਹ ਇਕ ਭਿਆਨਕ ਸਥਿਤੀ ਹੈ ਜੋ ਸ਼ਾਇਦ ਰੋਕੀ ਜਾ ਸਕਦੀ ਸੀ। ਇਹ ਬਹੁਤ ਦੁੱਖਦਾਇਕ ਹੈ!"

ਜ਼ਿਕਰਯੋਗ ਹੈ ਕਿ ਇਸ ਸਥਾਨ 'ਤੇ 1982 ਵਿੱਚ ਵੀ ਇੱਕ ਵੱਡਾ ਹਵਾਈ ਹਾਦਸਾ ਹੋ ਚੁੱਕਾ ਸੀ, ਜਦੋਂ ਏਅਰ ਫਲੋਰੀਡਾ ਫਲਾਈਟ 90 ਪੋਟੋਮੈਕ ਦਰਿਆ ਵਿੱਚ ਡਿੱਗ ਗਈ ਸੀ, ਜਿਸ ਵਿੱਚ 74 ਲੋਕਾਂ ਦੀ ਮੌਤ ਹੋਈ ਸੀ। ਅਮਰੀਕਾ ਵਿੱਚ ਅਖੀਰਲਾ ਵੱਡਾ ਹਵਾਈ ਹਾਦਸਾ 2009 ਵਿੱਚ ਹੋਇਆ ਸੀ, ਜਦੋਂ ਕੋਲਗਨ ਏਅਰ ਫਲਾਈਟ ਨਿਊ ਯਾਰਕ ਵਿੱਚ ਹਾਦਸੇ ਦਾ ਸ਼ਿਕਾਰ ਹੋ ਗਈ ਸੀ।

ਹਾਦਸੇ ਦੀ ਜਾਂਚ ਜਾਰੀ ਹੈ ਅਤੇ ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (FAA) ਇਸ ਬਾਰੇ ਗਹਿਰਾਈ ਨਾਲ ਜਾਂਚ ਕਰ ਰਹੀ ਹੈ। ਅਮਰੀਕੀ ਅਧਿਕਾਰੀਆਂ ਨੇ ਹਵਾਈ ਟ੍ਰੈਫਿਕ ਦੀ ਸੁਰੱਖਿਆ ਅਤੇ ਸੰਚਾਰ ਪ੍ਰਕਿਰਿਆ ਨੂੰ ਮੁੜ ਜਾਂਚਣ ਦਾ ਇਰਾਦਾ ਕੀਤਾ ਹੈ, ਤਾਕਿ ਭਵਿੱਖ ਵਿੱਚ ਇਸ ਤਰ੍ਹਾਂ ਦੇ ਹਾਦਸੇ ਤੋਂ ਬਚਿਆ ਜਾ ਸਕੇ।

ਇਹ ਹਾਦਸਾ ਨਾ ਸਿਰਫ਼ ਅਮਰੀਕਾ, ਬਲਕਿ ਦੁਨੀਆਂ ਭਰ ਵਿੱਚ ਇੱਕ ਭਿਆਨਕ ਵਾਰਨਿੰਗ ਦੇ ਤੌਰ 'ਤੇ ਦਿਖਾਈ ਦੇ ਰਿਹਾ ਹੈ। ਜਾਂਚ ਅਤੇ ਰੇਸਕਿਊ ਕਾਰਜਾਂ ਦੀ ਰਫ਼ਤਾਰ ਬੇਹੱਦ ਤੇਜ਼ੀ ਨਾਲ ਚੱਲ ਰਹੀ ਹੈ, ਅਤੇ ਲੋਕ ਇਸ ਉਮੀਦ ਨਾਲ ਦੇਖ ਰਹੇ ਹਨ ਕਿ ਮੌਤਾਂ ਦੀ ਗਿਣਤੀ ਵਿੱਚ ਹੋਰ ਵਾਧਾ ਨਾ ਹੋਵੇ।

# ਹਮਾਸ ਨੇ 3 ਇਜ਼ਰਾਈਲੀ ਬੰਧਕ ਅਤੇ ਥਾਈਲੈਂਡ ਦੇ 5 ਨਾਗਰਿਕ ਕੀਤੇ ਰਿਹਾਅ; ਇਜ਼ਰਾਈਲ 110 ਫਿਲਿਸਤੀਨੀ ਕੈਦੀਆਂ ਨੂੰ ਛੱਡਿਆ

ਗਾਜ਼ਾ : ਵੀਰਵਾਰ ਨੂੰ ਹਮਾਸ ਨੇ 7 ਅਕਤੂਬਰ 2023 ਨੂੰ ਬੰਧਕ ਬਣਾਏ ਗਏ 3 ਇਜ਼ਰਾਈਲੀ ਅਤੇ 5 ਥਾਈਲੈਂਡ ਨਾਗਰਿਕਾਂ ਨੂੰ ਸੀਜਫਾਇਰ ਸਮਝੌਤੇ ਦੇ ਤਹਿਤ ਰਿਹਾ ਕਰ ਦਿੱਤਾ।

ਹਮਾਸ ਨੇ ਬੰਧਕਾਂ ਦੀ ਰਿਹਾਈ ਦੋ ਚਰਨਾਂ ਵਿੱਚ ਕੀਤੀ। ਪਹਿਲੀ ਰਿਹਾਈ ਵਿੱਚ, ਇਜ਼ਰਾਈਲੀ ਬੰਧਕ ਅਗਮ ਬਰਗਰ ਨੂੰ ਜਬਾਲੀਆ ਤੋਂ ਛੱਡਿਆ ਅਤੇ ਇਸ ਦੇ 4 ਘੰਟੇ ਬਾਅਦ ਬਾਕੀ 7 ਬੰਧਕਾਂ ਨੂੰ ਖਾਨ ਯੂਨੀਸ ਤੋਂ ਰਿਹਾ ਕੀਤਾ ਗਿਆ।

ਰਿਹਾਅ ਹੋਣ ਵਾਲੇ ਇਜ਼ਰਾਈਲੀ ਬੰਧਕਾਂ ਵਿੱਚ ਅਰਬਲ ਯਹੂਦ, ਅਗਮ ਬਰਗਰ ਅਤੇ ਗਦੀ ਮੋਜ਼ੇ ਮੂਸਾ ਸ਼ਾਮਲ ਹਨ। ਇਹ ਸਾਰੇ ਬੰਧਕ ਹਮਾਸ ਦੇ ਹਮਲੇ ਵਿੱਚ ਫਸ ਗਏ ਸੀ। ਇਸ ਰਿਹਾਈ ਦੇ ਬਾਅਦ, ਇਜ਼ਰਾਈਲ ਨੇ ਫਿਲਿਸਤੀਨੀ ਕੈਦੀਆਂ ਦੀ ਰਿਹਾਈ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ।ਇਜ਼ਰਾਈਲ 110 ਫਿਲਿਸਤੀਨੀ ਕੈਦੀਆਂ ਨੂੰ ਰਿਹਾਅ ਕਰੇਗਾ ਜਿਨ੍ਹਾਂ ਵਿੱਚੋਂ 30 ਨਾਬਾਲਿਗ ਹਨ।

ਹਮਾਸ-ਇਜ਼ਰਾਈਲ ਦੂਜੇ ਦਰਜੇ ਦੀ ਬੰਧਕ ਅਦਲਾ ਬਦਲੀ ਦੇ



ਤਹਿਤ ਤਿੰਨ ਚਰਨਾਂ ਵਿੱਚ ਹੁਣ ਤੱਕ 11 ਇਜ਼ਰਾਈਲੀ ਬੰਧਕਾਂ ਨੂੰ ਰਿਹਾਅ ਕੀਤਾ ਜਾ ਚੁੱਕਾ ਹੈ। ਪਹਿਲੇ ਅਤੇ ਦੂਜੇ ਚਰਨ ਵਿੱਚ 10 ਇਜ਼ਰਾਈਲੀ ਮਹਿਲਾ ਬੰਧਕਾਂ ਅਤੇ 1 ਬਜ਼ੁਰਗ ਬੰਧਕ ਨੂੰ ਰਿਹਾਅ ਕੀਤਾ ਗਿਆ ਸੀ। ਇਜ਼ਰਾਈਲ ਨੇ ਇਸ ਦੇ ਬਦਲੇ ਵਿੱਚ 400 ਤੋਂ ਵੱਧ ਫਿਲਿਸਤੀਨੀ ਕੈਦੀਆਂ ਨੂੰ ਰਿਹਾਅ ਕੀਤਾ ਹੈ।

ਅੱਗੇ ਵੀ ਹੋਰ ਬੰਧਕਾਂ ਦੀ ਅਦਲਾ ਬਦਲੀ ਜਾਰੀ ਰਹੇਗੀ। ਐਤਵਾਰ ਨੂੰ, ਹਮਾਸ ਇਜ਼ਰਾਈਲ ਦੇ 3 ਹੋਰ ਬੰਧਕਾਂ ਨੂੰ ਛੱਡੇਗਾ। ਇਹ ਸੀਜਫਾਇਰ ਸਮਝੌਤਾ 19 ਜਨਵਰੀ ਨੂੰ 15 ਮਹੀਨੇ ਦੀ ਜੰਗ ਦੇ ਬਾਅਦ ਸ਼ੁਰੂ ਹੋਇਆ ਸੀ। ਇਸ ਦੌਰਾਨ ਬੰਧਕਾਂ ਦੀ ਅਦਲਾ ਬਦਲੀ ਹੋ ਰਹੀ ਹੈ ਅਤੇ 3 ਫਰਵਰੀ ਤੋਂ ਅਗਲੇ ਚਰਨ ਦੀ ਗੱਲਬਾਤ ਕੀਤੀ ਜਾ ਰਹੀ ਹੈ, ਜਿਸਦਾ ਮਕਸਦ ਜੰਗ ਨੂੰ ਸਥਾਈ ਤੌਰ 'ਤੇ ਖਤਮ ਕਰਨਾ ਹੈ।

ਇਜ਼ਰਾਈਲ ਅਤੇ ਹਮਾਸ ਦੀ ਜੰਗ ਦੇ 15 ਮਹੀਨੇ ਬਾਅਦ, 3 ਲੱਖ ਤੋਂ ਵੱਧ ਫਿਲਿਸਤੀਨੀ ਨਾਗਰਿਕ ਰਫਾ ਬਾਰਡਰ ਅਤੇ ਦੱਖਣੀ ਗਾਜਾ ਦੇ ਇਲਾਕੇ ਤੋਂ ਉੱਤਰੀ ਗਾਜਾ ਵੱਲ ਵਾਪਸ ਮੁੜ ਚੁੱਕੇ ਹਨ। 27 ਜਨਵਰੀ ਨੂੰ ਇਜ਼ਰਾਈਲ ਨੇ ਫਿਲਿਸਤੀਨੀ ਨਾਗਰਿਕਾਂ ਨੂੰ ਉੱਤਰੀ ਗਾਜਾ ਵਿੱਚ ਵਾਪਸ ਆਉਣ ਦੀ ਆਗਿਆ ਦਿੱਤੀ। ਇਸ ਤੋਂ ਪਹਿਲਾਂ ਜੰਗ ਸ਼ੁਰੂ ਹੋਣ 'ਤੇ 10 ਲੱਖ ਤੋਂ ਵੱਧ ਲੋਕ ਦੱਖਣ ਵੱਲ ਭੱਜ ਗਏ ਸਨ।

ਅਲ ਜਜ਼ੀਰਾ ਦੀ ਰਿਪੋਰਟ ਅਨੁਸਾਰ, ਗਾਜਾ ਵਿੱਚ ਇਜ਼ਰਾਈਲੀ ਹਮਲਿਆਂ ਵਿੱਚ 47,000 ਤੋਂ ਵੱਧ ਲੋਕ ਮਾਰੇ ਗਏ ਹਨ ਅਤੇ 1.10 ਲੱਖ ਤੋਂ ਵੱਧ ਲੋਕ ਜ਼ਖਮੀ ਹੋਏ ਹਨ।

# ਅਮਰੀਕਾ 'ਚ ਲੇਅਸ ਦੇ ਆਲੂ ਚਿਪਸ ਕੀਤੇ ਰੀਕਾਲ, ਫ਼ੂਡ ਐਲਰਜੀ ਦਾ ਖ਼ਤਰਾ

ਵਾਸ਼ਿੰਗਟਨ : ਅਮਰੀਕਾ ਵਿੱਚ ਓਰੇਗਨ ਅਤੇ ਵਾਸ਼ਿੰਗਟਨ ਸੂਬਿਆਂ ਤੋਂ ਲੇਅਸ ਕਲਾਸਿਕ ਪੋਟੈਟੋ ਚਿਪਸ ਨੂੰ ਵਾਪਸ ਲਿਆ ਜਾ ਰਿਹਾ ਹੈ। ਖੁਰਾਕ ਅਤੇ ਦਵਾਈ ਪ੍ਰਸ਼ਾਸਨ (FDA) ਨੇ ਇਸ ਰੀਕਾਲ ਦਾ ਐਲਾਨ ਕੀਤਾ ਹੈ ਕਿਉਂਕਿ ਚਿਪਸ ਦੇ ਉਤਪਾਦ ਵਿੱਚ ਇੱਕ ਐਲਰਜੀ ਕਾਰਕ ਚੀਜ਼ ਸ਼ਾਮਲ ਕੀਤੀ ਗਈ ਸੀ, ਜਿਸ ਦਾ ਉਲੇਖਣ ਪੈਕੇਟ 'ਤੇ ਨਹੀਂ ਕੀਤਾ ਗਿਆ। ਇਹ ਸਮੱਸਿਆ ਬਹੁਤ ਸਾਰੇ ਲੋਕਾਂ ਲਈ ਸਿਹਤ ਲਈ ਖ਼ਤਰਾ ਪੈਦਾ ਕਰ ਸਕਦੀ ਹੈ, ਖਾਸ ਕਰਕੇ ਉਹਨਾਂ ਲੋਕਾਂ ਲਈ ਜਿਨ੍ਹਾਂ ਨੂੰ ਦੁੱਧ ਤੋਂ ਐਲਰਜੀ ਹੈ।

ਅਮਰੀਕਾ ਵਿੱਚ ਲਗਭਗ 49 ਲੱਖ ਲੋਕ ਦੁੱਧ ਤੋਂ ਐਲਰਜੀ ਦਾ ਸ਼ਿਕਾਰ ਹਨ, ਜਿਨ੍ਹਾਂ ਵਿੱਚ ਬੱਚੇ ਜ਼ਿਆਦਾ ਮਾਤਰਾ ਵਿੱਚ ਸ਼ਾਮਲ ਹਨ। ਦੁੱਧ ਤੋਂ ਹੋਣ ਵਾਲੀ ਐਲਰਜੀ ਦੇ ਲੱਛਣ ਕਾਫੀ ਗੰਭੀਰ ਹੋ ਸਕਦੇ ਹਨ, ਜਿਸ ਵਿੱਚ ਘਬਰਾਹਟ, ਉਲਟੀ, ਪਿੱਤ ਬਣਨਾ ਅਤੇ ਹਾਜਮੇ ਵਿੱਚ ਸਮੱਸਿਆਵਾਂ ਸ਼ਾਮਲ ਹਨ। ਕੁਝ ਬਹੁਤ ਹੀ ਗੰਭੀਰ ਮਾਮਲਿਆਂ ਵਿੱਚ, ਐਨਾਫਿਲੈਕਸਿਸ (ਜੋ ਕਿ ਇੱਕ ਜਾਨਲੇਵਾ ਸਥਿਤੀ ਹੈ) ਵੀ ਹੋ ਸਕਦਾ



ਹੈ, ਜਿਸ ਨਾਲ ਸਰੀਰ ਵਿੱਚ ਹਵਾ ਦੇ ਰਸਤੇ ਰੁਕ ਜਾਂਦੇ ਹਨ ਅਤੇ ਸਾਹ ਲੈਣ ਵਿੱਚ ਪਰੇਸ਼ਾਨੀ ਆਉਂਦੀ ਹੈ।

ਐਨਾਫਿਲੈਕਸਿਸ ਦੁੱਧ ਤੋਂ ਹੋਣ ਵਾਲੀ ਐਲਰਜੀ ਦੇ ਤੀਸਰੇ ਸਭ ਤੋਂ ਆਮ ਗੰਭੀਰ ਨਤੀਜੇ ਵਜੋਂ ਸਾਹਮਣੇ ਆਉਂਦੀ ਹੈ। ਅਮਰੀਕਾ ਵਿੱਚ ਸਾਲਾਨਾ 500 ਤੋਂ 1,000 ਲੋਕ ਐਨਾਫਿਲੈਕਸਿਸ ਦੇ ਕਾਰਨ ਮਰ ਜਾਂਦੇ ਹਨ, ਜਿਹਨਾਂ ਵਿੱਚੋਂ ਬਹੁਤ ਸਾਰੇ ਦੁੱਧ ਤੋਂ ਹੋਣ ਵਾਲੀ ਐਲਰਜੀ ਦੇ ਸ਼ਿਕਾਰ ਹੁੰਦੇ ਹਨ।

ਬੱਚਿਆਂ ਵਿੱਚ ਦੁੱਧ ਵਾਲੀ ਐਲਰਜੀ ਦੇ ਲੱਛਣ ਧੀਮੇ ਰੂਪ ਵਿੱਚ ਉਭਰਦੇ ਹਨ। ਇਹ ਲੱਛਣ ਕੁਝ ਘੰਟਿਆਂ ਤੋਂ ਲੈ ਕੇ ਕਈ ਦਿਨਾਂ ਤੱਕ ਦਾ ਸਮਾਂ ਲੈ ਸਕਦੇ ਹਨ। ਦੁੱਧ ਪੀਣ ਤੋਂ ਬਾਅਦਪੇਟ ਵਿੱਚ ਦਰਦ ਅਤੇ ਲੂਜ਼ ਮੋਸ਼ਨ , ਡਾਇਰੀਆ, ਚਮੜੀ 'ਤੇ ਦਾਨੇ, ਨੱਕ ਵਹਿਣਾ, ਭਾਰ ਅਤੇ ਕੱਦ ਦਾ ਨਾ ਵਧਣਾ ਆਦਿ ਲੱਛਣ ਪੇਸ਼ ਹੋ ਸਕਦੇ ਹਨ। ਲੇਅਸ ਕਲਾਸਿਕ ਪੋਟੈਟੋ ਚਿਪਸ ਦੇ ਰੀਕਾਲ ਨੂੰ FDA ਦੁਆਰਾ ਕੰਪਨੀ ਦੀ ਪਛਾਣ ਦੇ ਨਾਲ ਨਾਲ ਉਪਭੋਗਤਾਵਾਂ ਨੂੰ ਇਹ ਸੂਚਿਤ ਕੀਤਾ ਗਿਆ ਹੈ ਕਿ ਉਤਪਾਦ ਵਿੱਚ ਅਜਿਹੀ ਚੀਜ਼ ਮਿਲੀ ਹੈ ਜੋ ਦੁੱਧ ਤੋਂ ਐਲਰਜੀ ਵਾਲੇ ਲੋਕਾਂ ਲਈ ਖ਼ਤਰੇ ਦਾ ਕਾਰਨ ਬਣ ਸਕਦੀ ਹੈ। ਉਪਭੋਗਤਾਵਾਂ ਨੂੰ ਚਿਪਸ ਖਾਣ ਤੋਂ ਬਚਣ ਅਤੇ ਖਰੀਦਦਾਰੀ ਨਾ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।

Diamond
Sweets & Restaurant
3 LOCATIONS
» SURREY
#102-15933 Fraser Hwy, Surrey, BC
604-593-5566
» LANGLEY
#102-7228 192 St. Langley, BC
604-372-4949
» DELTA
#160-8047 120St. Delta, BC
604-5917277
Specialised in all kinds of Indian Sweets & Foods
We do Catering for all Occasions
Open 7 days a Week
10:00am to 10:00pm



ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ
REPAIR & SERVICES
ਸੰਪਰਕ ਕਰੋ
604-773-7258 (ਸਰੀ)



ਲੇਖਕ : ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

# ਨੇਲੀ ਕਤਲੇਆਮ ਦੇ ਭੁੱਲੇ-ਵਿਸਰੇ 42 ਵਰ੍ਹੇ

ਭਾਰਤ ਵਿਚ ਧਾਰਮਿਕ ਘੱਟਗਿਣਤੀਆਂ ਦੇ ਕਤਲੇਆਮ ਦੀ ਗੱਲ ਕਰਦਿਆਂ ਆਮ ਤੌਰ 'ਤੇ ਸਿੱਖਾਂ ਦੇ ਕਤਲੇਆਮ (1984), ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ ਮੁਸਲਮਾਨਾਂ ਦੇ ਕਤਲੇਆਮ (1992) ਅਤੇ ਫਿਰ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ (2002) ਦੀਆਂ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ ਪਰ ਚਾਰ ਦਹਾਕੇ ਪਹਿਲਾਂ ਹੋਏ ਨੇਲੀ ਕਤਲੇਆਮ ਨੂੰ ਇਸ ਤਰ੍ਹਾਂ ਭੁਲਾ ਦਿੱਤਾ ਗਿਆ ਹੈ ਜਿਵੇਂ ਇਹ ਹੋਇਆ ਹੀ ਨਾ ਹੋਵੇ। ਹਾਲਾਂਕਿ ਇਹ ਅਜਿਹਾ ਪਹਿਲਾਂ ਕਤਲੇਆਮ ਹੋਣ ਦੇ ਨਾਲ-ਨਾਲ ਆਪਣੀ ਹੌਲਨਾਕ ਵਿਆਪਕਤਾ ਪੱਖੋਂ ਦੇਖਿਆਂ ਬਹੁਤ ਵੱਡਾ ਕਤਲੇਆਮ ਵੀ ਸੀ। ਜੇ ਮੁਲਕ ਦੇ ਲੋਕ ਇਸ ਕਤਲੇਆਮ ਪ੍ਰਤੀ ਮਨੁੱਖੀ ਸੰਵੇਦਨਸ਼ੀਲ ਦਿਖਾ ਕੇ ਭਾਰਤੀ ਹੁਕਮਰਾਨਾਂ ਅਤੇ ਇਸ ਲਈ ਜ਼ਿੰਮੇਵਾਰ ਹੋਰ ਸਮਾਜ ਵਿਰੋਧੀ ਤਾਕਤਾਂ ਨੂੰ ਜਵਾਬਦੇਹ ਬਣਾਉਂਦੇ ਤਾਂ ਸ਼ਾਇਦ ਧਾਰਮਿਕ ਘੱਟਗਿਣਤੀਆਂ ਤੇ ਹੋਰ ਹਾਸ਼ੀਆਗ੍ਰਸਤ ਹਿੱਸਿਆਂ ਦੇ ਉਹ ਹੌਲਨਾਕ ਕਾਂਡ ਉਸ ਪੈਮਾਨੇ 'ਤੇ ਨਾ ਵਾਪਰਦੇ ਜਿਵੇਂ ਅਗਲੇ ਦਹਾਕਿਆਂ 'ਚ ਹਕੂਮਤਾਂ ਦੀ ਰਾਜਸੀ ਤੇ ਰਾਜਕੀ ਪੁਸ਼ਤ-ਪਨਾਹੀ ਨੇ ਬੇਖ਼ੌਫ਼ ਹੋ ਕੇ ਨੰਗਾ ਨਾਚ ਨੱਚਿਆ। 41 ਸਾਲ ਪਹਿਲਾਂ 18 ਫਰਵਰੀ 1983 ਦੇ ਦਿਨ ਇਕ ਵੱਡੇ ਹਜੂਮ ਨੇ ਅਸਾਮ ਦੇ ਕੇਂਦਰੀ ਜ਼ਿਲ੍ਹੇ, ਮੋਰੀਗਾਓਂ ਵਿਚ ਨੇਲੀ ਤੇ ਇਸ ਦੇ ਨਾਲ ਲੱਗਦੇ 14 ਪਿੰਡਾਂ ਦੇ 2000 ਤੋਂ ਵੱਧ ਮੁਸਲਮਾਨਾਂ ਨੂੰ ਬੇਹੱਦ ਕਰੂਰਤਾ ਨਾਲ ਕਤਲ ਕਰ ਕੇ ਛੇ-ਸੱਤ ਘੰਟਿਆਂ 'ਚ ਲਾਸ਼ਾਂ ਹੀ ਲਾਸ਼ਾਂ ਵਿਛਾ ਦਿੱਤੀਆਂ ਸਨ। ਸਰਕਾਰੀ ਅੰਕੜਿਆਂ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 2091, ਜਦਕਿ ਗੈਰਸਰਕਾਰੀ ਅੰਦਾਜ਼ਿਆਂ ਅਨੁਸਾਰ 7000 ਤੋਂ ਵੱਧ ਸੀ।

ਮਾਰੇ ਜਾਣ ਵਾਲੇ ਬੰਗਾਲੀ ਮੂਲ ਦੇ ਮੁਸਲਮਾਨ ਸਨ ਅਤੇ ਕਤਲੇਆਮ ਨੂੰ ਅੰਜਾਮ ਦੇਣ ਵਾਲੇ ਸਥਾਨਕ ਅਸਾਮੀ ਤੇ ਹੋਰ ਸਥਾਨਕ ਭਾਈਚਾਰਿਆਂ ਦੇ ਹਜੂਮ ਸਨ ਜੋ ਤਲਵਾਰਾਂ, ਖੰਜਰਾਂ, ਚਾਕੂਆਂ, ਤ੍ਰਿਸ਼ੂਲਾਂ ਅਤੇ ਪੈਟਰੋਲ ਨਾਲ ਲੈਸ ਸਨ। ਹਮਲਾਵਰ ਹਜੂਮ ਸਧਾਰਨ ਰੋਜ਼ਮੱਰਾ ਕੰਮਾਂ ਕਾਰਾਂ 'ਚ ਲੱਗੇ ਇਨ੍ਹਾਂ ਨਿਹੱਥੇ, ਬੇਖ਼ਬਰ ਮੁਸਲਮਾਨਾਂ ਉੱਪਰ ਉਸੇ ਤਰ੍ਹਾਂ ਟੁੱਟ ਪਏ ਜਿਵੇਂ ਇਸ ਤਰ੍ਹਾਂ ਦੇ ਕਤਲੇਆਮਾਂ ਨੂੰ ਅੰਜਾਮ ਦੇਣ ਸਮੇਂ ਆਮ ਹੀ ਵਾਪਰਦਾ ਹੈ। ਘੁੱਗ ਵਸਦੇ ਘਰ ਵੱਢੀਆਂ-ਟੁੱਕੀਆਂ ਲਾਸ਼ਾਂ ਅਤੇ ਰਾਖ ਦੇ ਢੇਰਾਂ 'ਚ ਬਦਲ ਦਿੱਤੇ ਗਏ। ਚੋਣਾਂ ਕਰਾਉਣ ਲਈ ਸੀ.ਆਰ.ਪੀ.ਐੱਫ. ਦੀਆਂ ਚਾਰ ਸੌ ਕੰਪਨੀਆਂ ਅਤੇ ਭਾਰਤੀ ਫ਼ੌਜ ਦੇ 11 ਨੰਬਰ ਬ੍ਰਿਗੇਡ ਦੀ ਵਿਆਪਕ ਤਾਇਨਾਤੀ ਵੀ ਨਿਤਾਣੇ ਹਿੱਸਿਆਂ ਨੂੰ ਕੋਈ ਸੁਰੱਖਿਆ ਨਹੀਂ ਦੇ ਸਕੀ। ਪੱਤਰਕਾਰ ਅਰੁਣ ਸ਼ੋਰੀ, ਜੋ ਬਾਅਦ ਵਿਚ ਭਾਰਤ ਦੇ ਵੱਡੇ ਪੱਤਰਕਾਰ ਬਣੇ ਅਤੇ ਹਕੂਮਤ ਦਾ ਹਿੱਸਾ ਵੀ ਬਣੇ, ਦੀ ਖੋਜ ਭਰਪੂਰ ਰਿਪੋਰਟ (ਇੰਡੀਆ ਟੂਡੇ, ਅੰਕ 15 ਮਾਰਚ 1983) ਨੇ ਖ਼ੁਲਾਸਾ ਕੀਤਾ ਸੀ ਕਿ ਪੁਲਿਸ ਨੂੰ ਘਟਨਾ ਦੇ ਕਤਲੇਆਮ ਤੋਂ ਤਿੰਨ ਦਿਨ ਪਹਿਲਾਂ ਹੀ ਹੋਣ ਵਾਲੇ ਹਮਲੇ ਦੀ ਖ਼ਾਸ ਜਾਣਕਾਰੀ ਸੀ। ਹਮਲੇ ਨੂੰ ਰੋਕਣ ਲਈ ਕੋਈ ਪੇਸ਼ਬੰਦੀ ਨਹੀਂ ਕੀਤੀ ਗਈ।

ਜਦੋਂ ਕਤਲੇਆਮ ਸ਼ੁਰੂ ਹੋ ਗਿਆ, ਓਦੋਂ ਵੀ ਰਾਜ ਮਸ਼ੀਨਰੀ ਨੇ ਇਸ ਨੂੰ ਨਿਰਵਿਘਨ ਹੋਣ ਦਿੱਤਾ। ਅਰੁਣ ਸ਼ੋਰੀ ਨੇ ਆਪਣੀ ਰਿਪੋਰਟ ਵਿਚ ਲਿਖਿਆ ਹੈ ਕਿ ਸਵੇਰ ਨੂੰ ਹਮਲੇ ਦੀਆਂ ਇਤਲਾਹਾਂ ਮਿਲ ਜਾਣ ਦੇ ਬਾਵਜੂਦ ਪੁਲਿਸ ਅਤੇ ਨੀਮ-ਫ਼ੌਜੀ ਦਸਤੇ ਤਿੰਨ ਵਜੇ ਦੁਪਹਿਰ ਤੋਂ ਪਹਿਲਾਂ ਉੱਥੇ ਨਹੀਂ ਪਹੁੰਚੇ ਜਿਸ ਇਲਾਕੇ ਵਿਚ ਵੱਢ-ਟੁੱਕ ਅਤੇ ਸਾੜ-ਫੂਕ ਕੀਤੀ ਜਾ ਰਹੀ ਸੀ। ਮਾਕਿਕਾ ਕਿਮੂਰਾ ਨੇ ਆਪਣੇ ਅਧਿਐਨ 'ਦਿ ਨੇਲੀ ਮੈਸੇਕਰ ਆਫ 1983' ਵਿਚ ਜੋ ਮੁੱਖ ਤੌਰ 'ਤੇ ਜੁਰਮ ਨੂੰ ਅੰਜਾਮ ਦੇਣ ਵਾਲੇ ਭਾਈਚਾਰਿਆਂ ਦੇ ਮੈਂਬਰਾਂ ਨਾਲ ਇੰਟਰਵਿਊਆਂ 'ਤੇ ਆਧਾਰਿਤ ਹੈ, ਜ਼ਿਕਰ ਕੀਤਾ ਹੈ ਕਿ ਅਜਿਹੀਆਂ ਅਫ਼ਵਾਹਾਂ ਦੀ, ਜਿਨ੍ਹਾਂ ਨੂੰ ਆਲ ਅਸਾਮ ਸਟੂਡੈਂਟਸ ਯੂਨੀਅਨ ਦੇ ਕਾਰਕੁਨਾਂ ਨੇ ਵਾਜਬੀਅਤ ਮੁਹੱਈਆ ਕੀਤੀ, ਹਜੂਮਾਂ ਨੂੰ ਕਰੂਰ ਕਤਲੇਆਮ ਲਈ ਭੜਕਾਉਣ ਅਤੇ ਲਾਮਬੰਦ ਕਰਨ 'ਚ ਚੋਖੀ ਭੂਮਿਕਾ ਸੀ ਕਿ ਮੁਸਲਮਾਨ ਤਿਵਾ ਲੋਕਾਂ ਦੇ ਪਿੰਡਾਂ ਉੱਪਰ ਹਮਲੇ ਕਰਨ ਦੀ ਤਿਆਰੀ 'ਚ ਹਨ ਅਤੇ ਤਿਵਾ ਔਰਤਾਂ ਦੇ ਬਲਾਤਕਾਰ ਕੀਤੇ ਗਏ ਹਨ। ਉਪਰੋਕਤ ਕਤਲੇਆਮਾਂ ਤੋਂ ਇਲਾਵਾ, ਪਿਛਲੇ ਕਈ ਮਹੀਨਿਆਂ ਤੋਂ ਮਨੀਪੁਰ ਵਿਚ ਕੁਕੀ ਭਾਈਚਾਰੇ ਵਿਰੁੱਧ ਜਾਰੀ ਮੈਤੇਈ ਹਿੰਸਾ, ਖ਼ਾਸ ਕਰਕੇ ਔਰਤਾਂ ਵਿਰੁੱਧ ਦਿਲ-ਕੰਬਾਊ ਜਿਨਸੀ ਹਿੰਸਾ ਨੂੰ ਜਾਇਜ਼ ਠਹਿਰਾਉਣ ਲਈ ਅਜਿਹੀਆਂ ਅਫ਼ਵਾਹਾਂ ਗਿਣਮਿੱਥ ਕੇ ਫੈਲਾਈਆਂ ਗਈਆਂ ਅਤੇ ਇਹ ਹਿੰਸਾ ਨੂੰ ਅੰਜਾਮ ਦੇਣ ਵਾਲੇ ਭਾਈਚਾਰੇ ਦੇ ਵੱਡੇ ਹਿੱਸੇ ਦੀ ਸੋਚ ਦਾ ਹਿੱਸਾ ਵੀ ਬਣੀਆਂ। ਸਿੱਖ ਕਤਲੇਆਮ (1984) ਜਾਂ ਗੁਜਰਾਤ ਕਤਲੇਆਮ (2002) 'ਚ ਮਜ਼ਲੂਮ ਘੱਟਗਿਣਤੀਆਂ ਨੂੰ ਨਿਆਂ ਨਹੀਂ ਮਿਲਿਆ ਅਤੇ ਇਨ੍ਹਾਂ ਯੋਜਨਾਬੱਧ ਕਤਲੇਆਮ ਦੇ ਅਸਲ ਯੋਜਨਾਘਾੜਿਆਂ ਨੂੰ ਕਾਨੂੰਨੀ ਕਾਰਵਾਈ ਦਾ ਸਾਹਮਣਾ ਨਹੀਂ ਕਰਨਾ ਪਿਆ।

ਇਸ ਦੇ ਬਾਵਜੂਦ ਬਹੁਤ ਸਾਰੇ ਕੇਸ ਦਰਜ ਹੋਏ ਅਤੇ ਬਹੁਤ ਸਾਰੇ ਕਾਤਲਾਂ ਨੂੰ ਮੁਕੱਦਮਿਆਂ ਦਾ ਸਾਹਮਣਾ ਕਰਨਾ ਪਿਆ। ਕੁਝ ਕੁ ਨੂੰ ਸਜ਼ਾਵਾਂ ਵੀ ਹੋਈਆਂ। ਪਰ ਨੇਲੀ ਕਤਲੇਆਮ ਦੀ ਖ਼ਾਸੀਅਤ ਇਹ ਹੈ ਕਿ ਇਸ ਕਤਲੇਆਮ ਦੇ ਇਕ ਵੀ ਵਿਅਕਤੀ ਨੂੰ ਮੁਕੱਦਮੇ ਦਾ ਸਾਹਮਣਾ ਨਹੀਂ ਕਰਨਾ ਪਿਆ ਕਿਉਂਕਿ ਇਹ 'ਗੈਰਕਾਨੂੰਨੀ ਬਦੇਸ਼ੀਆਂ' ਦਾ ਕਤਲੇਆਮ ਸੀ। ਮੁਸਲਮਾਨ ਹੋਣਾ ਤਾਂ ਐਸਾ ਗੁਨਾਹ ਮੰਨਿਆ ਜਾਂਦਾ ਹੈ ਜਿਸ ਨੂੰ ਵਾਜਬ ਠਹਿਰਾਉਣ ਲਈ ਫਿਰਕੂ ਜ਼ਿਹਨੀਅਤ ਦੇ ਡੰਗੇ ਸਾਡੇ ਸਮਾਜ ਨੇ ਅਣਗਿਣਤ ਦਲੀਲਾਂ ਘੜ ਰੱਖੀਆਂ ਹਨ। ਨਾਗਰਿਕ ਸਮਾਜ ਨੇ ਵੀ ਇਸ ਕਤਲੇਆਮ ਦਾ ਗੰਭੀਰਤਾ ਨਾਲ ਨੋਟਿਸ ਨਹੀਂ ਲਿਆ। ਇਸ ਕਤਲੇਆਮ ਦੀ ਜਾਂਚ ਲਈ ਨਿਯੁਕਤ ਕੀਤੇ ਤਿਵਾੜੀ ਕਮਿਸ਼ਨ ਦੀ 600 ਪੰਨਿਆਂ ਦੀ ਰਿਪੋਰਟ ਅੱਜ ਵੀ ਗੁਪਤ ਹੈ।

ਇਹ ਰਿਪੋਰਟ 1984 'ਚ ਅਸਾਮ ਸਰਕਾਰ ਨੂੰ ਸੌਂਪੀ ਗਈ ਸੀ। ਇਸ ਕਰਕੇ, ਇਹ ਵੀ ਸਾਹਮਣੇ ਨਹੀਂ ਆਇਆ ਕਿ ਜਾਂਚ ਕਮਿਸ਼ਨ ਨੇ ਐਨੇ ਵੱਡੇ ਕਤਲੇਆਮ ਲਈ ਕਿਸ ਨੂੰ ਦੋਸ਼ੀ ਠਹਿਰਾਇਆ, ਇਸ ਦੀ ਯੋਜਨਾਬੰਦੀ ਕਰਨ ਅਤੇ ਇਸ ਨੂੰ ਅੰਜਾਮ ਦੇਣ ਵਾਲੀਆਂ ਤਾਕਤਾਂ ਕੌਣ ਸਨ। ਇਹ ਕਤਲੇਆਮ ਕੋਈ ਚਾਣਚੱਕ ਵਾਪਰਿਆ, ਸਧਾਰਨ ਕਤਲ ਕਾਂਡ ਨਹੀਂ ਸੀ। ਇਹ ਆਲ ਅਸਾਮ ਸਟੂਡੈਂਟਸ ਯੂਨੀਅਨ-ਆਲ ਅਸਾਮ ਗਣ ਸੰਗਰਾਮ ਪ੍ਰੀਸ਼ਦ ਵੱਲੋਂ ਉੱਥੇ 'ਬਦੇਸ਼ੀ ਨਾਗਰਿਕਾਂ' ਵਿਰੁੱਧ ਵਿੱਢੇ ਅੰਦੋਲਨ ਦੌਰਾਨ ਸਿਰਜੇ ਮਾਹੌਲ ਵਿਚ ਵਾਪਰਿਆ ਸੀ। ਅੰਦੋਲਨ ਦੀ ਮੰਗ ਸੀ ਕਿ 'ਗੈਰਕਾਨੂੰਨੀ ਬਦੇਸ਼ੀਆਂ' ਦੀ ਸ਼ਨਾਖ਼ਤ ਕਰ ਕੇ ਉਨ੍ਹਾਂ ਨੂੰ ਬਾਹਰ ਕੱਢਿਆ ਜਾਵੇ। ਇਹ ਵੀ ਕਿ ਜਦੋਂ ਤੱਕ 'ਬਦੇਸ਼ੀ ਨਾਗਰਿਕਾਂ' ਦੇ ਨਾਮ ਵੋਟਰ ਸੂਚੀਆਂ ਵਿੱਚੋਂ ਕੱਢ ਨਹੀਂ ਦਿੱਤੇ ਜਾਂਦੇ ਉਦੋਂ ਤੱਕ ਚੋਣਾਂ ਨਾ ਕਰਾਈਆਂ ਜਾਣ। ਕੇਂਦਰ ਸਰਕਾਰ ਨੇ 'ਹੱਲ' ਪੇਸ਼ ਕੀਤਾ ਕਿ ਮਾਰਚ 1971 ਤੋਂ ਬਾਅਦ ਰਾਜ ਵਿਚ ਦਾਖ਼ਲ ਹੋਣ ਵਾਲੇ ਆਵਾਸੀਆਂ ਨੂੰ ਵੋਟ ਦਾ ਹੱਕ ਨਹੀਂ ਦਿੱਤਾ ਜਾਵੇਗਾ ਪਰ ਅਸਾਮ ਦੇ ਰਾਜਨੀਤਕ ਗਰੁੱਪਾਂ ਨੂੰ ਇਹ 'ਹੱਲ' ਮਨਜ਼ੂਰ ਨਹੀਂ ਸੀ, ਉਹ ਇਸ ਤੋਂ ਪਹਿਲਾਂ ਦੀ ਸਮਾਂ ਹੱਦ ਤੈਅ ਕਰਨ ਦੀ ਮੰਗ ਕਰ ਰਹੇ ਸਨ। ਇਸ ਤੋਂ ਇਲਾਵਾ, ਅਸਾਮ ਦੇ ਬਹੁਨਸਲੀ-ਸੱਭਿਆਚਾਰਕ ਸਮਾਜ ਵਿਚ ਹੋਰ ਵਿਰੋਧ ਅਤੇ ਟਕਰਾਵੇਂ ਹਿਤ ਵੀ ਸਨ ਜਿਵੇਂ ਲਾਲੁੰਗ ਆਦਿਵਾਸੀਆਂ 'ਚ ਫੈਲੀ ਇਹ ਬੇਚੈਨੀ ਕਿ ਉਨ੍ਹਾਂ ਦੀ ਜ਼ਮੀਨ ਉੱਪਰ ਬੰਗਾਲੀ ਮੂਲ ਦੇ ਆਵਾਸੀਆਂ ਦਾ ਕਬਜ਼ਾ ਹੁੰਦਾ ਜਾ ਰਿਹਾ ਹੈ। ਕੇਂਦਰ ਸਰਕਾਰ ਨੇ ਕੁਝ ਗਰੁੱਪਾਂ ਦੇ ਤਿੱਖੇ ਵਿਰੋਧ ਦੇ ਬਾਵਜੂਦ ਆਪਣੀਆਂ ਚੋਣ ਗਿਣਤੀਆਂਮਿਣਤੀਆਂ ਅਨੁਸਾਰ ਅਤੇ ਫ਼ੌਜੀ ਤੇ ਨੀਮ-ਫ਼ੌਜੀ ਤਾਕਤ ਦੇ ਜ਼ੋਰ, 1983 'ਚ ਵਿਧਾਨ ਸਭਾ ਚੋਣਾਂ ਕਰਾਉਣ ਦਾ ਐਲਾਨ ਕਰ ਦਿੱਤਾ। ਆਲ ਅਸਾਮ ਸਟੂਡੈਂਟਸ ਯੂਨੀਅਨ ਨੇ ਚੋਣਾਂ ਦਾ ਬਾਈਕਾਟ ਕੀਤਾ। ਬੰਗਾਲੀ ਹਿੰਦੂ ਤੇ ਮੁਸਲਮਾਨ ਅਤੇ ਬੋਰੋ ਆਦਿਵਾਸੀਆਂ ਦੀ ਜਥੇਬੰਦੀ (ਪਲੇਨ ਟਰਾਈਬਲ ਕਾਊਂਸਲ ਆਫ ਅਸਾਮ), ਜੋ ਅਸਾਮੀ ਬੋਲਬਾਲੇ ਦੇ ਵਿਰੁੱਧ ਸੀ, ਨੇ ਚੋਣਾਂ ਦੀ ਹਮਾਇਤ ਕੀਤੀ। ਇੰਝ, ਫਿਰਕੂ ਟਕਰਾਅ ਦੀ ਮੁੱਖ ਜ਼ਿੰਮੇਵਾਰ ਕਾਂਗਰਸ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਸੀ, ਜੋ ਓਦੋਂ ਕੇਂਦਰ ਅਤੇ ਅਸਾਮ ਦੋਹਾਂ 'ਚ ਸੱਤਾਧਾਰੀ ਸੀ ਅਤੇ ਜਿਸ ਦਾ ਇੱਕੋਇਕ ਨਿਸ਼ਾਨਾ ਮਸਲੇ ਦਾ ਤਰਕਪੂਰਨ ਹੱਲ ਕੱਢਣ ਤੇ ਕਮਜ਼ੋਰ ਹਿੱਸਿਆਂ ਲਈ ਸੁਰੱਖਿਅਤ ਮਾਹੌਲ ਮੁਹੱਈਆ ਕਰਨ ਦੀ ਬਜਾਏ ਸੱਤਾ ਉੱਪਰ ਕਾਬਜ਼ ਰਹਿਣਾ ਸੀ।

1980ਵਿਆਂ ਦੇ ਸ਼ੁਰੂ 'ਚ 'ਗੈਰਕਾਨੂੰਨੀ ਬਦੇਸ਼ੀ' ਅਸਾਮ ਦੀ ਸਿਆਸਤ ਦਾ ਵੱਡਾ ਮੁੱਦਾ ਬਣ ਚੁੱਕਾ ਸੀ। ਬੰਗਲਾਦੇਸ਼ ਤੋਂ ਆਏ ਮੁਸਲਮਾਨਾਂ ਵਿਰੁੱਧ 'ਮੀਏ' ਅਤੇ 'ਮੈਮਨਸਿੰਘੀਏ' (ਬੰਗਲਾਦੇਸ਼ ਦੇ ਮੈਮਨਸਿੰਘ ਜ਼ਿਲ੍ਹੇ ਤੋਂ) ਦਾ ਨਫ਼ਰਤੀ ਬਿਰਤਾਂਤ ਸਿਰਜਿਆ ਗਿਆ, ਜਿਵੇਂ ਪੰਜਾਬ ਵਿਚ ਯੂ.ਪੀ.-ਬਿਹਾਰ ਵਗੈਰਾ ਤੋਂ ਆਏ ਕਿਰਤੀਆਂ ਨੂੰ 'ਭਈਏ' ਕਹਿ ਕੇ ਨਫ਼ਰਤ ਕੀਤੀ ਜਾਂਦੀ ਹੈ। ਇਹ ਮਾਹੌਲ ਸਿਰਜਣ ਵਿਚ ਜਨ ਸੰਘ (ਭਾਜਪਾ ਦਾ ਪਹਿਲਾਂ ਰੂਪ) ਅਤੇ ਇਸ ਦਾ ਵਿਚਾਰਧਾਰਕ ਸਰੋਤ, ਆਰ.ਐੱਸ.ਐੱਸ., ਆਦਿ ਤਾਕਤਾਂ ਨੇ ਭੂਮਿਕਾ ਵੀ ਨਿਭਾਈ ਅਤੇ ਇਸ ਦਾ ਪੂਰਾ ਲਾਹਾ ਵੀ ਲਿਆ।

ਇਕ ਸਰਕਾਰੀ ਜਾਇਜ਼ਾ ਰਿਪੋਰਟ ਨੇ ਹਿੰਸਾ ਤੋਂ ਪਹਿਲਾਂ ਹੀ ਚੌਕਸ ਕੀਤਾ ਸੀ ਕਿ "ਬਹੁਤ ਸਾਰੇ ਥਾਵਾਂ ਉੱਪਰ ਆਰ.ਐੱਸ.ਐੱਸ. ਦੇ ਅਨਸਰਾਂ ਅਤੇ ਅੰਦੋਲਨ ਦੀ ਸਾਂਝ ਚੋਣਾਂ ਤੋਂ ਪਹਿਲਾਂ ਜਾਂ ਚੋਣਾਂ ਤੋਂ ਤੁਰੰਤ ਬਾਅਦ ਸੰਵੇਦਨਸ਼ੀਲ ਇਲਾਕਿਆਂ ਵਿਚ ਵੱਡੀਆਂ ਫਿਰਕੂ ਗੜਬੜਾਂ ਦੀ ਮਜ਼ਬੂਤ ਸੰਭਾਵਨਾ ਵੱਲ ਇਸ਼ਾਰਾ ਕਰਦੀ ਹੈ।" ਪਰ ਸਰਕਾਰ ਅਤੇ ਪ੍ਰਸ਼ਾਸਨ ਨੇ ਇਨ੍ਹਾਂ ਚਿਤਾਵਨੀਆਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਨਿਤਾਣੇ ਹਿੱਸਿਆਂ ਨੂੰ ਭੜਕ ਚੁੱਕੇ ਮਾਹੌਲ ਦੇ ਰਹਿਮ 'ਤੇ ਛੱਡ ਦਿੱਤਾ। ਚਾਰ ਦਹਾਕੇ ਬਾਅਦ 'ਗ਼ੈਰਕਾਨੂੰਨੀ ਘੁਸਪੈਠੀਆਂ' ਦਾ ਮੁੱਦਾ ਨਾ ਸਿਰਫ਼ ਜਿਉਂ ਦਾ ਤਿਉਂ ਮੌਜੂਦ ਹੈ, ਸਗੋਂ 2014 'ਚ ਆਰ.ਐੱਸ.ਐੱਸ.-ਭਾਜਪਾ ਨੇ ਮੁਲਕ ਦੀ ਕੇਂਦਰੀ ਸੱਤਾ ਉੱਪਰ ਕਾਬਜ਼ ਹੋ ਕੇ ਇਸ ਨੂੰ ਸਮੁੱਚੇ ਮੁਸਲਮਾਨ ਫਿਰਕੇ ਵਿਰੁੱਧ ਫਿਰਕੂ ਪਾਲਾਬੰਦੀ ਦਾ ਇਕ ਵੱਡਾ ਹਥਿਆਰ ਬਣਾ ਲਿਆ ਹੈ। ਦਸੰਬਰ 2019 'ਚ ਨਾਗਰਿਕਤਾ ਸੋਧ ਕਾਨੂੰਨ ਪਾਸ ਕਰ ਕੇ ਭਗਵਾ ਹਕੂਮਤ ਨੇ ਆਪਣੇ ਫਿਰਕੂ ਇਰਾਦੇ ਸਪਸ਼ਟ ਕਰ ਦਿੱਤੇ। ਇਸ ਤੋਂ ਪਹਿਲਾਂ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਗੈਰਕਾਨੂੰਨੀ ਘੁਸਪੈਠੀਆਂ ਨੂੰ ਮੁਲਕ ਦੇ ਵਸੀਲਿਆਂ ਨੂੰ ਚਿੰਬੜੀ 'ਸਿਉਂਕ' ਕਰਾਰ ਦਿੱਤਾ, ਜਿਨ੍ਹਾਂ ਨੂੰ ਉਨ੍ਹਾਂ ਦੀ ਸਰਕਾਰ ਨਿਸ਼ਾਨਦੇਹੀ ਕਰਨ ਤੋਂ ਬਾਅਦ ਇਕਇਕ ਕਰ ਕੇ ਬੰਗਾਲ ਦੀ ਖਾੜੀ ਦੇ ਹਵਾਲੇ ਕਰ ਦੇਵੇਗੀ। ਇਹ ਉਸ ਸ਼ਖ਼ਸ ਦਾ ਬਿਆਨ ਹੈ ਜਿਸ ਨੂੰ ਬਤੌਰ ਗ੍ਰਹਿ ਮੰਤਰੀ ਸਮੂਹ ਨਾਗਰਿਕਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। 29 ਨਵੰਬਰ 2023 ਨੂੰ ਅਮਿਤ ਸ਼ਾਹ ਨੇ ਮੁੜ ਬਿਆਨ ਦਿੱਤਾ ਕਿ ਭਾਜਪਾ ਸਰਕਾਰ ਇਸ ਕਾਨੂੰਨ ਨੂੰ ਲਾਗੂ ਕਰੇਗੀ ਅਤੇ "ਕੋਈ ਵੀ ਇਸ ਨੂੰ ਰੋਕ ਨਹੀਂ ਸਕਦਾ"।

3 ਜਨਵਰੀ 2023 ਦੀ ਇਕ ਮੀਡੀਆ ਰਿਪੋਰਟ ਨੇ ਦੱਸਿਆ ਕਿ ਸੀ.ਏ.ਏ.-2019 ਤਹਿਤ ਨਾਗਰਿਕਤਾ ਦੇਣ ਦੇ ਨਿਯਮ ਕੇਂਦਰ ਸਰਕਾਰ ਨੇ ਤਿਆਰ ਕਰ ਲਏ ਹਨ ਅਤੇ 2024 ਦੀਆਂ ਆਮ ਚੋਣਾਂ ਦੇ ਐਲਾਨ ਤੋਂ "ਬਹੁਤ ਪਹਿਲਾਂ" ਇਨ੍ਹਾਂ ਦਾ ਨੋਟੀਫੀਕੇਸ਼ਨ ਕਰ ਦਿੱਤਾ ਜਾਵੇਗਾ। ਕੇਂਦਰੀ ਮੰਤਰੀ ਸ਼ਾਂਤਨੂ ਠਾਕੁਰ ਨੇ ਤਾਂ ਪਿਛਲੇ ਦਿਨੀਂ ਹਿੱਕ ਠੋਕ ਕੇ ਕਹਿ ਦਿੱਤਾ ਕਿ ਪੂਰੇ ਮੁਲਕ ਵਿਚ ਸੀ.ਏ.ਏ. 'ਇਕ ਹਫ਼ਤੇ ਵਿਚ' ਲਾਗੂ ਹੋ ਜਾਵੇਗਾ। ਇਹ ਕਦੋਂ ਅਤੇ ਕਿਸ ਰੂਪ 'ਚ ਲਾਗੂ ਕੀਤਾ ਜਾਵੇਗਾ, ਇਹ ਗੱਲ ਵੱਖਰੀ ਹੈ। ਪਰ ਭਾਜਪਾ ਨੇ ਚੋਣਾਂ ਤੋਂ ਪਹਿਲਾਂ ਇਸ ਨੂੰ ਮੁੱਦਾ ਬਣਾਉਣਾ ਤਾਂ ਸ਼ੁਰੂ ਕਰ ਹੀ ਦਿੱਤਾ ਹੈ। ਬੇਸ਼ੱਕ ਇਸ ਵਕਤ ਸੀ.ਏ.ਏ. ਦੀ ਮੁੱਖ ਪ੍ਰਯੋਗਸ਼ਾਲਾ ਅਸਾਮ ਹੈ, ਕੇਂਦਰੀ ਗ੍ਰਹਿ ਮੰਤਰਾਲੇ ਨੇ 2021-22 ਦੀ ਆਪਣੀ ਸਾਲਾਨਾ ਰਿਪੋਰਟ ਵਿਚ ਖ਼ੁਲਾਸਾ ਕੀਤਾ ਸੀ ਕਿ ਇਸ ਵੱਲੋਂ 2019 'ਚ ਸੋਧ ਕੀਤੇ ਵਿਵਾਦਪੂਰਨ ਨਾਗਰਿਕਤਾ ਐਕਟ ਨੂੰ ਲਾਗੂ ਕਰਨ ਦੀਆਂ ਤਾਕਤਾਂ 29 ਜ਼ਿਲ੍ਹਿਆਂ ਦੇ ਕੁਲੈਕਟਰਾਂ ਅਤੇ 9 ਰਾਜਾਂ ਦੇ ਗ੍ਰਹਿ ਸਕੱਤਰਾਂ ਨੂੰ ਦਿੱਤੀਆਂ ਗਈਆਂ ਹਨ।

(ਮਈ 2021 ਦੇ ਨੋਟੀਫੀਕੇਸ਼ਨ ਅਨੁਸਾਰ, ਅਸਾਮ ਤੋਂ ਇਲਾਵਾ, ਗੁਜਰਾਤ ਦੇ ਚਾਰ ਜ਼ਿਲ੍ਹਿਆਂ, ਹਰਿਆਣਾ ਦੇ ਫਰੀਦਾਬਾਦ ਅਤੇ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਸੰਬੰਧ 'ਚ ਵੀ ਇਹ ਤਾਕਤਾਂ ਪ੍ਰਸ਼ਾਸਨਿਕ ਅਥਾਰਟੀਜ਼ ਨੂੰ ਦਿੱਤੀਆਂ ਗਈਆਂ ਹਨ। ਲਿਹਾਜ਼ਾ, 'ਬਦੇਸ਼ੀ ਘੁਸਪੈਠੀਆਂ' ਦੇ ਸਵਾਲ ਨੇ ਨੇਲੀ ਕਤਲੇਆਮ ਤੋਂ ਲੈ ਕੇ ਨਾਗਰਿਕਤਾ ਸੋਧ ਕਾਨੂੰਨ-2019 ਤੱਕ ਦਾ ਲੰਮਾ ਪੈਂਡਾ ਤੈਅ ਕਰ ਲਿਆ ਹੈ।

ਇਕ ਤਰ੍ਹਾਂ ਨਾਲ, ਨੇਲੀ ਕਤਲੇਆਮ ਦੀ ਹਿੰਸਾ ਕਦੇ ਵੀ ਬੰਦ ਨਹੀਂ ਹੋਈ। ਇਸ ਦੇ ਰੂਪ ਬਦਲਦੇ ਰਹੇ ਹਨ। ਹੁਣ ਤਾਂ ਇਕ ਤਰ੍ਹਾਂ ਨਾਲ ਪੂਰਾ ਮੁਲਕ ਹੀ ਇਸ ਦੀ ਲਪੇਟ ਵਿਚ ਆ ਚੁੱਕਾ ਹੈ। ਗ੍ਰਹਿ ਮੰਤਰੀ ਦੀ ਬੋਲ ਬਾਣੀ ਇਸ ਦਾ ਸੰਕੇਤ ਹੈ ਕਿ 1983 ਦੇ ਮੁਕਾਬਲੇ ਹੁਣ ਚਾਰ ਦਹਾਕੇ ਬਾਅਦ ਦੇ ਹਾਲਾਤ ਨਿਤਾਣੀ ਮੁਸਲਮਾਨ ਘੱਟਗਿਣਤੀ ਲਈ ਕਿੰਨੇ ਖ਼ਤਰਨਾਕ ਬਣ ਚੁੱਕੇ ਹਨ। ਜਿੱਥੋਂ ਤੱਕ ਅਸਾਮ ਦਾ ਸੰਬੰਧ ਹੈ, ਹੁਕਮਰਾਨ ਜਮਾਤ ਦੀ ਤਾਂ ਗੱਲ ਛੱਡੋ, ਉੱਥੋਂ ਦੇ ਨਾਗਰਿਕ ਸਮਾਜ ਨੇ ਵੀ ਨੇਲੀ ਕਤਲੇਆਮ ਬਾਰੇ ਕਦੇ ਚਰਚਾ ਨਹੀਂ ਕੀਤੀ। ਜਾਣਦੇ-ਬੁੱਝਦੇ ਹੋਏ ਵੀ ਜਦੋਂ ਇਕ ਸਮਾਜ ਹਕੀਕਤ ਤੋਂ ਅੱਖਾਂ ਮੀਟ ਕੇ ਅਣਜਾਣ ਹੋਣ ਦਾ ਦੰਭ ਕਰਦਾ ਹੈ ਤਾਂ ਮਸਲਿਆਂ ਦੇ ਉਸੇ ਬਾਰੂਦ ਉੱਪਰ ਬੈਠਾ ਹੁੰਦਾ ਹੈ ਜਿਨ੍ਹਾਂ ਦਾ ਅਤੀਤ ਵਿਚ ਨਤੀਜਾ 18 ਫਰਵਰੀ ਦੀਆਂ ਘਟਨਾਵਾਂ ਸਨ। ਕੀ ਅਜੋਕੇ ਹਾਲਾਤ ਵਿਚ, ਬੀਤੇ ਦੇ ਸਬਕਾਂ ਨੂੰ ਸਗੋਂ ਜ਼ਿਆਦਾ ਗੰਭੀਰਤਾ ਨਾਲ ਨਹੀਂ ਲਿਆ ਜਾਣਾ ਚਾਹੀਦਾ?

SINCE : 2007
ਕੈਨੇਡੀਅਨ ਪੰਜਾਬ ਟਾਈਮਜ਼
ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ

24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ
ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ
ਕੈਨੇਡੀਅਨ ਪੰਜਾਬ ਟਾਈਮਜ਼
It's Time To Grow Your Business
Advertise with us...
: canadianpunjabtimes@gmail.com
Contact : 604-338-7310

# ਕੀ ਟਰੰਪ-ਮਸਕ ਜੋੜੀ ਵਿਸ਼ਵ ਅਮਨ ਲਈ ਵੱਡਾ ਖ਼ਤਰਾ ਬਣੇਗੀ..?

ਲੇਖਕ : ਦਰਬਾਰਾ ਸਿੰਘ ਕਾਹਲੋਂ

ਸਫ਼ਾ 1 ਦਾ ਬਾਕੀ

ਡਿਜ਼ਾਈਨ ਲਈ ਉਸ ਨੂੰ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦਾ ਸਾਥ ਹਾਸਲ ਹੋ ਚੁੱਕਾ ਹੈ। ਇਸਦੀ ਪੂਰਤੀ ਲਈ ਅਮਰੀਕੀ ਮਹਾਂਸ਼ਕਤੀ ਅਤੇ ਇਸਦੀ ਪ੍ਰਬੰਧਕੀ ਸ਼ਕਤੀ ਉਸਦੀ ਮੁੱਠੀ ਵਿੱਚ ਸਮੇਟ ਚੁੱਕੀ ਹੈ। ਡੌਨਲਡ ਟਰੰਪ ਆਪਣੇ ਪਰੰਪਰਕ ਸਾਥੀਆਂ ਅਤੇ ਸਹਿਯੋਗੀਆਂ ਲਈ ਖ਼ਤਰਾ ਬਣ ਚੁੱਕਾ ਹੈ। ਐਲਨ ਮਸਕ ਅਤੇ ਕੁਝ ਹੋਰ ਅਜਿਹੇ ਸਲਾਹਕਾਰ ਉਸਦੇ ਖੇਤਰੀ ਅਤੇ ਪ੍ਰਸਾਰਵਾਦੀ ਇਰਾਦਿਆਂ ਲਈ ਬਲਦੀ 'ਤੇ ਤੇਲ ਪਾਉਣ ਦਾ ਕੰਮ ਕਰ ਰਹੇ ਹਨ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ, ਜਿਸ ਨੂੰ ਅੰਦਰੂਨੀ ਗੰਢ-ਸੰਢ ਰਾਹੀਂ ਅਗਲੀਆਂ ਬ੍ਰਿਟਿਸ਼ ਪਾਰਲੀਮੈਂਟਰੀ ਚੋਣਾਂ ਤੋਂ ਪਹਿਲਾਂ ਐਲਨ ਮਸਕ ਸੱਤਾ ਤੋਂ ਲਾਂਭੇ ਕਰਨ ਦੇ ਮਨਸੂਬੇ ਘੜ ਰਿਹਾ ਹੈ ਅਤੇ ਅਮਰੀਕਾ ਵਿੱਚ ਬ੍ਰਿਟੇਨ ਦੇ ਨਵੇਂ ਰਾਜਦੂਤ ਪੀਟਰ ਮੈਡਲਸਨ ਲਈ ਵੱਡੀਆਂ ਚੁਣੌਤੀਆਂ ਖੜ੍ਹੀਆਂ ਕਰ ਰਿਹਾ ਹੈ। ਅਜਿਹੀਆਂ ਚੁਣੌਤੀਆਂ ਉਨ੍ਹਾਂ ਵੱਲੋਂ ਫਰਾਂਸ, ਜਰਮਨੀ, ਆਇਰਲੈਂਡ, ਪੋਲੈਂਡ, ਡੈਨਮਾਰਕ ਅਤੇ ਦੂਸਰੇ ਯੂਰਪੀਨ ਦੇਸ਼ਾਂ ਨੂੰ ਦਰਪੇਸ਼ ਹਨ। ਉਹ ਜਾਣਦੇ ਹਨ ਕਿ ਭਾਵੇਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਘਰੋਗੀ ਅਤੇ ਉਸਦੀ ਲਿਬਰਲ ਪਾਰਟੀ ਦੇ ਅੰਦਰੂਨੀ ਕਲੇਸ਼ ਨੂੰ ਆਪਣੇ ਅਸਤੀਫੇ ਦਾ ਕਾਰਨ ਦੱਸਿਆ ਪਰ ਹਕੀਕਤ ਵਿੱਚ ਉਸਦੀ ਪਾਰਟੀ ਨੂੰ ਹਮਲਾਵਰ ਤਾਨਾਸ਼ਾਹ ਟਰੰਪ ਅਤੇ ਕਰੋਨੀ ਐਲਨ ਮਸਕ ਨਾਲ ਨਿਪਟਣ ਲਈ ਉਸਦੀ ਸ਼ਕਤੀ 'ਤੇ ਸੰਦੇਹ ਸੀ।

### ਪ੍ਰਸਾਰਵਾਦੀ ਐਲਾਨ:

ਡੌਨਲਡ ਟਰੰਪ ਨੇ ਗੁਆਂਢੀ ਅਤੇ ਪਰੰਪਰਕ ਸਹਿਯੋਗੀ ਕੈਨੇਡਾ ਨੂੰ ਧਮਕੀ ਦਿੱਤੀ ਕਿ ਉਹ ਆਪਣੀ ਸਰਹੱਦ ਰਾਹੀਂ ਅਮਰੀਕਾ ਅੰਦਰ ਪ੍ਰਵਾਸੀ ਘੁਸਪੈਠ ਰੋਕੇ, ਨਸ਼ੀਲੇ ਪਦਾਰਥਾਂ ਦੀ ਤਸਕਰੀ 'ਤੇ ਲਗਾਮ ਕੱਸੇ, ਨਾਟੋ ਸੰਗਠਨ ਵਿੱਚ 2 ਪ੍ਰਤੀਸ਼ਤ ਜੀ.ਡੀ.ਪੀ. ਯੋਗਦਾਨ ਪਾਵੇ ਨਹੀਂ ਤਾਂ ਅਮਰੀਕਾ ਉਸਦੀ ਅਯਾਤ 'ਤੇ 25 ਪ੍ਰਤੀਸ਼ਤ ਟੈਰਿਫ ਠੋਕ ਦੇਵੇਗਾ। ਜਦੋਂ ਪ੍ਰਧਾਨ ਮੰਤਰੀ ਟਰੂਡੋ ਨੇ ਉਸ ਨੂੰ ਦੱਸਿਆ ਕਿ ਇਸ ਨਾਲ ਕੈਨੇਡਾ ਦੀ ਆਰਥਿਕਤਾ ਢਹਿ-ਢੇਰੀ ਹੋ ਜਾਏਗੀ ਤਾਂ ਟਰੰਪ ਦਾ ਅਸਲ ਇਰਾਦਾ ਸਾਹਮਣੇ ਆ ਗਿਆ। ਉਸਨੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਨ ਲਈ ਕਹਿ ਦਿੱਤਾ। ਉਹ ਬਾਰ-ਬਾਰ ਧਮਕੀ ਦੇ ਰਿਹਾ ਹੈ ਕਿ ਇਸ ਕਾਰਜ ਦੀ ਪੂਰਤੀ ਲਈ ਉਹ ਆਰਥਿਕ ਸ਼ਕਤੀ ਦਾ ਪ੍ਰਯੋਗ ਕਰੇਗਾ। ਟਰੰਪ ਭੁਲੇਖੇ ਦੂਰ ਕਰ ਲਏ, ਕੈਨੇਡਾ ਕਦੇ ਨਹੀਂ ਝੁੱਕੇਗਾ ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਕਹਿ ਦਿੱਤਾ ਹੈ।

ਗਰੇਟਾ ਪੀਸਚ ਅਨੁਸਾਰ ਡੌਨਲਡ ਟਰੰਪ ਕੌਮਾਂਤਰੀ ਆਰਥਿਕ ਐਮਰਜੈਂਸੀ ਪਾਵਰ ਐਕਟ ਦੀ ਵਰਤੋਂ ਕਰਕੇ ਕੈਨੇਡਾ ਤੋਂ ਆਉਂਦੀਆਂ ਅਯਾਤ ਵਸਤਾਂ 'ਤੇ 25 ਪ੍ਰਤੀਸ਼ਤ ਟੈਰਿਫ ਠੋਕ ਸਕਦਾ ਹੈ। ਰਾਸ਼ਟਰਪਤੀ ਰਿਚਰਡ ਨਿਕਸਨ ਵੇਲੇ ਇਸ



ਐਮਰਜੈਂਸੀ ਐਕਟ ਨੂੰ ਅਮਲ ਵਿੱਚ ਲਿਆ ਕੇ ਅਮਰੀਕਾ ਨੇ ਹਰ ਕਿਸਮ ਦੀ ਅਯਾਤ 'ਤੇ 10 ਪ੍ਰਤੀਸ਼ਤ ਟੈਰਿਫ਼ ਲਗਾ ਦਿੱਤਾ ਸੀ।

ਮੈਕਸੀਕੋ ਖਾੜੀ: ਦੂਸਰੇ ਗੁਆਂਢੀ ਦੇਸ਼ ਮੈਕਸੀਕੋ ਸੰਬੰਧਿਤ ਮੈਕਸੀਕੋ ਖਾੜ੍ਹੀ ਦਾ ਨਾਮ ਬਦਲ ਕੇ 'ਅਮਰੀਕਾ ਖਾੜੀ' ਰੱਖਣ ਦਾ ਟਰੰਪ ਐਲਾਨ ਕਰ ਰਿਹਾ ਹੈ। ਉਸ ਅਨੁਸਾਰ ਇਹ ਖਾੜੀ ਅਮਰੀਕੀ ਹੈ। ਅਮਰੀਕਾ ਇਸ ਰਾਹੀਂ ਵੱਡੇ ਪੱਧਰ 'ਤੇ ਵਪਾਰ, ਕਾਰੋਬਾਰ ਅਤੇ ਹੋਰ ਕਾਰਜ ਨੂੰ ਅੰਜਾਮ ਦਿੰਦਾ ਹੈ। ਅਮਰੀਕਾ ਅੰਦਰ ਇਸ ਖਾੜੀ ਰਾਹੀਂ ਸਲਾਨਾ ਲੱਖਾਂ ਪ੍ਰਵਾਸੀ ਗੈਰ-ਕਾਨੂੰਨੀ ਤੌਰ 'ਤੇ ਘੁਸਦੇ ਹਨ, ਜਿਨ੍ਹਾਂ ਨੂੰ ਮੈਕਸੀਕੋ ਰੋਕਦਾ ਨਹੀਂ ਹੈ।

ਮੈਕਸੀਕੋ ਦੇ ਆਰਥਿਕ ਮਾਮਲਿਆਂ ਬਾਰੇ ਮੰਤਰੀ ਮਾਰਸੇਲੋ ਐਬਰਾਰਡ ਨੇ ਇਸ ਸੁਝਾਅ ਨੂੰ ਨਕਾਰਦੇ ਹੋਏ ਜ਼ੋਰ ਦਿੱਤਾ ਕਿ ਇਹ ਮੈਕਸੀਕੋ ਖਾੜੀ ਹੀ ਰਹੇਗੀ। ਮੈਕਸੀਕਨ ਰਾਸ਼ਟਰਪਤੀ ਕਲਾਉਡੀਆ ਸ਼ੇਨਬਾਮ ਨੇ ਤੰਜ ਕਰਦੇ ਕਿਹਾ ਉੱਤਰੀ ਅਮਰੀਕਾ ਦਾ ਨਾਮ 'ਮੈਕਸੀਕਨ ਅਮਰੀਕਾ' ਰੱਖ ਦਿੰਦੇ ਹਾਂ। ਸੰਨ 1607 ਤੋਂ ਇਹ ਖਾੜੀ ਮੈਕਸੀਕੋ ਖਾੜੀ ਵਜੋਂ ਜਾਣੀ ਜਾਂਦੀ ਹੈ। ਯੂ.ਐੱਨ.ਓ. ਵੱਲੋਂ ਇਸ ਨੂੰ ਮਾਨਤਾ ਪ੍ਰਾਪਤ ਹੈ। ਸੰਨ 1814 ਦੇ ਸੰਵਿਧਾਨ ਵਿੱਚ ਮੈਕਸੀਕੋ ਨੇ ਇਹ ਨਾਮ ਇਸ ਖਿੱਤੇ ਲਈ ਰੱਖਿਆ ਸੀ। ਭਾਵ 'ਮੈਕਸੀਕਨ ਅਮਰੀਕਾ', ਕੀ ਇਹ ਵਧੀਆ ਨਹੀਂ ਲੱਗੇਗਾ? ਰਾਸ਼ਟਰਪਤੀ ਨੇ ਮੁਸਕਾਰਾਉਂਦੇ ਕਿਹਾ।

### ਗ੍ਰੀਨਲੈਂਡ:

ਗ੍ਰੀਨਲੈਂਡ ਯੂਰਪੀਨ ਆਰਕਟਿਕ ਖੇਤਰ ਵਿੱਚ ਵਿਸ਼ਵ ਦਾ ਸਭ ਤੋਂ ਵੱਡਾ ਜਜ਼ੀਰਾ ਹੈ। ਇਸਦੀ ਅਬਾਦੀ 60 ਹਜ਼ਾਰ ਦੇ ਕਰੀਬ ਹੈ। ਇਹ ਡੈਨਮਾਰਕ ਦਾ ਸਵੈ-ਸ਼ਾਸਤ ਇਲਾਕਾ ਹੈ। ਇਸ ਕੋਲ ਕੁਦਰਤੀ ਸੋਮਿਆਂ ਦੀ ਬਹੁਤਾਤ ਮੌਜੂਦ ਹੈ ਜਿਵੇਂ ਤੇਲ, ਗੈਸ, ਵਿਸ਼ਵ ਦੇ ਹੋਰ ਅਦਭੁਤ ਤੱਤ। ਆਰਕਟਿਕ ਘੇਰੇ ਵਿੱਚ ਹੋਣ ਕਰਕੇ ਗਲੋਬਲ ਪੱਧਰ 'ਤੇ ਇਸਦੀ ਨਵੇਕਲੀ ਸਥਿਤੀ ਹੈ। ਨਿਸ਼ਚੇ ਹੀ ਇਹ ਇਸ ਖੇਤਰ ਦਾ ਕੁੰਜੀਵਤ ਸਥਾਨ ਹੈ। ਡੌਨਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਇਸ ਖੇਤਰ ਨੂੰ ਗਲੋਬਲ ਯੁੱਧਨੀਤਕ ਕਾਰਨਾਂ ਕਰਕੇ ਆਪਣੇ ਅਧਿਕਾਰ ਖੇਤਰ ਹੇਠ ਲੈਣਾ ਚਾਹੁੰਦਾ ਹੈ। ਇਸ ਜਜ਼ੀਰੇ ਨੂੰ ਆਪਣੇ ਪਹਿਲੇ ਕਾਰਜਕਾਲ ਵੇਲੇ ਸੰਨ 2019 ਵਿੱਚ ਉਸ ਨੇ ਖਰੀਦਣ ਦੀ ਤਜਵੀਜ਼ ਰੱਖੀ ਸੀ, ਜਿਸ ਨੂੰ ਡੈਨਮਾਰਕ ਨੇ ਅਸਵੀਕਾਰ ਕਰ ਦਿੱਤਾ ਸੀ।

ਟਰੰਪ ਨੇ ਧਮਕੀ ਦਿੱਤੀ ਹੈ ਕਿ ਉਹ ਇਸ ਨੂੰ ਪ੍ਰਾਪਤ ਕਰਨ ਲਈ ਆਰਕਟਿਕ ਪ੍ਰਤੀਬੰਧਾਂ ਅਤੇ ਫੌਜੀ ਸ਼ਕਤੀ ਦੀ ਵਰਤੋਂ ਕਰੇਗਾ। ਸਥਿਤੀ ਦਾ ਜਾਇਜ਼ਾ ਲੈਣ ਲਈ ਆਪਣੇ ਪੁੱਤਰ ਡੌਨਲਡ ਟਰੰਪ ਜੂਨੀਅਰ ਨੂੰ ਉੱਥੇ ਭੇਜਿਆ।

ਡੈਨਮਾਰਕ ਦੀ ਪ੍ਰਧਾਨ ਮੰਤਰੀ ਮੇਟੇ ਫਰੈਡਰੀਕਨ ਨੇ ਸਾਫ਼ ਕਿਹਾ ਕਿ ਅਸੀਂ ਅਮਰੀਕਾ ਦੇ ਨਿੱਘੇ ਮਿੱਤਰ ਅਤੇ ਸਹਿਯੋਗੀ ਹਾਂ। ਅਜਿਹਾ ਨਹੀਂ ਹੋਣਾ ਚਾਹੀਦਾ। ਗ੍ਰੀਨਲੈਂਡ ਵਿਕਾਊ ਨਹੀਂ ਹੈ, ਨਾ ਹੀ ਹੋਵੇਗਾ। ਪਰ ਟਰੰਪ ਐਨੇ ਵੱਡੇ ਹੰਕਾਰੇ ਹੋਏ ਤਾਨਾਸ਼ਾਹ ਵਜੋਂ ਪੇਸ਼ ਆ ਰਿਹਾ ਹੈ ਕਿ ਡੈਨਮਾਰਕ ਨੇ ਟੈਲੀਫੋਨ 'ਤੇ ਟਰੰਪ ਨਾਲ ਇਸ ਮੁੱਦੇ 'ਤੇ ਗੱਲ ਕਰਨੀ ਚਾਹੀ ਤਾਂ ਕਿਸੇ ਨੇ ਫ਼ੋਨ ਤਕ ਨਹੀਂ ਉਠਾਇਆ। ਪ੍ਰਧਾਨ ਮੰਤਰੀ ਸਮਝਦੀ ਹੈ ਕਿ ਅਮਰੀਕਾ ਨੂੰ ਨੀਵੇਂ ਪੱਧਰ 'ਤੇ ਨਹੀਂ ਗਿਰਨਾ ਚਾਹੀਦਾ।

ਟਰੰਪ ਦੀ ਇਸ ਧਮਕੀ ਦਾ ਯੂਰਪੀਨ ਦੇਸ਼ਾਂ ਨੇ ਵਿਰੋਧ ਕੀਤਾ ਹੈ। ਜਰਮਨ ਚਾਂਸਲਰ ਓਲਫ ਸੋਲਜ਼ ਦਾ ਪ੍ਰਤੀਕਰਮ ਹੈ ਕਿ ਸਰਹੱਦਾਂ ਦੀ ਨਿਰੋਲਤਾ ਕੌਮਾਂਤਰੀ ਕਾਨੂੰਨ ਅਨੁਸਾਰ ਹਰ ਰਾਸ਼ਟਰ ਦਾ ਮੌਲਿਕ ਅਧਿਕਾਰ ਹੈ, ਬਗੈਰ ਕਿਸੇ ਰਾਸ਼ਟਰ ਦੀ ਤਾਕਤ ਅਤੇ ਆਕਾਰ ਦੇ। ਟਰੰਪ ਵੱਲੋਂ ਆਪਣੇ ਯੂਰਪੀਨ ਸਹਿਯੋਗੀਆਂ ਪ੍ਰਤੀ ਅਜਿਹੀ ਬਿਆਨਬਾਜ਼ੀ ਸੂਝ-ਬੂਝ ਦੀ ਘਾਟ ਹੈ।

ਨਾਰਵੇ ਦੇ ਪ੍ਰਧਾਨ ਮੰਤਰੀ ਜੋਨਜ਼ ਗਾਹਰ ਸਟੋਰ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਨਾਟੋ ਇੱਕਜੁਟਤਾ ਅਤੇ ਯੂਰਪੀਨ ਸਥਿਰਤਾ 'ਤੇ ਹਮਲਾ ਹੈ। ਮਿੱਤਰ ਦੇਸ਼ ਵਿਰੁੱਧ ਫ਼ੌਜੀ ਸ਼ਕਤੀ ਦੀ ਵਰਤੋਂ ਪ੍ਰਭੂਸੱਤਾ ਸੰਪੰਨ ਦੇਸ਼ ਦੇ ਖ਼ੇਤਰ 'ਤੇ ਕਬਜ਼ੇ ਦੀ ਕਾਰਵਾਈ ਮੰਨੀ ਜਾਵੇਗੀ। ਫਰਾਂਸ ਦੇ ਵਿਦੇਸ਼ ਮੰਤਰੀ ਜੀਨ ਨਿਊਲ ਬੈਰਟ ਨੇ ਇਸ ਨੂੰ ਤਕੜੇ ਦੇ ਸੱਤੀਂ ਵੀਹ ਸੌ ਦੀ ਨੀਤੀ ਦਰਸਾਇਆ। ਯੂਰਪ ਨੂੰ ਆਪਣੀ ਤਾਕਤ ਅਤੇ ਇੱਕਜੁਟਤਾ ਦਾ ਮੁਜ਼ਾਹਿਰਾ ਕਰਨਾ ਚਾਹੀਦਾ ਹੈ। ਗ੍ਰੀਨਲੈਂਡ ਯੂਰਪ ਅਤੇ ਯੂਰਪੀਨ ਯੂਨੀਅਨ ਦਾ ਖੇਤਰ ਹੈ।

ਅਮਰੀਕਾ ਨੇ ਪੈਸੇਫਿਕ ਖੇਤਰ ਵਿੱਚ ਦੂਸਰੇ ਵਿਸ਼ਵ ਯੁੱਧ ਸਮੇਂ ਤੋਂ ਇੱਥੇ ਫੌਜੀ ਅੱਡਾ ਸਥਾਪਿਤ ਕੀਤਾ ਹੋਇਆ ਹੈ। ਯੂਰਪੀਨ ਯੂਨੀਅਨ ਨੂੰ ਮਿਲ ਕੇ ਟਰੰਪ ਦਾ ਮੁਕਾਬਲਾ ਕਰਨਾ ਪਵੇਗਾ, ਜਿਵੇਂ ਉਸ ਨੇ ਦੂਸਰੇ ਵਿਸ਼ਵ ਯੁੱਧ ਸਮੇਂ ਹਿਟਲਰ, ਮੁਸੋਲਿਨੀ ਅਤੇ ਸਟਾਲਿਨ ਦਾ ਕੀਤਾ ਸੀ।

### ਪਨਾਮਾ ਨਹਿਰ:

ਟਰੰਪ ਨੇ ਪਨਾਮਾ ਨੂੰ ਧਮਕੀ ਦਿੱਤੀ ਹੈ ਕਿ ਜੇ ਉਸਦੇ ਸਮੁੰਦਰੀ ਜਹਾਜ਼ਾਂ 'ਤੇ ਪਨਾਮਾ ਨਹਿਰ ਲਾਂਘੇ ਦਾ ਟੋਲ ਨਾ ਘਟਾਇਆ ਤਾਂ ਉਹ ਇਸ 'ਤੇ ਮੁੜ ਕੰਟਰੋਲ ਕਾਇਮ ਕਰ ਲਵੇਗਾ ਜੋ 31 ਦਸੰਬਰ, 1999 ਨੂੰ ਉਸਨੇ ਟੋਰੀਜੋਸ-ਕਾਰਟਰ ਸੰਧੀ ਤਹਿਤ ਪਨਾਮਾ ਨੂੰ ਸੌਂਪਿਆ ਸੀ। ਪਨਾਮਾ ਰਾਸ਼ਟਰਪਤੀ ਜੋਸ਼ ਰਾਉਲ ਮੁਲੀਨੋ ਨੇ ਸਪਸ਼ਟ ਕਿਹਾ ਕਿ ਪਨਾਮਾ ਨਹਿਰ ਦਾ ਹਰ ਗਜ਼ ਅਤੇ ਆਲਾ-ਦੁਆਲਾ ਉਸਦੀ ਮਲਕੀਅਤ ਹੈ। ਵਿਦੇਸ਼ ਮੰਤਰੀ ਜੇਵੀਅਰ ਮਾਰਟੀਨਜ਼ ਨੇ ਕਿਹਾ ਕਿ ਜਿਨ੍ਹਾਂ ਹੱਥਾਂ ਦਾ ਪਨਾਮਾ ਨਹਿਰ 'ਤੇ ਕੰਟਰੋਲ ਹੈ, ਉਹ ਪਨਾਮੀਅਨ ਹਨ।

ਲਾਤੀਨੀ ਅਮਰੀਕੀ ਦੇਸ਼ਾਂ ਨੇ ਪਨਾਮਾ ਦੀ ਪ੍ਰਭੂਸਤਾ ਅਤੇ ਨਹਿਰ 'ਤੇ ਕੰਟਰੋਲ ਦੀ ਡਟ ਕੇ ਹਿਮਾਇਤ ਕੀਤੀ ਹੈ। ਉਨ੍ਹਾਂ ਦੱਸ ਦਿੱਤਾ ਹੈ ਕਿ ਇਹ ਨਹਿਰ ਲਾਤੀਨੀ ਅਮਰੀਕਾ ਦਾ ਮਾਣ ਹੈ, ਖੁਦਮੁਖ਼ਤਾਰੀ ਹੈ।

ਸੁਰੱਖਿਆ ਵਿਸ਼ਲੇਸ਼ਕ ਅਲੈਗਜੈਂਡਰ ਖਾਰਾ ਅਨੁਸਾਰ ਟਰੰਪ ਗ੍ਰੀਨਲੈਂਡ ਜਜ਼ੀਰੇ ਤੇ ਉਵੇਂ ਹੀ ਸੁਰੱਖਿਆ ਪੱਖੋਂ ਲੋੜੀਂਦਾ ਕਹਿ ਕੇ ਕਬਜ਼ਾ ਕਰਨਾ ਚਾਹੁੰਦਾ ਹੈ ਜਿਵੇਂ ਰੂਸ ਨੇ ਯੂਕਰੇਨ ਤੋਂ ਕਰੀਮੀਆ ਫੌਜੀ ਤਾਕਤ ਰਾਹੀਂ ਸੰਨ 2014 ਵਿੱਚ ਹਥਿਆ ਲਿਆ ਸੀ। ਅਮਰੀਕਾ ਹਰ ਯੁੱਧਨੀਤਕ ਥਾਂ ਤੋਂ ਚੀਨ ਨੂੰ ਹਟਾਉਣਾ ਚਾਹੁੰਦਾ ਹੈ।

ਇੰਜ ਲਗਦਾ ਹੈ ਜਿਵੇਂ ਅਜੋਕਾ ਵਿਸ਼ਵ ਪੁਰਾਣੇ ਅਸੂਲਾਂ ਅਤੇ ਸਿਧਾਂਤਾਂ ਵਿੱਚ ਤਬਦੀਲੀ ਦੇ ਦੌਰ ਵਿੱਚ ਟਕਰਾਅ, ਅਰਾਜਕਤਾ ਅਤੇ ਅਨਿਸਚਿਤਤਾ ਦੀ ਦਿਸ਼ਾ ਵੱਲ ਵਧ ਰਿਹਾ ਹੈ।

ਡੌਨਲਡ ਟਰੰਪ ਅਤੇ ਬਰੋਲੀ ਗਾਰਕ ਕਰੋਨੀ ਐਲਨ ਮਸਕ ਇਸ ਦਿਸ਼ਾ ਵੱਲ ਪਹਿਲ ਕਰ ਰਹੇ ਹਨ। ਵਲਾਦੀਮੀਰ ਪੂਤਿਨ ਯੂਕਰੇਨ, ਜਾਰਜੀਆ, ਮਾਲਡੋਵਾ 'ਤੇ, ਟਰੰਪ ਗ੍ਰੀਨਲੈਂਡ, ਪਨਾਮਾ ਨਹਿਰ, ਕੈਨੇਡਾ ਅਤੇ ਮੈਕਸੀਕੋ 'ਤੇ ਕੰਟਰੋਲ ਚਾਹੁੰਦੇ ਹਨ। ਕੀ ਇਨ੍ਹਾਂ ਦੀ ਮਨਮਾਨੀ ਰੁਕੇਗੀ ਜਾਂ ਭੂਗੋਲਿਕ ਤੌਰ 'ਤੇ ਪੂਰੇ ਗਲੋਬ ਨੂੰ ਮੁੜ ਨਵਾਂ ਆਕਾਰ ਦਿੱਤਾ ਜਵੇਗਾ, ਇਹ ਅਤਿ ਚਿੰਤਾ ਦਾ ਵਿਸ਼ਾ ਹੈ।


ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫ਼ੂਨ ਕਰੋ:
ਦਲਜੀਤ ਸਿੰਘ ਰਾਏ
604-807-1012

ਦਲਜੀਤ ਸਿੰਘ ਰਾਏ



FAST COMPUTER REPAIR
New Web Designing & Hosting Services

Onsite Service Available
Computer Repair & Upgrade
Spyware & Virus Removal
Same Day Service

Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444

# ਨਸ਼ਿਆਂ ਦੀ ਵਰਤੋਂ
# ਨਰਕ ਵੱਲ ਜਾਂਦਾ ਰਾਹ

ਲੇਖਕ : ਜਗਤਾਰ ਸਿੰਘ ਭੁੰਗਰਨੀ
ਸੰਪਰਕ : 91 - 98153 - 06402



ਨਸ਼ਿਆਂ ਦੇ ਵਗਦੇ ਵਹਿਣ ਵਿੱਚ, ਪੰਜਾਬ ਵਹਿ ਗਿਆ।
ਝੁਕਿਆ ਨਹੀਂ ਜੋ ਜੱਗ ਤੋਂ, ਨਸ਼ਿਆਂ ਤੋਂ ਢਹਿ ਗਿਆ।
ਹੁਣ ਨਸ਼ਾ ਸ਼ਰੇਆਮ ਵਿਕਾਉਂਦੇ, ਸਾਡੇ ਸ਼ਾਸਕ ਨਾਲਾਇਕ।
ਵਿਗਾੜ ਪੰਜਾਬ ਦੀ ਜਵਾਨੀ ਰਹੇ, ਸਾਡੇ ਫੁਕਰੇ ਗਾਇਕ।
ਗੱਭਰੂ ਸ਼ਿੰਗਾਰ ਸੀ ਦੇਸ਼ ਦਾ, ਜੱਗ ਚਰਚਾ ਕਰਦਾ ਸੀ,
ਅਖਾੜਿਆਂ ਦਾ ਉਹ ਮੋਹਰੀ, ਝੱਟ ਪਲਟਾ ਕੇ ਧਰਦਾ ਸੀ,
ਰਣਭੂਮੀ ਵਿੱਚ ਜਿਹੜਾ ਲੱਖਾਂ ’ਤੇ ਭਾਰੂ ਸੀ,
ਨਸ਼ਿਆਂ ਦੇ ਦਰਿਆ ਵਿੱਚ ਜਿਹੜਾ ਡੁੱਬ ਮਰਿਆ ਏ,
ਮੈਂ ਸੁਣਿਆ, ਉਹ ਗੱਭਰੂ ਸੱਤ ਪੱਤਣਾਂ ਦਾ ਤਾਰੂ ਸੀ।

ਅੱਜ ਅਸੀਂ ਬਹੁਤ ਹੀ ਭਿਆਨਕ ਦੌਰ ਵਿੱਚ ਜੀ ਰਹੇ ਹਾਂ। ਪੰਜਾਬ ਕਿਸੇ ਵੇਲੇ ਭਾਰਤ ਦਾ ਨੰਬਰ ਇੱਕ ਸੂਬਾ ਮੰਨਿਆ ਜਾਂਦਾ ਸੀ। ਖੇਤੀਬਾੜੀ ਹੋਵੇ ਜਾਂ ਅਜ਼ਾਦੀ ਦੀ ਲੜਾਈ, ਕੋਈ ਵੀ ਖੇਤਰ ਅਜਿਹਾ ਨਹੀਂ, ਜਿੱਥੇ ਪੰਜਾਬ ਪਿੱਛੇ ਰਿਹਾ ਹੋਵੇ। ਜੇਕਰ ਹੋਰ ਪਿਛਾਂਹ ਜਾਈਏ ਤਾਂ ਦੁਨੀਆਂ ਦੇ ਸਭ ਤੋਂ ਪੁਰਾਣੇ ਗਰੰਥ ਰਿਗਵੇਦ ਦੀ ਰਚਨਾ ਵੀ ਪੰਜਾਬ ਦੀ ਧਰਤੀ ’ਤੇ ਹੋਈ। ਵੱਖ-ਵੱਖ ਲਹਿਰਾਂ ਨਾਲ ਜੂਝਦਾ, ਜੁਝਾਰੂ ਵਿਰਸੇ ਦਾ ਮਾਲਕ ਪੰਜਾਬ ਅੱਜ ਹਰ ਖੇਤਰ ਵਿੱਚ ਪਛੜਦਾ ਜਾ ਰਿਹਾ ਹੈ। ਇਸ ਪਛੜੇਵੇਂ ਦੇ ਭਾਵੇਂ ਕਈ ਕਾਰਨ ਹਨ, ਪ੍ਰੰਤੂ ਨਸ਼ਿਆਂ ਦਾ ਵਧ ਰਿਹਾ ਰੁਝਾਨ ਇੱਕ ਵੱਡੇ ਕਾਰਨ ਵਜੋਂ ਉੱਭਰ ਕੇ ਸਾਹਮਣੇ ਆਇਆ ਹੈ। ਇਸਦੀ ਲਪੇਟ ਵਿੱਚ ਪੜ੍ਹੇ-ਲਿਖੇ, ਅਨਪੜ੍ਹ, ਅਮੀਰ, ਗਰੀਬ, ਬੱਚੇ, ਬੁੱਢੇ, ਨੌਜਵਾਨ, ਮੁੰਡੇ, ਕੁੜੀਆਂ ਅਤੇ ਸਕੂਲੀ ਬੱਚੇ ਸਭ ਆ ਗਏ।

ਉੱਪਰ ਦੱਸੇ ਵਰਗਾਂ ਵਿੱਚ ਹਰ ਵਰਗ ਦਾ ਆਪੋ-ਆਪਣਾ ਨਸ਼ਾ ਹੈ। ਜਿੱਥੇ ਅਮੀਰਜ਼ਾਦੇ ਸਮੈਕ, ਹੈਰੋਇਨ ਵਰਗੇ ਅਤੇ ਰੋਜ਼ਾਨਾ ਪੰਜ ਸੌ ਰੁਪਏ ਤੋਂ ਲੈ ਕੇ ਪੰਜ ਹਜ਼ਾਰ ਰੁਪਏ ਤਕ ਦੇ ਨਸ਼ੇ ਦੀ ਗ੍ਰਿਫਤ ਵਿੱਚ ਹਨ, ਗਰੀਬ ਸਸਤੇ ਮੈਡੀਕਲ ਨਸ਼ਿਆਂ, ਗੋਲੀਆਂ, ਕੈਪਸੂਲ, ਟੀਕਿਆਂ ਆਦਿ ਨਾਲ ਸਿਰ ਘੁਮਾ ਲੈਂਦੇ ਹਨ ਅਤੇ ਆਪਣੀ ਦਿਨ ਭਰ ਦੀ ਕਿਰਤ ਨਾਲ ਕਮਾਏ ਸੱਠ-ਸੱਤਰ ਵਿੱਚੋਂ ਤੀਹ-ਪੈਂਤੀ ਰੁਪਏ ਕੈਮਿਸਟ ਨੂੰ ਦੇ ਆਉਂਦੇ ਹਨ। ਸਕੂਲੀ ਬੱਚੇ ਗੁਟਖਾ, ਪਾਨ ਮਸਾਲਾ ਅਤੇ ਜਰਦੇ ਤੋਂ ਸ਼ੁਰੂ ਹੋ ਕੇ ਹੌਲੀ-ਹੌਲੀ ਅਗਲੇ ਨਸ਼ਿਆਂ ਵੱਲ ਵਧਦੇ ਜਾਂਦੇ ਹਨ। ਐਂਟੀ ਡੱਰਗਜ਼ ਸੋਸਾਇਟੀ ਵੱਲੋਂ ਕਰਵਾਏ ਸਰਵੇਖਣਾਂ ਦੌਰਾਨ ਤੀਜੀ ਚੌਥੀ ਕਲਾਸ ਵਿੱਚ ਪੜ੍ਹਦੇ ਬੱਚਿਆਂ ਦੇ ਸਕੂਲੀ ਬਸਤਿਆਂ ਵਿੱਚ ਜਰਦਾ ਅਤੇ ਬੀੜੀਆਂ ਮਿਲੀਆਂ। 67 ਫੀਸਦੀ 16 ਤੋਂ 25 ਸਾਲ ਉਮਰ ਦਾ ਵਰਗ ਨਸ਼ੇ ਦੀ ਲਪੇਟ ਵਿੱਚ ਆ ਗਿਆ। ਪੰਜਾਬ ਦੇ ਰਵਾਇਤੀ ਨਸ਼ੇ ਅਫੀਮ ਅਤੇ ਭੁੱਕੀ ਨੂੰ ਵੱਡੀ ਉਮਰ ਵਰਗ ਦੇ ਨਸ਼ਈ ਹੀ ਲੈਂਦੇ ਹਨ। ਸ਼ਰਾਬ ਦਾ ਵੀ ਭਾਵੇਂ ਪੰਜਾਬ ਭਾਰਤ ਵਿੱਚੋਂ ਸਭ ਤੋਂ ਵੱਡਾ ਖਪਤਕਾਰ ਹੈ ਪ੍ਰੰਤੂ ਬਹੁਤੀ ਗਿਰਾਵਟ ਮੈਡੀਕਲ ਨਸ਼ਿਆਂ ਨੇ ਲਿਆਂਦੀ ਹੈ। ਜਦੋਂ ਕੋਈ ਪੜ੍ਹਾਕੂ ਸਵੇਰੇ ਹੀ ਚਾਰ ਸ਼ੀਸ਼ੀਆਂ ਕੋਰੈਕਸ, ਫੈਂਸੀਡਿਰਿਲ ਜਾਂ ਹੋਰ ਨਸ਼ੀਲੀਆਂ ਦਵਾਈਆਂ ਦੀਆਂ ਪੀ ਕੇ ਸਕੂਲ ਜਾਂ ਕਾਲਜ ਜਾਵੇਗਾ ਤਾਂ ਉਹ ਪੜੇਗਾ ਕੀ? ਆਪਣੇ ਅਧਿਆਪਕ ਦੀ ਗੱਲ ਸੁਣੇਗਾ? ਕੀ ਉਹ ਆਪਣਾ ਸੰਵਾਰੇਗਾ ਤੇ ਕੀ ਸਮਾਜ ਦਾ ਸੰਵਾਰੇਗਾ?

ਇਹ ਪੜ੍ਹਾਕੂ ਜਰਦਾ, ਗੁਟਕਾ, ਪਾਨ ਮਸਾਲਾ, ਬੀੜੀ ਸਿਗਰਟ, ਭੰਗ, ਅਫੀਮ, ਭੁੱਕੀ, ਗੋਲੀਆਂ ਕੈਪਸੂਲਾਂ, ਟੀਕਿਆਂ, ਮਾਰਫੀਨ, ਕਿਰਲੀ ਦੀ ਪੂਛ, ਆਇਡੈਕਸ ਬਰੈੱਡ ਵਰਗੇ ਨਸ਼ਿਆਂ ਦਾ ਸੁਆਦ ਚੱਖਦਾ ਚੱਖਦਾ ਸਮੈਕ, ਹੇਰੋਇਨ ਵਰਗੇ ਘਾਤਕ ਨਸ਼ਿਆਂ ਦਾ ਪਹਿਲਾਂ ਸ਼ਿਕਾਰ ਅਤੇ ਫਿਰ ਗੁਲਾਮ ਬਣ ਗਿਆ। ਕੋਈ ਦੇਸ਼ ਵਿਰੋਧੀ ਤਾਕਤ ਗੁਲਾਮ ਵਿਅਕਤੀ ਤੋਂ ਕੋਈ ਵੀ ਰਾਸ਼ਟਰ ਵਿਰੋਧੀ ਕਾਰਵਾਈ ਕਰਵਾ ਸਕਦੀ ਹੈ। ਅੱਜ ਦੇ ਨੌਜੁਆਨ ਦਾ ਇਹ ਚਿਹਰਾ ਮੋਹਰਾ, ਪਿਚਕੀਆਂ ਗੱਲ੍ਹਾਂ, ਧਸੀਆਂ ਅੱਖਾਂ, ਪੰਜਾਬ ਦੀ ਧਰਤੀ ਦੇ ਗੌਰਵ ਨੂੰ ਪਲੀਤ ਕਰ ਰਹੀਆਂ ਹਨ। ਪੰਜਾਬ ਦੇ ਇਹਨਾਂ ਨੌਜੁਆਨਾਂ ਦਾ ਆਦਰਸ਼ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਹਜ਼ਾਰਾਂ ਉਹ ਜਵਾਨ ਨਹੀਂ, ਜਿਹੜੇ ਦੇਸ਼ ਦੀ ਖਾਤਰ ਜਾਨਾਂ ਵਾਰ ਗਏ, ਸਗੋਂ ਇਨ੍ਹਾਂ ਦਾ ਮਿਸ਼ਨ ਤਾਂ ਬੱਸ ਨਸ਼ਾ ਕਰਕੇ ਡੰਗ ਟਪਾਉਣਾ ਹੈ ਤਾਂ ਹੀ ਇਨ੍ਹਾਂ ਤੋਂ ਮੂੰਹ ਉੱਤੋਂ ਮੱਖੀ ਨਹੀਂ ਉਡਾਈ ਜਾਂਦੀ।

ਡਰੱਗਜ਼ ਵਿਰੋਧੀ ਲਹਿਰ ਨਾਲ ਜੁੜੇ ਹੋਣ ਕਾਰਨ ਮੇਰਾ ਜਿੰਨਾ ਕੁ ਤਜਰਬਾ ਹੈ, ਉਹ ਜੇ ਮੈਂ ਪਾਠਕਾਂ ਨਾਲ ਸਾਂਝਾ ਕਰਾਂ ਤਾਂ ਨਿਚੋੜ ਇਹ ਹੈ ਕਿ ਪੰਜਾਬ ਦੇ ਨੌਜੁਆਨਾਂ ਨੂੰ ਇੱਕ ਸਾਜ਼ਿਸ਼ ਤਹਿਤ ਖਤਮ ਕਰਨ ਲਈ ਸਮੇਂ ਦੀਆਂ ਸਰਕਾਰਾਂ ਵੀ ਦੋਸ਼ੀ ਹਨ, ਜਿਹਨਾਂ ਨੇ ਕੋਈ ਸਹੀ ਯੂਥ ਪਾਲਿਸੀ ਹੀ ਨਹੀਂ ਬਣਾਈ ਤੇ ਨਾ ਹੀ ਦਿਲੋਂ ਬੇਰੁਜ਼ਗਾਰੀ ਨੂੰ ਰੋਕਣ ਦੇ ਯਤਨ ਕੀਤੇ ਹਨ। ਪ੍ਰੰਤੂ ਇੱਥੇ ਮੈਂ ਇਹ ਗੱਲ ਵੀ ਕਹਿਣੀ ਚਾਹਾਂਗਾ ਕਿ ਨੌਜੁਆਨ ਖੁਦ ਅਤੇ ਉਹਨਾਂ ਦੇ ਮਾਪੇ ਵੀ ਉਹਨਾਂ ਨੂੰ ਇਸ ਨਸ਼ਿਆਂ ਦੀ ਦਲਦਲ ਵਿੱਚ ਸੁੱਟਣ ਲਈ ਜ਼ਿੰਮੇਵਾਰ ਹਨ। ਬਲਕਿ ਅਸੀਂ ਸਾਰਾ ਸਮਾਜ ਹੀ ਇਸਦੇ ਲਈ ਜ਼ਿੰਮੇਵਾਰ ਹਾਂ। ਪਹਿਲੀ ਗੱਲ ਤਾਂ ਇਹ ਕਿ ਅਸੀਂ ਕਿਸੇ ਵੀ ਸਾਂਝੇ ਮਸਲੇ ਨਾਲ ਨਜਿੱਠਣ ਲਈ ਬਣਦੀ ਪਹੁੰਚ ਬਣਾ ਕੇ ਉਸਦਾ ਕੋਈ ਹੱਲ ਕੱਢਣ ਦੀ ਬਜਾਇ ਇਹ ਆਖਦੇ ਹਾਂ, “ਚੱਲ ਹੋਊ ਆਪਾਂ ਨੂੰ ਕੀ?” ਅੱਜ ਨਸ਼ਿਆਂ ਦੇ ਗੰਭੀਰ ਮਸਲੇ ਤੋਂ ਅੱਖਾਂ ਮੀਟਣ ਵਾਲਿਆਂ ਦੀ ਤੁਲਨਾ ਮੈਂ ਉਹਨਾਂ ਲੋਕਾਂ ਨਾਲ ਕਰਦਾ ਹਾਂ, ਜਿਹੜੇ ਕਹਿੰਦੇ ਹਨ ਕਿ ਘਰ ਦੇ ਚਾਰੇ ਪਾਸੇ ਅੱਗ ਲੱਗੀ ਹੋਵੇ ਤੇ ਆਪਣਾ ਘਰ ਬਚ ਜਾਵੇਗਾ। ਇਹ ਵਹਿਮ ਹੈ, ਅੱਗ ਕਦੇ ਵੀ ਕਿਸੇ ਚੀਜ਼ ਨੂੰ ਨਹੀਂ ਛੱਡਦੀ। ਆਪੋ ਆਪਣੇ ਆਲੇ ਦੁਆਲੇ ਝਾਤੀ ਮਾਰੋ, ਹਰ ਕਿਸੇ ਦਾ ਭਾਈ, ਭਤੀਜਾ, ਮਾਮਾ, ਫੁੱਫਾ, ਚਾਚਾ ਤਾਇਆ ਭੈਣ ਭਾਈ ਕਿਸੇ ਨਾ ਕਿਸੇ ਰੂਪ ਵਿੱਚ ਡਰੱਗਜ਼ ਦੇ ਇਸ ਛੇਵੇਂ ਦਰਿਆ ਦੀ ਮਾਰ ਵਿੱਚ ਆਇਆ ਹੋਵੇਂਗਾ।

ਪੰਜਾਬ ’ਤੇ ਆਈ ਇਸ ਆਫ਼ਤ ਸਮੇਂ ਪੰਜਾਬ ਦਾ ਕਿਸੇ ਨੇ ਕੋਈ ਬਹੁਤਾ ਸਾਥ ਨਹੀਂ ਦਿੱਤਾ ਭਾਵੇਂ ਉਹ ਕੋਈ ਸਾਧ ਸੰਤ ਹੋਣ, ਜਿਹਨਾਂ ਦਾ ਤੋਰੀ ਫੁਲਕਾ ਹੀ ਪੰਜਾਬ ਦੀ ਕਿਰਸਾਨੀ ਅਤੇ ਕਿਰਤੀਆਂ ਦੇ ਸਿਰ ’ਤੇ ਚੱਲਦਾ ਹੈ ਜਾਂ ਸਰਕਾਰਾਂ ਅਤੇ ਰਾਜਸੀ ਪਾਰਟੀਆਂ ਹੋਣ, ਜਿਹੜੀਆਂ ਇੱਕ ਦੂਸਰੀ ਤੋਂ ਅੱਗੇ ਹੋ ਕੇ ਲੋਕਹਿਤੂ ਹੋਣ ਦਾ ਦਾਅਵਾ ਕਰਦੀਆਂ ਹਨ। ਨਾ ਹੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਈ ਕਾਰਗਰ ਨੀਤੀ ਲਿਆ ਸਕੀ ਹੈ ਜਿਸਦੇ ਕੋਈ ਸਿੱਟੇ ਸਾਹਮਣੇ ਨਜ਼ਰ ਆਉਂਦੇ ਹੋਣ। ਹਾਂ, ਇੱਕ ਧਿਰ ਜ਼ਰੂਰ ਹੈ ਜਿਹੜੀ ਸੱਚੇ ਦਿਲੋਂ ਪੰਜਾਬ ’ਤੇ ਛਾਏ ਇਹਨਾਂ ਕਾਲੇ ਬੱਦਲਾਂ ਲਈ ਚਿੰਤਤ ਹੈ। ਉਹ ਹਨ ਪ੍ਰਵਾਸੀ ਭਾਰਤੀ, ਉਹਨਾਂ ਨੂੰ ਹਜ਼ਾਰਾਂ ਕਿਲੋਮੀਟਰ ਦੂਰ ਆਪਣੇ ਵਤਨ ’ਤੇ ਛਾਏ ਕਾਲ਼ੇ ਬੱਦਲਾਂ ਦੀ ਚਿੰਤਾ ਹੈ।

ਐਂਟੀ ਡਰੱਗਜ਼ ਸੋਸਾਇਟੀ ਨਾਲ ਜੁੜੇ ਇੱਕ ਆਗੂ ਨੇ ਇਸ ਮਸਲੇ ਨੂੰ ਬੜਾ ਨੇੜਿਉਂ ਗਹੁ ਨਾਲ ਵੇਖਿਆ ਹੈ। ਅਮਲੀ ਕੀ ਕਹਿੰਦਾ ਹੈ, ਸਰਕਾਰ ਕੀ ਕਹਿੰਦੀ ਹੈ, ਬੁੱਧੀਜੀਵੀ ਕੀ ਕਹਿੰਦੇ ਹਨ, ਕਿਹੜੇ-ਕਿਹੜੇ ਕਾਰਨ ਇਸ ਪਿੱਛੇ ਕੰਮ ਕਰਦੇ ਹਨ, ਨਸ਼ਿਆਂ ਨੂੰ ਕੌਣ ਵੇਚ ਰਿਹਾ ਹੈ, ਕੌਣ ਵਿਕਾ ਰਿਹਾ ਹੈ। ਚੋਰ ਤੇ ਕੁੱਤੀ (ਕੁੱਤੀ ਨੂੰ ਤਾਂ ਐਵੇਂ ਬਦਨਾਮ ਕੀਤਾ ਜਾਂਦਾ ਹੈ, ਹਰ ਕਿਸੇ ਨੇ ਰਾਖੀ ਲਈ ਕੁੱਤੇ ਰੱਖੇ ਹੁੰਦੇ ਹਨ – ਸੰਪਾਦਕ) ਰਲ਼ ਕੇ ਕਿਵੇਂ ਨੌਜਵਾਨਾਂ ਦੀਆਂ ਲਾਸ਼ਾਂ ’ਤੇ ਮਹਿਲ ਉਸਾਰ ਰਹੇ ਹਨ। ਇਨ੍ਹਾਂ ਦੀ ਕੋਈ ਸਹੀ ਗਿਣਤੀ ਨਹੀਂ ਹੈ। ਮਾਪਿਆਂ ਦਾ ਦੁਖਾਂਤ ਇਹ ਹੈ ਕਿ ਮਾਪਿਆਂ ਨੂੰ ਤਿਲ-ਤਿਲ ਮਾਰ ਕੇ, ਦੁਖੀ ਕਰਕੇ, ਜਦੋਂ ਜਵਾਨ ਪੁੱਤ ਮਰਦਾ ਤਾਂ ਮੈਂ ਕਈ ਮਾਵਾਂ ਇਹ ਕਹਿੰਦੀਆਂ ਸੁਣੀਆਂ ਹਨ - ਸਮੇਟੀ ਗਈ ਮਿੱਟੀ। ਇਹ ਦੁਖਾਂਤ ਸਾਡੇ ਪਿੰਡਾਂ ਦੀਆਂ ਬਰੂਹਾਂ ਤੀਕਰ ਆ ਪਹੁੰਚਿਆ ਹੈ। ਤਾਂਡਵ ਸਾਡੀਆਂ ਗਲੀਆਂ, ਕੂਚਿਆਂ ਅਤੇ ਘਰਾਂ ਦੇ ਵਿਹੜਿਆਂ ਵਿੱਚ ਹੋਣ ਲੱਗਾ ਹੈ। ਹਉਕਿਆਂ ਦਾ ਸੇਕ ਹੁਣ ਠੰਢੇ ਚੁੱਲ੍ਹਿਆਂ ਦੇ ਲਾਗਿਉਂ ਮਹਿਸੂਸ ਹੁੰਦਾ ਹੈ। ਪੰਜਾਬੀਆਂ ਦੇ ਦਗ-ਦਗ ਕਰਦੇ ਚਿਹਰਿਆਂ ’ਤੇ ਮਾਤਮ ਤੇ ਉਦਾਸੀ ਦੀ ਲਿਖੀ ਇਬਾਰਤ ਸਾਫ਼ ਪੜ੍ਹ ਹੁੰਦੀ ਹੈ। ਇਉਂ ਜਾਪਦਾ ਹੈ ਜਿਵੇਂ ਆਫਰੇ ਹੋਏ ਛੇਵੇਂ ਦਰਿਆ ਦਾ ਬੰਨ੍ਹ ਟੁੱਟ ਕੇ ਪੰਜਾਬ ਦੇ ਲੋਕਾਂ ਦੀ ਜਾਨ ਦਾ ਖੌਅ ਬਣ ਗਿਆ ਹੋਵੇ। ਇਸ ਖੌਫ਼ਨਾਕ ਦ੍ਰਿਸ਼ ਨੂੰ ਤੱਕ ਕੇ ਭੁੱਬ ਨਾ ਨਿਕਲੇ, ਅੱਖ ਨਾ ਭਰੇ ਤਾਂ ਸਮਝੋ ਪੰਜਾਬ ਅਤੇ ਪੰਜਾਬੀਆਂ ਦੇ ਹਿੱਸੇ ਦੀ ਸੰਵੇਦਨਾ ਵੀ ਕਿਧਰੇ ਰੁੜ੍ਹ ਗਈ ਹੈ।

ਮੌਤ ਦੇ ਸੌਦਾਗਰ ਲੱਖਾਂ ਕਰੋੜਾਂ ਤੋਂ ਅਰਬਾਂ ਖਰਬਾਂ ਦੀ ਕਾਲੀ ਕਮਾਈ ਦੀਆਂ ਪੌੜੀਆਂ ਚੜ੍ਹੀ ਜਾ ਰਹੇ ਹਨ। ਸਭ ਆਖਦੇ ਨੇ ਕਿ ਮਾਇਆ ਕਿਸੇ ਨੇ ਹਿੱਕ ’ਤੇ ਰੱਖ ਕੇ ਨਹੀਂ ਲੈ ਜਾਣੀ, ਫਿਰ ਵੀ ਸਾਰੀਆਂ ਨੈਤਿਕ ਕਦਰਾਂ ਕੀਮਤਾਂ ਪੈਰਾਂ ਹੇਠ ਦਰੜ ਕੇ ਮਾਇਆ ਦੇ ਅੰਬਾਰਾਂ ਵੱਲ ਵਧਣ ਦਾ ਨਾਪਾਕ ਸਿਲਸਿਲਾ ਨਿਰਵਿਘਨ ਜਾਰੀ ਹੈ। ਸਤਾ ਦੀ ਸ਼ਕਤੀ ਨਾਲ ਤਾਂ ਇਹ ਹੋਰ ਬੇਡਰ ਵੀ ਹੋ ਗਿਆ ਹੈ। ਪੰਜਾਬ ਊਂਘ ਰਿਹਾ ਹੈ। ਕਦੇ-ਕਦੇ ਘੂਕੀ ਟੁੱਟਦੀ ਹੈ, ਉਭੜਵਾਹੇ ਉੱਠਦਾ ਹੈ, ਫਿਰ ਨੀਂਦ ਦਬੋਚ ਲੈਂਦੀ ਹੈ। ਮਾਤਮ ਦੇ ਸੱਥਰ ਹੋਰ ਵੱਧ ਵਿਛਣ ਲੱਗਦੇ ਹਨ। ਹਾਲਾਤ ਤਾਂ ਵਿਸਫੋਟਕ ਹਨ। ਮਾਨਵ ਭੁਖਸ਼ੀ ਰਾਕਸ਼ ਸਾਡੇ ਆਪਣੇ ਘਰਾਂ ਦੇ ਦਰਵਾਜ਼ੇ ’ਤੇ ਦਸਤਕ ਦੇਣ ਲੱਗ ਪਿਆ ਹੈ। ਅਸੀਂ ਖੌਫ਼ਜ਼ਦਾ ਚਿਹਰਿਆਂ ਨਾਲ ਝੀਥਾਂ ਵਿੱਚੋਂ ਦੇਖਕੇ, ਆਪਣੀ, ਆਪਣੇ ਬੱਚਿਆਂ ਦੀ ਲੰਬੀ ਉਮਰ ਲਈ ਅਰਦਾਸਾਂ ਕਰਨ ਲੱਗ ਜਾਂਦੇ ਹਾਂ।

ਅੱਖਾਂ ਮੀਚਣ ਨਾਲ ਕਬੂਤਰ ਦੀ ਉਮਰ ਦਰਾਜ਼ ਨਹੀਂ ਹੋਇਆ ਕਰਦੀ। ਇਹ ਠੀਕ ਹੈ ਕਿ ਕੋਈ ਇਕੱਲਾ ਇਕਹਿਰਾ ਵਿਅਕਤੀ ਸਿਰੋਂ ਉੱਚੀ ਉੱਠੀ ਬੇਲਿਹਾਜ ਕਾਂਗ ਨੂੰ ਠੱਲ੍ਹ ਨਹੀਂ ਪਾ ਸਕਦਾ ਪਰ ਜੇ ਸਿਰਜੋੜ ਕੇ ਸੋਚੀਏ, ਜੋਟੀ ਬੰਨ੍ਹ ਕੇ ਤੁਰੀਏ, ਹਿੰਮਤ ਨਾਲ ਟਾਕਰਾ ਕਰੀਏ ਤਾਂ ਮਨੁੱਖ ਨੇ ਤੂਫ਼ਾਨਾਂ ਦੇ ਮੂੰਹ ਮੋੜਨ ਦਾ ਇਤਿਹਾਸ ਵੀ ਤਾਂ ਸਿਰਜਿਆ ਹੈ। ਸਭ ਤੋਂ ਪਹਿਲਾਂ ਖੁਦ ਇਸ ਪੂਰੇ ਚੱਕਰਵਿਊ ਨੂੰ ਸਮਝੀਏ, ਚੇਤਨ ਹੋਈਏ। ਫਿਰ ਇਸ ਨੂੰ ਤੋੜ ਕੇ ਸਾਬਤ ਸਬੂਤੇ ਬਾਹਰ ਆਉਣ ਅਤੇ ਜਵਾਨੀ ਦੀ ਮੁਕਤੀ ਦਾ ਮੰਤਰ ਜਾਣੀਏ। ਡਰੱਗਜ਼ ਦੀ ਇਸ ਹਨੇਰੀ ਨੇ ਲਗਭਗ 10 ਸਾਲਾਂ ਤੋਂ ਪੰਜਾਬ ਦਾ ਬਹੁਤ ਜ਼ਿਆਦਾ ਨੁਕਸਾਨ ਕਰ ਦਿੱਤਾ ਹੈ। ਨੌਜੁਆਨਾਂ ਦੇ ਆਚਰਣ ਵਿੱਚ ਵੱਡਾ ਵਿਗਾੜ ਪੈਦਾ ਕਰ ਦਿੱਤਾ। ਪੰਜਾਬੀ ਨੌਜੁਆਨ ਜਿਸਦੀਆਂ ਬਹਾਦਰੀ ਦੀਆਂ ਕਦੀ ਲੋਕ ਮਿਸਾਲਾਂ ਦਿੰਦੇ ਸਨ, ਅੱਜ ਅਮਲੀ ਬਣ ਕੇ ਰਹਿ ਗਿਆ। ਬਲਾਤਕਾਰ, ਚੋਰੀਆਂ, ਕਤਲੋਗਾਰਦ, ਲੁੱਟਖੋਹ, ਸੜਕੀ ਹਾਦਸੇ, ਕਾਟੋ ਕਲੇਸ਼, ਮਾਰਧਾੜ, ਪਰਿਵਾਰਾਂ ਦਾ ਟੁੱਟਣਾ, ਬਜ਼ੁਰਗਾਂ ਦੇ ਸਤਿਕਾਰ ਦੀ ਘਾਟ, ਬਿਮਾਰੀਆਂ ਵਿੱਚ ਅੰਨ੍ਹੇਵਾਹ ਵਾਧਾ, ਕੈਂਸਰ, ਟੀ.ਬੀ. ਛੋਟੇ ਵੱਡੇ ਬੱਚਿਆਂ ਨਾਲ ਕੁਕਰਮਾਂ ਵਿੱਚ ਅੰਨ੍ਹੇਵਾਹ ਵਾਧੇ ਦੀ ਸ਼ਿਕਾਰ ਧਰਤ ਮਾਤਾ ਪੰਜਾਬ ਦੇ ਰਖਵਾਲਿਆਂ ਦੀ ਜਾਨ ਦਾ ਸਿਆਪਾ ਕਰ ਰਹੀ ਹੈ, ਜਿਹੜੇ ਇਸ ਮਸਲੇ ਦਾ ਕੋਈ ਹੱਲ ਕਰਨ ਦੀ ਬਜਾਏ ਇਸ ਵਹਿੰਦੀ ਹੋਈ ਗੰਗਾ ਵਿੱਚ ਹੱਥ ਧੋਣ ਦੇ ਆਹਰ ਵਿੱਚ ਲੱਗੇ ਹੋਏ ਹਨ। ਕੋਈ ਮਹੀਨੇ ਇਕੱਠੇ ਕਰਦਾ ਫਿਰਦਾ ਹੈ, ਕੋਈ ਮਹੀਨਾ ਨਾ ਦੇਣ ਵਾਲੇ ਤੋਂ ਨਿੱਕੀ ਮੋਟੀ ਛਾਪੇ ਮਾਰੀ ਕਰਕੇ ਵਸੂਲੀ ਕਰ ਰਿਹਾ ਹੈ। ਕੋਈ ਮਹੀਨਾ ਨਾ ਦੇਣ ਅਤੇ ਨਸ਼ੇ ਨਾ ਵੇਚਣ ਵਾਲੇ ਨੂੰ ਨਸ਼ੇ ਵੇਚਣ ਲਈ ਕਹਿ ਰਿਹਾ ਹੈ। ਕਦੋਂ ਸੁਧਰੇਗਾ ਇਹ ਸਭ? ਕੌਣ ਸੁਧਾਰੇਗਾ ਇਸ ਨੂੰ? ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਏ ਤਾਂ ਰਾਖੀ ਦੀ ਉਮੀਦ ਕਿਸ ਤੋਂ ਕੀਤੀ ਜਾ ਸਕਦੀ ਹੈ?

ਥੋੜ੍ਹੀ ਜਿਹੀ ਅੰਤਰਰਾਸ਼ਟਰੀ ਸਥਿਤੀ ’ਤੇ ਝਾਤ ਮਾਰ ਲਈ ਜਾਵੇ। ਅੰਨ੍ਹੀ ਪੀਹ ਰਹੀ ਹੈ, ਕੁੱਤੇ ਚੱਟ ਰਹੇ ਹਨ। ਨਸ਼ਿਆਂ ਦੇ ਟਰੱਕਾਂ ਦੇ ਟਰੱਕ ਬਣਦੇ, ਲਹਿੰਦੇ ਤੇ ਵਿਕਦੇ ਹਨ - ਭਾਵੇਂ ਉਹ ਅਫੀਮ-ਭੁੱਕੀ ਹੋਵੇ ਜਾਂ ਨਸ਼ੀਲੀਆਂ ਦਵਾਈਆਂ। ਤਕਰੀਬਨ 50 ਕੁ ਸਾਲ ਪਹਿਲਾਂ ਚੀਨ ਨੂੰ ਅਮਲੀਆਂ ਦਾ ਦੇਸ਼ ਕਿਹਾ ਜਾਂਦਾ ਸੀ ਪਰ ਅੱਜ ਚੀਨ ਸੁਧਰਕੇ ਦੁਨੀਆਂ ਵਿੱਚ ਆਪਣੀ ਪਛਾਣ ਬਣਾਈ ਬੈਠਾ ਹੈ। ਸਿੰਘਾਪੁਰ ਵਿੱਚ ਕਾਨੂੰਨ ਐਨਾ ਸਖ਼ਤ ਹੈ ਕਿ ਸਰਵਜਨਕ ਜਗ੍ਹਾ ’ਤੇ ਸਿਗਰਟ ਪੀਣ ਵਾਲੇ ਨੂੰ ਭਾਰਤੀ ਕਰੰਸੀ ਅਨੁਸਾਰ ਤਰਕੀਬਨ 25 ਹਜ਼ਾਰ ਰੁਪਏ ਜੁਰਮਾਨਾ ਭਰਨਾ ਪੈਂਦਾ ਹੈ। ਖਤਰਨਾਕ ਨਸ਼ੀਲੇ ਪਦਾਰਥਾਂ ਜਿਵੇਂ ਸਮੈਕ, ਹੈਰੋਇਨ, ਪੋਸਤ, ਗਾਂਜਾ, ਹਸ਼ੀਸ਼, ਕੋਕੇਨ ਆਦਿ ਦੇ ਵਪਾਰੀਆਂ ਨੂੰ ਮੌਤ ਤਕ ਦੀ ਸਜ਼ਾ ਦਿੱਤੀ ਜਾਂਦੀ ਹੈ। ਜੇਕਰ ਵੀਅਤਨਾਮ ਦੇ ਕਾਨੂੰਨ ਵੱਲ ਨਜ਼ਰ ਮਾਰੀਏ ਤਾਂ ਉੱਥੇ ਕਾਨੂੰਨ ਨਸ਼ਿਆਂ ਬਾਰੇ ਐਨਾ ਸਖ਼ਤ ਹੈ ਕਿ ਜੇਕਰ ਕਿਸੇ ਪਾਸੋਂ 99 ਗ੍ਰਾਮ ਨਸ਼ੀਲੀ ਚੀਜ਼ ਮਿਲ ਜਾਵੇ ਤਾਂ ਉਸ ਨੂੰ ਉਮਰ ਕੈਦ ਹੋ ਸਕਦੀ ਹੈ ਅਤੇ ਜੇਕਰ 100 ਗ੍ਰਾਮ ਵਜ਼ਨ ਹੋਵੇ ਤਾਂ ਰੱਖਣ ਵਾਲੇ ਨੂੰ ਗੋਲੀ ਮਾਰ ਦਿੱਤੀ ਜਾਂਦੀ ਹੈ। ਮਜ਼ਦੂਰ-ਮਾਵਾਂ ਕੰਮ ਦੌਰਾਨ ਬੱਚੇ ਨੂੰ ਸੁੱਤਾ ਰੱਖਣ ਲਈ ਅਕਸਰ ਥੋੜ੍ਹੀ ਜਿਹੀ ਅਫੀਮ ਦੇ ਦਿੰਦੀਆਂ ਹਨ। ਅਜਿਹੇ ਬੱਚੇ ਵੀ ਕਈ ਵਾਰ ਘਾਤਕ ਹਾਦਸੇ ਦੇ ਸ਼ਿਕਾਰ ਹੋ ਜਾਂਦੇ ਹਨ।

ਅਫੀਮ ਅਤੇ ਅਜਿਹੇ ਹੋਰ ਨਸ਼ਿਆਂ ਬਾਰੇ ਕਾਨੂੰਨ: ਅਫੀਮ ਦੀ ਨਜਾਇਜ਼ ਖੇਤੀਅ ਤੇ ਧੰਦਾ ਰੋਕਣ ਲਈ 1857-58 ਵਿੱਚ ਓਪੀਅਮ ਐਕਟ (ੋਪਿਮ ਅਚਟ) ਪਾਸ ਹੋਇਆ। ਫਿਰ ਸੰਨ 1930 ਵਿੱਚ ਡੈਂਜਰਸ ਡਰੱਗਜ਼ ਐਕਟ (ਧਓਨਗਇਰੋੁਸ ਧਰੁਗਸ ਅਚਟ) ਪਾਸ ਕੀਤਾ ਗਿਆ। ਸਮੇਂ ਨਾਲ ਇਹ ਦੋਵੇਂ ਐਕਟ ਨੁੱਸ ਵਿਧਾਨ ਬਣ ਕੇ ਰਹਿ ਗਏ। ਬਹੁਤ ਘੱਟ ਦੋਸ਼ੀਆਂ ਨੂੰ ਸਜ਼ਾਵਾਂ ਸੁਣਾਈਆਂ ਗਈਆਂ, ਉਹ ਵੀ ਮਾਮੂਲੀ। ਇਨ੍ਹਾਂ ਤਹਿਤ ਵੱਧ ਤੋਂ ਵੱਧ 3 ਸਾਲ ਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਪੱਛਮੀ ਦੇਸ਼ਾਂ ਵਿੱਚ ਨਸ਼ਿਆਂ ਦਾ ਸੇਵਨ ਤੇਜ਼ੀ ਨਾਲ ਵਧਣਾ ਸ਼ੁਰੂ ਹੋਇਆ। 1970 ਤੋਂ ਬਾਅਦ ਤਾਂ ਇਸ ਨੇ ਵਿਸ਼ਵ-ਵਿਆਪੀ ਮਹਾਂਮਾਰੀ ਦਾ ਰੂਪ ਲੈ ਲਿਆ। ਹਿੱਪੀਆਂ ਵਰਗੇ ਨਸ਼ਾ-ਖੋਰ ਸੰਪ੍ਰਦਾਇ ਉੱਭਰੇ। ਭਾਰਤ ਵਿੱਚ ਵੀ ਇਹ ਕੋਹੜ ਫੈਲਿਆ ਤੇ ਵਧਦਾ ਹੀ ਜਾ ਰਿਹਾ ਹੈ। ਭੁੱਕੀ, ਅਫੀਮ, ਚਰਸ, ਗਾਂਜਾ, ਹੈਰੋਇਨ, ਸਮੈਕ ਆਦਿ ਦੀ ਮੰਗ ਵਧਣ ਕਾਰਨ ਇਨ੍ਹਾਂ ਦੀ ਅਵੈਧ (ਨਜਾਇਜ਼) ਪੈਦਾਵਾਰ, ਤਸਕਰੀ ਤੇ ਗੁਪਤ-ਧੰਦਾ ਜ਼ੋਰ ਪਕੜ ਗਿਆ। ਅੰਤਰਰਾਸ਼ਟਰੀ ਤੇ ਦੇਸ਼ ਵਿਚਲਾ ਮਾਫੀਆ (ਜਿਸ ਵਿੱਚ ਖਤਰਨਾਕ ਅਪਰਾਧੀਆਂ ਦੇ ਗਰੋਹ ਸ਼ਾਮਲ ਹਨ ਅਤੇ ਸਰਕਾਰੇ-ਦਰਬਾਰੇ ਰਸੂਖ ਰੱਖਣ ਵਾਲੇ ਕਈ ਸ਼ਕਤੀਸ਼ਾਲੀ ਲੈਂਡਲਾਰਡ ਅਤੇ ਸਿਆਸੀ ਤੇ ਅਖੌਤੀ ਧਾਰਮਕ ਨੇਤਾ ਵੀ ਲਿਪਤ ਹਨ) ਸਰਗਰਮ ਹੋ ਗਿਆ। ਹੁਣ ਕਰੜੇ ਅਵਰੋਧਕ ਕਾਨੂੰਨ ਲਾਗੂ ਕਰਨ ਦੀ ਲੋੜ ਹੈ। ਸੰਨ 1985 ਵਿੱਚ ਭਾਰਤ ਸਰਕਾਰ ਵੱਲੋਂ ‘ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸਿਜ਼ ਐਕਟ’ (ੰਅਰਚੋਟਿਚ ਧਰੁਗਸ ੳਨਦ ਫਸੇਚਹੋਟਰੋਪਿਚ ਸ਼ੁਬਸਟਓਨਚੲਸ ਅਚਟ 1985) ਪਾਸ ਹੋਇਆ। ਉਪਰੋਕਤ ਨਸ਼ੀਲੇ ਪਦਾਰਥਾਂ ਦੀ ਅਵੈਧ ਉਪਜ, ਤਸਕਰੀ ਅਤੇ ਗੁਪਤ-ਧੰਦਾ ਸੰਗੀਨ ਜੁਰਮ ਕਰਾਰ ਦਿੱਤੇ ਗਏ। ਪਹਿਲੀ ਵਾਰ ਜੁਰਮ ਸਾਬਤ ਹੋਣ ’ਤੇ ਘੱਟੋ-ਘੱਟ 10 ਸਾਲ ਕੈਦ ਬਾਮੁਸ਼ੱਕਤ ’ਤੇ ਇੱਕ ਲੱਖ ਰੁਪਏ ਜੁਰਮਾਨਾ ਅਤੇ ਦੂਜੀ ਵਾਰ 15 ਸਾਲ ਕੈਦ ਬਾਮੁਸ਼ੱਕਤ ਤੇ ਡੇਢ ਲੱਖ ਰੁਪਏ ਜੁਰਮਾਨਾ ਹੈ। ਇਨ੍ਹਾਂ ਮੁਕੱਦਮਿਆਂ ਵਾਸਤੇ ਵਿਸ਼ੇਸ਼ ਅਦਾਲਤਾਂ ਹਨ ਅਤੇ ਜੱਜ ਨੂੰ ਉਪਰੋਕਤ ਸਜ਼ਾਵਾਂ ਵਧਾ ਕੇ ਦੁੱਗਣੀਆਂ ਕਰਨ ਦਾ ਅਧਿਕਾਰ ਵੀ ਹੈ। ਨਾਲ ਹੀ ਇਸ ਧੰਦੇ ਵਿੱਚੋਂ ਬਣਾਈ ਜਾਇਦਾਦ ਵੀ ਜ਼ਬਤ ਕਰ ਲਈ ਜਾਂਦੀ ਹੈ। ਸੰਨ 1989 ਵਿੱਚ ਇਸ ਐਕਟ ਵਿੱਚ ਤਰਮੀਮ ਕੀਤੀ ਗਈ, ਜਿਸਦੇ ਤਹਿਤ ਦੂਜੀ ਵਾਰ ਅਪਰਾਧੀ ਸਿੱਧ ਹੋਣ ’ਤੇ ਸਜ਼ਾ-ਏ-ਮੌਤ ਵੀ ਦਿੱਤੀ ਜਾ ਸਕਦੀ ਹੈ, ਬਸ਼ਰਤੇ ਕਿ ਫੜੀ ਗਈ ਅਫੀਮ ਦੀ ਮਾਤਰਾ 10 ਕਿਲੋਗ੍ਰਾਮ ਤੋਂ ਵੱਧ ਅਤੇ ਮਾਰਫੀਨ ਜਾਂ ਹੈਰੋਇਨ ਦੀ ਮਾਤਰਾ ਇੱਕ ਕਿਲੋਗ੍ਰਾਮ ਤੋਂ ਵੱਧ ਹੋਏ। ਇਸ ਐਕਟ ਦੀ ਧਾਰਾ 64-ਏ ਤਹਿਤ ਕਿਸੇ ਕੋਲੋਂ ਖੁਦ ਆਪਣੀ ਵਰਤੋਂ ਲਈ ਮਾਮੂਲੀ ਮਿਕਦਾਰ (5 ਗ੍ਰਾਮ ਅਫੀਮ ਜਾਂ 0.25 ਗ੍ਰਾਮ ਹੈਰੋਇਨ) ਫੜੀ ਜਾਣ ’ਤੇ ਵੀ 6 ਮਹੀਨੇ ਤੋਂ ਇੱਕ ਸਾਲ ਦੀ ਕੈਦ ਜਾਂ ਜੁਰਮਾਨੇ ਦੀ ਸਜ਼ਾ ਹੋ ਸਕਦੀ ਹੈ। ਪ੍ਰੰਤੂ ਪਹਿਲੀ ਵਾਰ ਇਹ ਸਜ਼ਾ ਮੁਆਫ ਵੀ ਹੋ ਸਕਦੀ ਹੈ, ਜੇਕਰ ਮੁਜਰਿਮ ਕਿਸੇ ਮਾਨਤਾ-ਪ੍ਰਾਪਤ ਨਸ਼ਾ-ਮੁਕਤੀ ਹਸਪਤਾਲ ਵਿੱਚ ਇਲਾਜ ਰਾਹੀਂ ਨਸ਼ਾ ਛੱਡਣ ਲਈ ਰਜ਼ਾਮੰਦ ਹੋਏ। ਜੇ ਉਹ ਇਲਾਜ ਅਧਵਾਟੇ ਹੀ ਛੱਡ ਦਿੰਦਾ ਹੈ ਤਾਂ ਉਸ ਨੂੰ ਸਜ਼ਾ ਭੁਗਤਣੀ ਪੈਂਦੀ ਹੈ।

ਇੰਨੇ ਸਖਤ ਕਾਨੂੰਨ ਹੋਣ ’ਤੇ ਵੀ ਇਨ੍ਹਾਂ ਨਸ਼ੀਲੇ ਪਦਾਰਥਾਂ ਦੀ ਗੈਰ-ਕਾਨੂੰਨੀ ਉਪਜ, ਤਸਕਰੀ ਤੇ ਗੁਪਤ-ਧੰਦਾ ਜ਼ੋਰਾਂ ’ਤੇ ਹੈ। ਇਸਦੇ ਕਾਰਨ ਕਿਆਸੇ ਜਾ ਸਕਦੇ ਹਨ। ਇੱਥੇ ਵਿਸਤਾਰ ਦੀ ਲੋੜ ਨਹੀਂ। ਇਹ ਐਕਟ ਪਾਸ ਹੋਣ ਤੋਂ ਬਾਅਦ ਬਲੈਕੀਏ ਬੜੇ ਸਾਵਧਾਨ ਹੋ ਗਏ ਹਨ। ਆਪਣੇ ਅਮਲੀ ਗਾਹਕ ਨੂੰ ਕੁਝ ਸਕਿੰਟ ਹੀ ਆਪਣੇ ਕੋਲ ਖਲੋਣ ਦਿੰਦੇ ਹਨ। ਕੋਈ ਸੌਦੇਬਾਜ਼ੀ ਨਹੀਂ ਕਰਦੇ ਅਤੇ ਗਾਹਕ ਦੀ ਚੰਗੀ ਛਿੱਲ ਲਾਹੁੰਦੇ ਹਨ। ਉਸ ਤੋਂ ਨੋਟ ਫੜੇ ਤੇ ਅਫੀਮ, ਭੁੱਕੀ ਜਾਂ ਸਮੈਕ (ਜਿਸ ਵਿੱਚ ਚੋਖੀ ਸੁਆਹ ਰਲੀ ਹੁੰਦੀ ਹੈ) ਦੀ ਪੁੜੀ ਹੱਥ ਫੜਾ ਤੁਰੰਤ ਖਿਸਕਣ ਦਾ ਇਸ਼ਾਰਾ ਕਰਦੇ ਹਨ। ਗਾਹਕ ਵੀ ਇਸੇ ਵਿੱਚ ਆਪਣੀ ਖੈਰ ਸਮਝਦਾ ਹੈ। ਇਨ੍ਹਾਂ ਗੱਲਾਂ ਤੋਂ ਤੰਗ ਆ ਕਈ ਅਮਲੀ ਅਫੀਮ, ਭੁੱਕੀ ਦੀ ਥਾਂ ਕੈਮੀਕਲ ਨਸ਼ੇ ਕਰਨ ਲੱਗ ਪਏ ਹਨ। ਜੇਕਰ ਸਰਕਾਰਾਂ ਨਸ਼ੇ ਬੰਦ ਕਰਨਾ ਚਾਹੁਣ ਤਾਂ ਨਸ਼ੇ ਬਹੁਤ ਜਲਦ ਬੰਦ ਕੀਤੇ ਜਾ ਸਕਦੇ ਪਰ ਅਫ਼ਸੋਸ ਨਸ਼ਿਆਂ ਦੇ ਸੁਦਾਗਰਾਂ, ਜਿਨ੍ਹਾਂ ਨੂੰ ਸਿਆਸੀ ਆਕਾਵਾਂ ਦੀ ਸਰਪ੍ਰਸਤੀ ਹਾਸਲ ਹੁੰਦੀ ਹੈ, ਉਹ ਸੱਤਾਧਾਰੀ ਪਾਰਟੀ ਵਿੱਚ ਰਲੇਵਾਂ ਕਰਕੇ ਯੋਗ ਥਾਂ ਬਣਾਉਣ ਵਿੱਚ ਸਫ਼ਲ ਹੋ ਜਾਂਦੇ ਹਨ। ਇਸੇ ਤਰ੍ਹਾਂ ਪੁਲਿਸ ਤੰਤਰ ਵਿੱਚ ਵੀ ਕਾਲੀਆਂ ਭੇਡਾਂ ਹਨ। ਇਸ ’ਤੇ ਗ਼ੌਰ ਕਰਨ ਦੀ ਲੋੜ ਹੈ। ਇਸ ਲਈ ਲੋਕ ਲਹਿਰ ਤੋਂ ਬਿਨਾਂ ਨਸ਼ੇ ਨੂੰ ਖਤਮ ਕਰਨ ਦੀ ਸੰਭਾਵਨਾ ਘੱਟ ਹੈ।

# ਵਿਦਿਆਰਥੀਆਂ ਦਾ ਪਰਵਾਸ ਅਤੇ ਉੱਚ ਸਿੱਖਿਆ ਸੁਧਾਰ ਦੀ ਯੋਜਨਾ

ਲੇਖਕ: ਪ੍ਰਿੰਸੀਪਲ ਵਿਜੈ ਕੁਮਾਰ
ਸੰਪਰਕ: 98726-27136

ਸਭ ਤੋਂ ਪਹਿਲਾਂ ਤਾਂ ਦੇਸ਼ ਦੀ ਕੇਂਦਰ ਸਰਕਾਰ ਚਲਾ ਰਹੇ ਸਿਆਸੀ ਨੇਤਾਵਾਂ ਦੇ ਮਨਾਂ ਅੰਦਰ ਨੌਜਵਾਨਾਂ ਨੂੰ ਦੂਜੇ ਦੇਸ਼ਾਂ 'ਚ ਪੜ੍ਹਾਈ ਲਈ ਜਾਣ ਤੋਂ ਰੋਕਣ ਲਈ ਪੈਦਾ ਹੋਈ ਫ਼ਿਕਰਮੰਦੀ ਲਈ ਵਧਾਈ ਦੇਣੀ ਬਣਦੀ ਹੈ ਪਰ ਨਾਲ ਹੀ ਇਹ ਕਹਿਣਾ ਬਣਦਾ ਹੈ ਕਿ ਯੂਨੀਵਰਸਟੀ ਗ੍ਰਾਂਟਸ ਕਮਿਸ਼ਨ ਨੇ ਕੇਂਦਰੀ ਸਿੱਖਿਆ ਮੰਤਰਾਲੇ ਦੇ ਨਿਰਦੇਸ਼ਾਂ ਮੁਤਾਬਿਕ ਨੌਜਵਾਨਾਂ ਨੂੰ ਪੜ੍ਹਾਈ ਲਈ ਵਿਦੇਸ਼ ਜਾਣ ਤੋਂ ਰੋਕਣ ਲਈ ਉੱਚ ਸਿੱਖਿਆ 'ਚ ਸੁਧਾਰਾਂ ਲਈ ਬਣਾਈ ਯੋਜਨਾ ਮਹਿਜ਼ ਗੋਂਗਲੂਆਂ ਤੋਂ ਮਿੱਟੀ ਝਾੜਨ ਤੋਂ ਵੱਧ ਕੁਝ ਨਹੀਂ। ਇਹ ਲੋਕਾਂ ਨੂੰ ਇਹ ਦਿਖਾਉਣ ਤੋਂ ਵੱਧ ਕੁਝ ਨਹੀਂ ਕਿ ਸਰਕਾਰਾਂ ਨੂੰ ਦੇਸ਼ ਦੇ ਬੱਚਿਆਂ ਦਾ ਬਹੁਤ ਫ਼ਿਕਰ ਹੈ।

ਇਸ ਤੋਂ ਪਹਿਲਾਂ ਕਿ ਯੂਨਵਰਸਿਟੀ ਗ੍ਰਾਂਟਸ ਕਮਿਸ਼ਨ ਦੀ ਉੱਚ ਸਿੱਖਿਆ ਸੁਧਾਰ ਲਈ ਬਣਾਈ ਯੋਜਨਾ ਬਾਰੇ ਗੱਲ ਕੀਤੀ ਜਾਵੇ, ਚੰਗਾ ਰਹੇਗਾ ਕਿ ਵਿਦੇਸ਼ਾਂ ਵਿਚ ਪੜ੍ਹਾਈ ਕਰਨ ਦੇ ਨਾਂ 'ਤੇ ਹਰ ਸਾਲ ਦੂਜੇ ਦੇਸ਼ਾਂ 'ਚ ਪਰਵਾਸ ਕਰਨ ਵਾਲਿਆਂ ਦੇ ਅੰਕੜਿਆਂ ਉੱਤੇ ਝਾਤ ਮਾਰ ਲਈ ਜਾਵੇ। ਇੱਕ ਨਾਮੀ ਅਖ਼ਬਾਰ ਦੀ ਰਿਪੋਰਟ ਅਨੁਸਾਰ, 2022 'ਚ ਭਾਰਤ ਦੇ 9 ਲੱਖ ਵਿਦਿਆਰਥੀ ਦੁਨੀਆ ਦੇ ਦੂਜੇ ਦੇਸ਼ਾਂ ਵਿਚ ਪੜ੍ਹਾਈ ਲਈ ਗਏ। 2023 'ਚ ਇਹ ਗਿਣਤੀ 13 ਲੱਖ ਅਤੇ 2024 ਵਿਚ 13.50 ਲੱਖ ਹੋ ਗਈ। ਇਨ੍ਹਾਂ 13.50 ਲੱਖ ਵਿਦਿਆਰਥੀਆਂ 'ਚ ਸਭ ਤੋਂ ਵੱਧ ਗਿਣਤੀ 4.30 ਲੱਖ, ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦੀ ਸੀ; 3.50 ਵਿਦਿਆਰਥੀ ਅਮਰੀਕਾ, 1.85 ਲੱਖ ਬ੍ਰਿਟੇਨ ਤੇ ਬਾਕੀ ਆਸਟਰੇਲੀਆ, ਚੀਨ, ਜਰਮਨੀ, ਯੂਕਰੇਨ ਤੇ, ਫਿਲਪੀਨਜ਼ ਹਏ।

ਲੱਖਾਂ ਵਿਦਿਆਰਥੀਆਂ ਦੇ ਪਰਵਾਸ ਬਾਰੇ ਕੇਂਦਰੀ ਸਿੱਖਿਆ ਮੰਤਰਾਲੇ ਨੇ ਕਿਹਾ ਹੈ ਕਿ ਵਿਦੇਸ਼ ਜਾਣਾ ਵਿਦਿਆਰਥੀ ਵਰਗ ਲਈ ਸਟੇਟਸ ਸਿੰਬਲ ਬਣ ਚੁੱਕਾ ਹੈ। ਇਸ ਨਾਲ ਇੱਕ ਤਾਂ ਦੇਸ਼ ਦਾ ਆਰਥਿਕ ਨੁਕਸਾਨ ਹੋ ਰਿਹਾ ਹੈ, ਦੂਜਾ ਦੇਸ਼ ਦੇ ਹੋਣਹਾਰ ਬੱਚੇ ਜਿਨ੍ਹਾਂ ਦਾ ਦੇਸ਼ ਨੂੰ ਲਾਭ ਪਹੁੰਚਣਾ ਸੀ, ਵਿਦੇਸ਼ਾਂ ਵਿਚ ਵਸ ਰਹੇ ਹਨ। ਮੰਤਰਾਲੇ ਦੇ ਨਿਰਦੇਸ਼ਾਂ ਮੁਤਾਬਿਕ, ਦੇਸ਼ ਦੇ ਨੌਜਵਾਨਾਂ ਨੂੰ ਪੜ੍ਹਾਈ ਲਈ ਵਿਦੇਸ਼ ਜਾਣ ਤੋਂ ਰੋਕਣ ਲਈ ਯੂਨੀਵਰਸਟੀ ਗ੍ਰਾਂਟਸ ਕਮਿਸ਼ਨ ਦੀ ਯੋਜਨਾ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ। ਪਹਿਲੇ ਹਿੱਸੇ 'ਚ ਉੱਚ ਸਿੱਖਿਆ ਦੇ ਮੁਕਾਬਲੇ ਦੂਜੇ ਦੇਸ਼ਾਂ ਦੀ ਉੱਚ ਸਿੱਖਿਆ ਦੀਆਂ ਖੂਬੀਆਂ ਦੀ ਨਿਸ਼ਾਨਦੇਹੀ ਕਰਨਾ ਮਿਥਿਆ ਹੈ। ਦੇਸ਼ ਦੀਆਂ ਉੱਚ ਸਿੱਖਿਆ ਸੰਸਥਾਵਾਂ ਨੂੰ ਵਿਸ਼ਵ ਪੱਧਰ ਦੇ ਮੁਕਾਬਲੇ ਦੀਆਂ ਬਣਾਉਣ ਲਈ ਮੰਤਰਾਲੇ ਨੇ ਖਾਕਾ ਤਿਆਰ ਕੀਤਾ ਹੈ। ਇਸ ਖਾਕੇ ਅਧੀਨ ਇਹ ਦੇਖਿਆ ਜਾਵੇਗਾ ਕਿ ਸਭ ਤੋਂ ਵੱਧ ਬੱਚੇ ਕਿਨ੍ਹਾਂ ਦੇਸ਼ਾਂ 'ਚ ਜਾ ਰਹੇ ਹਨ ਅਤੇ ਸਭ ਤੋਂ ਵੱਧ ਕਿਨ੍ਹਾਂ ਕੋਰਸਾਂ ਵਿਚ ਦਾਖਲਾ ਲੈ ਰਹੇ ਹਨ। ਉਨ੍ਹਾਂ ਵਿਦੇਸ਼ੀ ਸੰਸਥਾਵਾਂ ਦੀਆਂ ਖੂਬੀਆਂ ਕੀ ਹਨ? ਵਿਦੇਸ਼ਾਂ ਵਿਚ ਬੱਚਿਆਂ ਨੂੰ ਉਨ੍ਹਾਂ ਕੋਰਸਾਂ ਦੀ ਪੜ੍ਹਾਈ ਉੱਤੇ ਕਿੰਨੇ ਪੈਸੇ ਖਰਚ ਕਰਨੇ ਪੈਂਦੇ ਹਨ?



ਇਨ੍ਹਾਂ ਯੋਜਨਾਵਾਂ ਨੂੰ 2035 ਤੱਕ ਉਚਾਈ ਦੇਣ ਅਤੇ ਉਸ ਦੀ ਗ੍ਰਾਫਿਕ ਅਵੈਲਿਊਏਸ਼ਨ ਐਂਡ ਰਿਵਿਊ ਟੈਕਨੀਕ (ਜੀਈਆਰਟੀ) ਨੂੰ 50% ਤੱਕ ਪਹੁੰਚਾਉਣ ਦਾ ਟੀਚਾ ਰੱਖਿਆ ਗਿਆ ਹੈ। ਉਸ ਅਨੁਸਾਰ, ਉੱਚ ਸਿੱਖਿਆ ਨੂੰ ਵਿਸ਼ਵ ਪੱਧਰ ਦਾ ਬਣਾ ਕੇ ਬੱਚਿਆਂ ਨੂੰ ਵਿਦੇਸ਼ ਜਾਣ ਤੋਂ ਰੋਕਣਾ ਹੋਵੇਗਾ। ਵਿਦਿਆਰਥੀ ਵਿਦੇਸ਼ ਜਾਣ ਦੀ ਬਜਾਇ ਆਪਣੇ ਦੇਸ਼ 'ਚ ਹੀ ਵਧੀਆ ਪੜ੍ਹਾਈ ਕਰ ਕੇ ਰੁਜ਼ਗਾਰ ਹਾਸਲ ਕਰ ਸਕਣ। ਉਨ੍ਹਾਂ ਦੀ ਪਸੰਦ ਦੇ ਕੋਰਸਾਂ ਦੀ ਸ਼ਨਾਖਤ ਕਰ ਕੇ ਦੇਸ਼ ਵਿਚ ਹੀ ਅਜਿਹੀ ਪੜ੍ਹਾਈ ਅਤੇ ਸਕਿਲਿੰਗ ਦੀ ਤਿਆਰੀ ਕੀਤੀ ਜਾਵੇਗੀ। ਦੂਜੇ ਭਾਗ 'ਚ ਉੱਚ ਸਿੱਖਿਆ 'ਚ ਸੁਧਾਰਾਂ ਤਹਿਤ ਗ੍ਰੈਜੂਏਸ਼ਨ ਦੀ ਪੜ੍ਹਾਈ ਨਾਲ ਇੰਟਰਨਸ਼ਿਪ ਨੂੰ ਜ਼ਰੂਰੀ ਕੀਤਾ ਗਿਆ ਹੈ। ਵਿਦਿਆਰਥੀਆਂ ਦੀ ਯੋਗਤਾ ਪਰਖਣ ਲਈ ਕ੍ਰੈਡਿਟ ਫਰੇਮਵਰਕ ਦੀ ਸ਼ੁਰੂਆਤ ਕੀਤੀ ਗਈ ਹੈ। ਤੀਹ ਘੰਟੇ ਦੀ ਪੜ੍ਹਾਈ ਤੋਂ ਬਾਅਦ ਕ੍ਰੈਡਿਟ ਅੰਕ ਮਿਲੇਗਾ। ਕਿਸੇ ਵੀ ਤਰ੍ਹਾਂ ਦੀ ਪੜ੍ਹਾਈ ਅਤੇ ਤਜਰਬਾ ਹੁਣ ਕ੍ਰੈਡਿਟ ਅੰਕਾਂ ਵਿਚ ਤਬਦੀਲ ਕਰ ਦਿੱਤਾ ਜਾਵੇਗਾ। ਵਿਦਿਆਰਥੀ ਕਦੇ ਵੀ ਆਪਣੀ ਪੜ੍ਹਾਈ ਛੱਡ ਕੇ ਮੁੜ ਉਸ 'ਚ ਸ਼ਾਮਿਲ ਹੋ ਸਕਦੇ ਹਨ। ਵਿਦਿਆਰਥੀ ਦੀ ਹੋਰ ਪੜ੍ਹਾਈ ਦਾ ਤਜਰਬਾ ਪਹਿਲੀ ਪੜ੍ਹਾਈ ਵਿਚ ਸ਼ਾਮਿਲ ਹੋਵੇਗਾ। ਇਸ ਪੜ੍ਹਾਈ 'ਚ ਕਲਾ, ਸ਼ਿਲਪ, ਸੰਗੀਤ ਆਦਿ ਖੇਤਰਾਂ ਦਾ ਪ੍ਰਾਪਤ ਕੀਤੇ ਤਜਰਬੇ ਜਾਂ ਫਿਰ ਕਿਤੇ ਵੀ ਕੀਤੇ ਕੰਮ ਦੇ ਤਜਰਬੇ ਦੇ ਕ੍ਰੈਡਿਟ ਅੰਕ ਮਿਲਣਗੇ। ਇਸੇ ਆਧਾਰ ਉੱਤੇ ਉਹ ਡਿਗਰੀ ਡਿਪਲੋਮਾ ਕਰ ਸਕਣਗੇ। ਗ੍ਰੈਜੂਏਸ਼ਨ ਪੱਧਰ ਉੱਤੇ ਕਿਸੇ ਵੀ ਵਿਸ਼ੇ 'ਚ ਦਾਖਲਾ ਲੈਣ ਦੀ ਆਜ਼ਾਦੀ ਹੋਵੇਗੀ, ਵਿਦਿਆਰਥੀ ਨੇ ਬਾਰ੍ਹਵੀਂ ਜਮਾਤ 'ਚ ਉਹ ਵਿਸ਼ਾ ਭਾਵੇਂ ਪੜ੍ਹਿਆ ਹੋਵੇ ਜਾਂ ਨਹੀਂ।

ਕੇਂਦਰੀ ਸਿੱਖਿਆ ਮੰਤਰਾਲੇ ਅਤੇ ਯੂਨੀਵਰਸਟੀ ਗ੍ਰਾਂਟਸ ਕਮਿਸ਼ਨ ਦੀ ਇਹ ਯੋਜਨਾ ਵਿਦਿਆਥੀਆਂ ਨੂੰ ਵਿਦੇਸ਼ ਜਾਣ ਤੋਂ ਰੋਕ ਸਕੇਗੀ ਜਾਂ ਨਹੀਂ, ਇਹ ਤਾਂ ਆਉਣ ਵਾਲਾ ਸਮਾਂ ਦੱਸੇਗਾ ਪਰ ਦੇਸ਼ ਦੀਆਂ ਸਰਕਾਰਾਂ ਅਤੇ ਯੂਨੀਵਰਸਟੀ ਗ੍ਰਾਂਟਸ ਕਮਿਸ਼ਨ ਨੂੰ ਜ਼ਮੀਨੀ ਹਕੀਕਤ ਜ਼ਰੂਰ ਦੇਖ ਲੈਣੀ ਚਾਹੀਦੀ ਹੈ। ਸਾਡੇ ਬੱਚੇ ਦੂਜੇ ਦੇਸ਼ਾਂ ਵਿਚ ਪੜ੍ਹਾਈ ਦੇ ਬਹਾਨੇ ਰੁਜ਼ਗਾਰ ਲੱਭਣ ਜਾਂਦੇ ਹਨ। ਇਨ੍ਹਾਂ ਬੱਚਿਆਂ ਦੇ ਪਰਵਾਸ ਦਾ ਮੁੱਖ ਕਾਰਨ ਪੜ੍ਹਾਈ ਦਾ ਪੱਧਰ ਨਹੀਂ ਸਗੋਂ ਬੇਰੁਜ਼ਗਾਰੀ ਹੈ। ਬੱਚਿਆਂ ਨੂੰ ਵਿਦੇਸ਼ਾਂ ਵਿਚ ਪੜ੍ਹਾਈ ਦੇ ਨਾਲ-ਨਾਲ ਰੁਜ਼ਗਾਰ ਵੀ ਮਿਲ ਜਾਂਦਾ ਹੈ ਪਰ ਸਾਡੇ ਦੇਸ਼ 'ਚ ਪੜ੍ਹ ਕੇ ਵੀ ਰੁਜ਼ਗਾਰ ਨਹੀਂ ਮਿਲਦਾ। ਵਿਦੇਸ਼ਾਂ ਵਿਚ ਪੜ੍ਹਨ ਗਏ ਹੋਣਹਾਰ ਬੱਚੇ ਇਸ ਲਈ ਨਹੀਂ ਮੁੜਦੇ ਕਿਉਂਕਿ ਸਾਡੇ ਦੇਸ਼ 'ਚ ਉਨ੍ਹਾਂ ਦੀ ਉਹ ਕਦਰ ਨਹੀਂ ਪੈਂਦੀ ਜਿਹੜੀ ਵਿਦੇਸ਼ਾਂ ਵਿਚ ਪੈਂਦੀ ਹੈ। ਵਿਦੇਸ਼ੀ ਯੂਨੀਵਰਸਿਟੀਆਂ ਦੀ ਪੜ੍ਹਾਈ, ਖੋਜ ਅਤੇ ਪ੍ਰੈਕਟੀਕਲ ਉੱਤੇ ਆਧਾਰਿਤ ਹੈ; ਸਾਡੀਆਂ ਯੂਨੀਵਰਸਿਟੀਆਂ ਦੀ ਪੜ੍ਹਾਈ ਕੇਵਲ ਥਿਊਰੀ 'ਤੇ ਆਧਾਰਿਤ ਹੈ।

ਨਿੱਜੀ ਕੰਪਨੀਆਂ 'ਚ ਢਾਈ ਲੱਖ ਇੰਜਨੀਅਰਾਂ ਦੀਆਂ ਅਸਾਮੀਆਂ ਇਸ ਲਈ ਖਾਲੀ ਪਈਆਂ ਹਨ ਕਿਉਂਕਿ ਕੰਪਨੀਆਂ ਨੂੰ ਯੋਗ ਉਮੀਦਵਾਰ ਨਹੀਂ ਮਿਲ ਰਹੇ। ਦੂਜੇ ਦੇਸ਼ਾਂ ਦਾ ਉੱਚ ਸਿੱਖਿਆ ਬਜਟ ਤਿੰਨ ਗੁਣਾ ਜ਼ਿਆਦਾ ਹੁੰਦਾ ਹੈ। ਕੀ ਸਾਡੀਆਂ ਸਰਕਾਰਾਂ ਇਨ੍ਹਾਂ ਸਵਾਲਾਂ ਦਾ ਜਵਾਬ ਦੇ ਸਕਦੀਆਂ ਹਨ ਕਿ ਜਿਨ੍ਹਾਂ ਇੰਜਨੀਅਰਿੰਗ ਕਾਲਜਾਂ ਕੋਲ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਨਾ ਮਿਆਰੀ ਅਧਿਆਪਕ ਸਨ ਤੇ ਨਾ ਹੀ ਪੂਰਾ ਸਾਜ਼ੋ-ਸਮਾਨ, ਉਨ੍ਹਾਂ ਕਾਲਜਾਂ ਨੂੰ ਮਾਨਤਾ ਕਿਵੇਂ ਦਿੱਤੀ ਗਈ? ਦੇਸ਼ ਦੇ ਉੱਚ ਸਿੱਖਿਆ ਪ੍ਰਾਪਤ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿਚ ਰੁਜ਼ਗਾਰ ਪ੍ਰਾਪਤ ਕਰਨ ਲਈ ਮੁੜ ਉਨ੍ਹਾਂ ਦੇਸ਼ਾਂ ਦੀ ਪੜ੍ਹਾਈ ਕਿਉਂ ਕਰਨੀ ਪੈਂਦੀ ਹੈ?

ਕੇਂਦਰੀ ਸਿੱਖਿਆ ਮੰਤਰਾਲੇ ਅਤੇ ਯੂਨੀਵਰਸਟੀ ਗ੍ਰਾਂਟਸ ਕਮਿਸ਼ਨ ਨੂੰ ਇਹ ਉੱਚ ਸਿੱਖਿਆ ਸੁਧਾਰ ਯੋਜਨਾ ਲਾਗੂ ਕਰਨ ਦੇ ਹਵਾਲੇ ਕਿਲੇ ਤਿਆਰ ਕਰਨ ਤੋਂ ਪਹਿਲਾਂ ਆਪਣੇ ਦੇਸ਼ ਦੀ ਉਸ ਵੋਕੇਸ਼ਨਲ ਸਿੱਖਿਆ ਅਤੇ ਕਿੱਤਾ ਕੋਰਸਾਂ ਦੀ ਨਜ਼ਰਸਾਨੀ ਕਰਨੀ ਚਾਹੀਦੀ ਹੈ ਜੋ ਬੇਰੁਜ਼ਗਾਰਾਂ ਦੀ ਫੌਜ ਤਿਆਰ ਕਰ ਰਹੇ ਹਨ। ਕ੍ਰੈਡਿਟ ਅੰਕ ਫਰੇਮਵਰਕ ਯੋਜਨਾ ਵਿਦਿਆਰਥੀਆਂ ਦੇ ਵਿਦੇਸ਼ ਜਾਣ ਨੂੰ ਕਿਵੇਂ ਰੋਕ ਸਕੇਗੀ ਜਦੋਂ ਦੇਸ਼ 'ਚ ਰੁਜ਼ਗਾਰ ਦੇ ਮੌਕੇ ਹੀ ਨਹੀਂ ਹੋਣਗੇ? ਕਿਸੇ ਵੇਲੇ ਵੀ ਪੜ੍ਹਾਈ ਛੱਡਣ, ਕਿਸੇ ਵੇਲੇ ਵੀ ਮੁੜ ਦਾਖਲ ਹੋਣ ਅਤੇ ਗ੍ਰੈਜੂਏਸ਼ਨ ਵਿਚ ਕੋਈ ਵੀ ਵਿਸ਼ਾ ਪੜ੍ਹਨ, ਚਾਹੇ ਉਹ ਵਿਸ਼ਾ ਬਾਰ੍ਹਵੀਂ ਜਮਾਤ ਵਿਚ ਪੜ੍ਹਿਆ ਹੋਵੇ ਜਾਂ ਨਾ, ਆਪਣੇ ਆਪ ਵਿਚ ਬਹੁਤ ਅਜੀਬੋ-ਗਰੀਬ ਫੈਸਲੇ ਹਨ। ਇਨ੍ਹਾਂ ਫੈਸਲਿਆਂ ਨਾਲ ਬੱਚਿਆਂ ਦਾ ਵਿਦੇਸ਼ ਜਾਣ ਦਾ ਰੁਝਾਨ ਰੁਕੇਗਾ ਜਾਂ ਨਹੀਂ ਪਰ ਅੱਧਵਾਟੇ ਪੜ੍ਹਾਈ ਛੱਡਣ ਵਾਲੇ ਬੱਚਿਆਂ ਦੀ ਗਿਣਤੀ ਵਧਣ ਦੇ ਖ਼ਦਸ਼ੇ ਜ਼ਰੂਰ ਵਧਣਗੇ।

# ਪੰਜਾਬੀ ਮਾਂ ਬੋਲੀ

## ਅਹਿਮੀਅਤ ਤੇ ਉਲਝਣਾਂ

ਲਿਖਤ : ਅਭੈ ਸਿੰਘ, ਸੰਪਰਕ: 98783-75903

ਮੈਂ ਇੱਕ ਅਰਸੇ ਤੋਂ ਹੀ ਮਾਂ ਬੋਲੀ, ਪੰਜਾਬੀ ਦੀ ਉੱਨਤੀ ਤੇ ਮਕਬੂਲੀਅਤ ਵਾਸਤੇ ਸੰਘਰਸ਼ਸ਼ੀਲ ਹਾਂ। ਇਸ ਦੇ ਪ੍ਰਚਾਰ ਵਾਸਤੇ ਜੱਦੋਜਹਿਦਾਂ ਵਿੱਚ ਸ਼ਾਮਲ ਹਾਂ। ਮਾਂ ਬੋਲੀ ਦੀ ਅਹਿਮੀਅਤ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਪਰ ਕਦੇ ਕਦੇ ਕੁਝ ਉਲਝਣਾਂ ਵੀ ਪੈਦਾ ਹੁੰਦੀਆਂ ਹਨ, ਉਨ੍ਹਾਂ ਬਾਰੇ ਵੀ ਗੱਲ ਕਰਨੀ ਬਣਦੀ ਹੈ। ਅਸੀਂ ਸੰਸਾਰ ਦੇ ਮਹਾਨ ਲੇਖਕਾਂ ਦੀਆਂ ਮਹਾਨ ਰਚਨਾਵਾਂ ਪੜ੍ਹਦੇ ਹਾਂ, ਉਨ੍ਹਾਂ ਤੋਂ ਮੁਤਾਸਰ ਹੁੰਦੇ ਹਾਂ ਤੇ ਉਨ੍ਹਾਂ ਬਾਰੇ ਵਿਚਾਰ ਵੀ ਹੁੰਦੇ ਰਹਿੰਦੇ ਹਨ। ਇਹ ਸਭ ਰਚਨਾਵਾਂ ਉਨ੍ਹਾਂ ਨੇ ਆਪਣੀਆਂ ਭਾਸ਼ਾਵਾਂ ਵਿੱਚ ਹੀ ਲਿਖੀਆਂ ਹੁੰਦੀਆਂ ਹਨ ਤੇ ਸਾਡੇ ਕੋਲ ਤਰਜਮਿਆਂ ਰਾਹੀਂ ਪਹੁੰਚਦੀਆਂ ਹਨ। ਇਸ ਦੇ ਬਾਵਜੂਦ ਕਈ ਵਾਰ ਇਹ ਖ਼ਿਆਲ ਆਉਂਦਾ ਹੈ ਕਿ ਪੰਜਾਬ ਦੇ ਜੰਮਪਲ ਕੁਝ ਚੋਟੀ ਦੇ ਲੇਖਕ ਜਿਵੇਂ ਕਿ ਸਆਦਤ ਹਸਨ ਮੰਟੋ, ਖ਼ੁਸ਼ਵੰਤ ਸਿੰਘ, ਕ੍ਰਿਸ਼ਨ ਚੰਦਰ ਤੇ ਫੈਜ਼ ਅਹਿਮਦ ਫੈਜ਼ ਜੇ ਆਪਣੀ ਮਾਂ ਬੋਲੀ ਪੰਜਾਬੀ ਵਿੱਚ ਹੀ ਲਿਖਦੇ ਤਾਂ ਕੀ ਇੰਨੀ ਵਿਸ਼ਾਲ ਪ੍ਰਸਿੱਧੀ ਪਾ ਸਕਦੇ ਸਨ ਜਿੰਨੀ ਉਨ੍ਹਾਂ ਨੂੰ ਮਿਲੀ ਹੈ। ਇੱਕ ਜ਼ਾਤੀ ਉਦਾਹਰਣ ਹੁਣ ਦੀ ਹੈ। ਕਸ਼ਮੀਰ ਦਾ ਇੱਕ ਲੇਖਕ, ਸ਼ਫ਼ੀ ਅਹਿਮਦ ਮੇਰਾ ਚੰਗਾ ਦੋਸਤ ਬਣਿਆ ਹੋਇਆ ਹੈ। ਉਸ ਦਾ ਇੱਕ ਅੰਗਰੇਜ਼ੀ ਵਿੱਚ ਲਿਖਿਆ 'ਹਾਫ਼ ਵਿਡੋ' ਨਾਮ ਦਾ ਨਾਵਲ ਹੈ। ਇਸ ਨਾਵਲ ਦਾ ਰੀਵਿਊ ਮੈਂ ਉਰਦੂ ਦੇ ਅਖ਼ਬਾਰ ਵਿੱਚੋਂ ਪੜ੍ਹਿਆ ਜੋ ਕਿ ਮੇਰੀ ਮਾਦਰੀ ਜ਼ਬਾਨ ਨਹੀਂ ਹੈ। ਮੈਨੂੰ ਨਾਵਲ ਦਿਲਚਸਪ ਲੱਗਿਆ। ਮੈਂ ਰੀਵਿਊ ਕਰਨ ਵਾਲੇ ਲੇਖਕ ਨੂੰ ਫੋਨ ਕੀਤਾ। ਉਸ ਨੇ ਲੇਖਕ ਨਾਲ ਰਾਬਤਾ ਕਰ ਕੇ ਮੈਨੂੰ ਉਹ ਨਾਵਲ ਭਿਜਵਾ ਦਿੱਤਾ। ਅਖੀਰ ਮੈਂ ਇਸ ਨਾਵਲ ਦਾ ਪੰਜਾਬੀ ਤਰਜਮਾ ਕੀਤਾ ਜੋ ਲੋਕ ਗੀਤ ਪ੍ਰਕਾਸ਼ਨ ਨੇ 'ਅੱਧੀ ਵਿਧਵਾ' ਦੇ ਨਾਂ ਨਾਲ ਛਾਪਿਆ। ਇਸ ਬਾਰੇ 'ਸਾਹਿਤ ਚਿੰਤਨ ਚੰਡੀਗੜ੍ਹ' ਨੇ ਚਰਚਾ ਕਰਵਾਈ ਜਿਸ ਵਿੱਚ ਸ਼ਫ਼ੀ ਅਹਿਮਦ ਵੀ ਆਇਆ। ਇਸ ਤੋਂ ਬਾਅਦ ਸ਼ਫ਼ੀ ਅਹਿਮਦ ਨਾਲ ਮੇਰਾ ਮਿਲਣਾ ਜੁਲਣਾ, ਆਉਣਾ ਜਾਣਾ ਹੋ ਗਿਆ ਤੇ ਉਸ ਦੇ ਰਾਹੀਂ ਹੀ ਕਸ਼ਮੀਰ ਦੇ ਹੋਰ ਕਈ ਉਰਦੂ ਲੇਖਕਾਂ ਨਾਲ ਜਾਣ ਪਛਾਣ ਹੋਈ ਤੇ ਕਸ਼ਮੀਰ ਦੇ ਉਰਦੂ ਲੇਖਕਾਂ ਦੀਆਂ ਕੁਝ ਮੀਟਿੰਗਾਂ ਦਾ ਮਹਿਮਾਨ ਵੀ ਰਿਹਾ।

ਹੁਣ ਕੁਝ ਦਿਨ ਪਹਿਲਾਂ ਮੈਂ ਫੇਸਬੁੱਕ 'ਤੇ ਵੇਖਿਆ ਕਿ ਸ਼ਫ਼ੀ ਅਹਿਮਦ ਨੇ ਕਸ਼ਮੀਰੀ ਭਾਸ਼ਾ ਵਿੱਚ ਕਹਾਣੀਆਂ ਦਾ ਇੱਕ ਸੰਗ੍ਰਹਿ ਲਿਖਿਆ ਹੈ। ਲੋਕ ਉਸ ਨੂੰ ਵਧਾਈਆਂ ਦੇ ਰਹੇ ਸਨ, ਮੈਂ ਵੀ ਵਧਾਈ ਦਿੱਤੀ ਪਰ ਮਹਿਸੂਸ ਵੀ ਕੀਤਾ ਕਿ ਇਹ ਕਹਾਣੀਆਂ ਪੜ੍ਹ ਨਹੀਂ ਸਕਾਂਗਾ ਤੇ ਇਨ੍ਹਾਂ ਬਾਰੇ ਕੋਈ ਰਾਇ ਵੀ ਨਹੀਂ ਦੇ ਸਕਾਂਗਾ। ਇਨ੍ਹਾਂ ਵਧਾਈਆਂ ਵਿੱਚ ਇਸ ਤਰ੍ਹਾਂ ਵੀ ਕਿਹਾ ਜਾਂਦਾ ਸੀ ਕਿ ਬਹੁਤ ਖ਼ੁਸ਼ੀ ਦੀ ਗੱਲ ਹੈ ਕਿ ਕਈ ਸਾਲ ਅੰਗਰੇਜ਼ੀ ਤੇ ਉਰਦੂ ਵਿੱਚ ਲਿਖਦੇ ਰਹਿਣ ਬਾਅਦ ਉਹ ਆਪਣੀ ਮਾਂ ਬੋਲੀ ਕਸ਼ਮੀਰੀ ਵੱਲ ਪਰਤ ਆਇਆ ਹੈ ਹਾਲਾਂਕਿ ਉਸ ਨੇ ਖ਼ੁਦ ਇਸ ਬਾਰੇ ਵਜਾਹਤ ਕੀਤੀ ਹੈ ਕਿ ਉਹ ਉਰਦੂ ਤੇ ਅੰਗਰੇਜ਼ੀ ਵਿੱਚ ਲਿਖਣਾ ਬੰਦ ਨਹੀਂ ਕਰੇਗਾ, ਹਾਂ ਹੁਣ ਕਸ਼ਮੀਰੀ ਵਿੱਚ ਵੀ ਲਿਖਿਆ ਕਰੇਗਾ। ਮੇਰੇ ਵਾਸਤੇ ਇਹ ਸਕੂਨ ਵਾਲੀ ਗੱਲ ਹੈ ਪਰ ਇੱਕ ਖ਼ਿਆਲ ਆਉਂਦਾ ਰਹਿੰਦਾ ਹੈ ਕਿ ਜੇ ਉਸ ਨੇ ਉਹ ਨਾਵਲ ਹੀ ਕਸ਼ਮੀਰੀ ਵਿੱਚ ਲਿਖਿਆ ਹੁੰਦਾ ਤੇ ਉਸ ਦਾ ਰੀਵਿਊ ਵੀ ਉਰਦੂ ਦੀ ਬਜਾਏ ਕਸ਼ਮੀਰੀ ਭਾਸ਼ਾ ਦੇ ਕਿਸੇ ਅਖ਼ਬਾਰ ਵਿੱਚ ਛਪਦਾ ਤਾਂ ਮੈਨੂੰ ਇਸ ਦੀ ਕੋਈ ਜਾਣਕਾਰੀ ਨਹੀਂ ਮਿਲਣੀ ਸੀ ਤੇ ਮੈਨੂੰ ਸ਼ਫ਼ੀ ਅਹਿਮਦ ਨਾਲ ਦੋਸਤੀ ਦਾ ਮੌਕਾ ਵੀ ਨਹੀਂ ਮਿਲਣਾ ਸੀ।

ਕਸ਼ਮੀਰ ਘਾਟੀ ਦੀ ਸਾਰੀ ਆਬਾਦੀ ਦੀ ਮਾਦਰੀ ਜ਼ਬਾਨ ਕਸ਼ਮੀਰੀ ਹੈ, ਪਰ ਉੱਥੇ ਸਾਰੇ ਮੁੱਖ ਅਖ਼ਬਾਰ ਉਰਦੂ ਜਾਂ ਅੰਗਰੇਜ਼ੀ ਵਿੱਚ ਹੀ ਛਪਦੇ ਹਨ। ਕਸ਼ਮੀਰੀ ਵਿੱਚ ਸਿਰਫ਼ ਇੱਕ ਹੀ ਰੋਜ਼ਾਨਾ ਅਖ਼ਬਾਰ ਵੇਖਿਆ ਜੋ ਚਾਰ ਸਫ਼ਿਆਂ ਦਾ ਹੁੰਦਾ ਹੈ ਤੇ ਬਹੁਤ ਘੱਟ ਹੀ ਮਿਲਦਾ ਹੈ। ਜੰਮੂ ਕਸ਼ਮੀਰ ਦੇ ਸਾਹਿਤਕਾਰਾਂ ਦੀ ਵੱਡੀ ਗਿਣਤੀ ਉਰਦੂ ਵਿੱਚ ਹੀ ਲਿਖਦੇ ਹਨ। ਨਾਵਲ, ਕਹਾਣੀਆਂ, ਨਜ਼ਮਾਂ ਤੇ ਸਿਆਸੀ ਮਸਲਿਆਂ ਦੀਆਂ ਕਿਤਾਬਾਂ ਵੀ ਉਰਦੂ ਵਿੱਚ ਹੀ ਮਿਲਦੀਆਂ ਹਨ। ਕਸ਼ਮੀਰੀ ਭਾਸ਼ਾ ਵਿੱਚ ਸਿਰਫ਼ ਨਾਂ-ਮਾਤਰ ਜਿਹਾ ਸਾਹਿਤ ਹੀ ਮਿਲਦਾ ਹੈ। ਇਹ ਗੱਲ ਮਾਂ ਬੋਲੀ ਦੇ ਮਹੱਤਵ ਦੇ ਮੁੱਦੇ ਨਾਲ ਨਹੀਂ ਮਿਲਦੀ, ਪਰ ਮੈਨੂੰ ਅਹਿਸਾਸ ਹੁੰਦਾ ਹੈ ਕਿ ਜੇ ਅਜਿਹਾ ਨਾ ਹੁੰਦਾ ਤਾਂ ਮੈਂ ਕਸ਼ਮੀਰੀ ਸਾਹਿਤਕਾਰਾਂ ਨਾਲ ਵਾਕਫ਼ੀ ਨਾ ਬਣਾ ਸਕਦਾ ਤੇ ਉਸ ਸਾਹਿਤ ਨੂੰ ਨਾ ਜਾਣ ਸਕਦਾ।

ਮਾਂ ਬੋਲੀ ਦੀ ਅਹਿਮੀਅਤ ਜਤਾਉਣ ਵਾਸਤੇ ਲਗਾਏ ਜਾ ਰਹੇ ਕੁਝ ਗ਼ੈਰ-ਹਕੀਕੀ ਨਾਹਰੇ ਵੀ ਉਲਝਣਾਂ ਪੈਦਾ ਕਰਦੇ ਹਨ ਜਿਵੇਂ ਭਾਰਤ ਤੇ ਪਾਕਿਸਤਾਨ ਦੇ ਪੰਜਾਬੀ ਪ੍ਰੇਮੀ ਇੱਕ ਨਾਹਰਾ ਬੁਲੰਦ ਕਰਦੇ ਹਨ ਕਿ 'ਮਾਂ ਬੋਲੀ ਨੂੰ ਭੁੱਲ ਜਾਵੋਗੇ ਤਾਂ ਕੱਖਾਂ ਵਾਂਗੂ ਰੁਲ ਜਾਵੋਗੇ' ਪਰ ਅਸੀਂ ਵੇਖਦੇ ਹਾਂ ਕਿ ਬਹੁਤ ਲੋਗ ਜੋ ਮਾਂ ਬੋਲੀ ਭੁੱਲ ਚੁਕੇ ਹਨ, ਉਹ ਕੱਖਾਂ ਵਾਂਗੂ ਨਹੀਂ ਰੁਲੇ, ਲੱਖਾਂ ਵਿੱਚ ਵਿਚਰ ਰਹੇ ਹਨ। ਇਸ ਤੋਂ ਇਲਾਵਾ ਬਹੁਤ ਬਦਲ ਚੁੱਕੇ ਸੰਸਾਰ ਵਿੱਚ ਜਦੋਂ ਵੱਖ ਵੱਖ ਮੁਲਕ, ਇਲਾਕੇ ਤੇ ਫ਼ਿਰਕਿਆਂ ਦੇ ਲੋਕਾਂ ਦਾ ਮਿਸ਼ਰਣ ਬਣਦਾ ਜਾ ਰਿਹਾ ਹੈ, ਮਾਂ ਬੋਲੀ ਦਾ ਤਸੱਵਰ ਹੀ ਮੱਧਮ ਹੁੰਦਾ ਜਾ ਰਿਹਾ ਹੈ। ਉੜੀਸਾ ਦੇ ਮੁੱਖ ਮੰਤਰੀ ਬੀਜੂ ਪਟਨਾਇਕ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਨਵੀਨ ਪਟਨਾਇਕ ਲੰਡਨ ਤੋਂ ਹਵਾਈ ਜਹਾਜ਼ ਰਾਹੀਂ ਆਇਆ ਤੇ ਮੁੱਖ ਮੰਤਰੀ ਦਾ ਹਲਫ਼ ਉਠਾ ਲਿਆ। ਉਹ ਆ ਕੇ ਅੰਗਰੇਜ਼ੀ ਵਿੱਚ ਹੀ ਭਾਸ਼ਣ ਕਰਦਾ ਰਿਹਾ। ਵਿਰੋਧੀ ਨੇਤਾਵਾਂ ਨੇ ਕਿਹਾ ਕਿ ਵੇਖੋ ਮੁੱਖ ਮੰਤਰੀ ਆਪਣੀ ਮਾਂ ਬੋਲੀ ਵੀ ਨਹੀਂ ਜਾਣਦਾ। ਉਸ ਦਾ ਜਵਾਬ ਸੀ ਕਿ ਮੇਰੇ ਬਾਪ ਦੀ ਬੋਲੀ ਉੜੀਆ ਸੀ, ਮੇਰੀ ਮੇਰੀ ਮਾਂ ਦੀ ਪੰਜਾਬੀ, ਮੈਂ ਲੰਡਨ ਵਿੱਚ ਜੰਮਿਆ ਪਲਿਆ ਤੇ ਘਰ ਵਿੱਚ ਵੀ ਅੰਗਰੇਜ਼ੀ ਹੀ ਬੋਲੀ ਜਾਂਦੀ ਸੀ, ਫਿਰ ਮੇਰੀ ਮਾਂ ਬੋਲੀ ਕਿਹੜੀ ਹੋਈ? ਖ਼ੈਰ, ਬਾਅਦ ਵਿੱਚ ਉਸ ਨੇ ਉੜੀਆ ਸਿੱਖੀ ਤੇ ਚੰਗੀ ਤਰ੍ਹਾਂ ਬੋਲਣ ਵੀ ਲੱਗ ਪਿਆ। ਅਜਿਹੀਆਂ ਉਦਾਹਰਣਾਂ ਅੱਜ ਕਈ ਜਗ੍ਹਾ ਮਿਲਦੀਆਂ ਹਨ।

ਜਦੋਂ ਪੰਜਾਬ ਦੇ ਤਤਕਾਲੀ ਸਿੱਖਿਆ ਮੰਤਰੀ ਨੇ ਪਹਿਲੀ ਜਮਾਤ ਤੋਂ ਅੰਗਰੇਜ਼ੀ ਦੀ ਪੜ੍ਹਾਈ ਦਾ ਐਲਾਨ ਕੀਤਾ ਸੀ ਤਾਂ ਪਟਿਆਲਾ ਦੇ ਪ੍ਰੋਫ਼ੈਸਰ ਪ੍ਰੀਤਮ ਸਿੰਘ ਨੇ ਇੱਕ ਵੱਡੀ ਕਿਤਾਬ ਲਿਖ ਦਿੱਤੀ ਸੀ ਜਿਸ ਦਾ ਸਿਰਲੇਖ ਸੀ 'ਪੰਜਾਬੀ ਦੀਆਂ ਜੜ੍ਹਾਂ ਵਿੱਚ ਤੇਲ'। ਅੱਜ ਪੰਜਾਬ ਹੀ ਨਹੀਂ ਹਰਿਆਣਾ, ਹਿਮਾਚਲ ਤੇ ਹੋਰ ਗੁਆਂਢੀ ਸੂਬਿਆਂ ਵਿੱਚ ਵੀ ਪਹਿਲੀ ਤੋਂ ਅੰਗਰੇਜ਼ੀ ਲਾਗੂ ਹੈ, ਸਿਰਫ਼ ਪ੍ਰਾਈਵੇਟ ਸਕੂਲਾਂ ਵਿੱਚ ਹੀ ਨਹੀਂ, ਸਰਕਾਰੀ ਸਕੂਲਾਂ ਵਿੱਚ ਵੀ। ਇਸ ਰੁਝਾਨ ਬਾਰੇ ਲਾਹਨਤਾਂ ਪਾਉਣ ਦਾ ਕੋਈ ਲਾਭ ਨਹੀਂ, ਇਸ ਦੀਆਂ ਬਾਰੀਕੀਆਂ ਸਮਝਣ ਦੀ ਜ਼ਰੂਰਤ ਹੋਵੇਗੀ।

ਦਰਅਸਲ, ਸੰਕੀਰਨਤਾ ਤੇ ਕੱਟੜਤਾ ਹਰ ਜਨਤਕ ਮੁਹਿੰਮ ਵਾਸਤੇ ਨੁਕਸਾਨਦੇਹ ਹੁੰਦੀ ਹੈ ਚਾਹੇ ਉਹ ਮੁਹਿੰਮ ਮਾਂ ਬੋਲੀ ਦੇ ਹੱਕੀ ਵਿਕਾਸ ਬਾਰੇ ਹੀ ਕਿਉਂ ਨਾ ਹੋਵੇ। ਅੰਗਰੇਜ਼ੀ ਜਾਂ ਹਿੰਦੀ ਵਿੱਚ ਲਿਖੇ ਸਰਕਾਰੀ ਬੋਰਡਾਂ, ਰਸਤਿਆਂ ਦੀਆਂ ਸੂਚਨਾਵਾਂ, ਸਿਹਤ ਜਾਂ ਸਫ਼ਾਈ ਬਾਰੇ ਹਦਾਇਤਾਂ ਤੇ ਮੀਲਪੱਥਰਾਂ ਉੱਪਰ ਕਾਲੀ ਕੂਚੀ ਮਾਰਨ ਦੀ ਕੋਈ ਤੁਕ ਨਹੀਂ। ਹਾਂ, ਅਜਿਹੀ ਆਵਾਜ਼ ਉਠਾਈ ਜਾ ਸਕਦੀ ਹੈ ਕਿ ਇੱਥੇ ਪੰਜਾਬੀ ਦਾ ਉਚਿਤ ਸਥਾਨ ਹੋਵੇ। ਅੱਜ ਰੇਲਵੇ ਸਟੇਸ਼ਨਾਂ ਤੇ ਬੱਸ ਅੱਡਿਆਂ ਉਪਰ ਕਈ ਕਈ ਭਾਸ਼ਾਵਾਂ ਵਿੱਚ ਦਿੱਤੀਆਂ ਜਾ ਰਹੀਆਂ ਸੂਚਨਾਵਾਂ ਸਵਾਰੀਆਂ ਨੂੰ ਬੋਰ ਕਰਦੀਆਂ ਹਨ। ਇਸੇ ਤਰ੍ਹਾਂ ਰਾਹ ਦਰਸਾਊ ਬੋਰਡਾਂ ਉੱਪਰ ਵੀ ਕਈ ਭਾਸ਼ਾਵਾਂ ਦਾ ਮੱਝਰ ਮਾਰਿਆ ਖਿਝ ਪੈਦਾ ਕਰਦਾ ਹੈ। ਚੰਡੀਗੜ੍ਹ ਦੇ ਚੌਕਾਂ ਉੱਪਰ ਵੱਡੇ ਬੋਰਡ ਇਸ਼ਾਰੇ ਨਾਲ ਹੀ ਦੱਸਦੇ ਹਨ ਕਿ 18 ਏਧਰ ਹੈ, 19 ਓਧਰ, 20 ਤੇ 21 ਅੱਗੇ। ਇੱਥੇ ਵੱਖ ਵੱਖ ਲਿਪੀਆਂ ਵਿੱਚ ਸ਼ਬਦ 'ਸੈਕਟਰ' ਲਿਖਣ ਦੀ ਲੋੜ ਨਹੀਂ ਸਮਝੀ ਗਈ। ਚੰਗਾ ਤਰੀਕਾ ਹੈ।

ਇੱਥੋਂ ਦੇ ਇੱਕ ਪਿੰਡ ਦੇ ਸਰਪੰਚ ਕੋਲ ਗਵਰਨਰ ਦੀ ਚਿੱਠੀ ਆਉਂਦੀ ਹੈ ਕਿ ਉਸ ਨੇ ਪਿੰਡਾਂ ਦੀਆਂ ਸਮੱਸਿਆਵਾਂ ਜਾਣਨ ਵਾਸਤੇ ਮੀਟਿੰਗ ਸੱਦੀ ਹੈ। ਉਨ੍ਹਾਂ ਨੂੰ ਸ਼ਾਮਿਲ ਹੋਣ ਦੀ ਬੇਨਤੀ ਕੀਤੀ ਸੀ। ਸਰਪੰਚ ਨੇ ਫ਼ਖ਼ਰ ਨਾਲ ਦੱਸਿਆ ਕਿ ਉਹ ਚਿੱਠੀ ਵਾਪਸ ਕਰ ਦਿੱਤੀ ਸੀ ਕਿਉਂਕਿ ਉਹ ਪੰਜਾਬੀ ਵਿੱਚ ਨਹੀਂ, ਅੰਗਰੇਜ਼ੀ ਵਿੱਚ ਸੀ। ਉਹ ਗਵਰਨਰ ਪੰਜਾਬੀ ਨਹੀਂ ਜਾਣਦਾ ਸੀ, ਪਰ ਲੋਕ ਇਹ ਚਾਹੁੰਦੇ ਸਨ ਕਿ ਗਵਰਨਰ ਪੰਜਾਬੀ ਸਿੱਖੇ। ਹਾਂ, ਪਰ ਉਨ੍ਹਾਂ ਦੇ ਆਪਣੇ ਬੱਚੇ ਅੰਗਰੇਜ਼ੀ ਹੀ ਸਿੱਖਣਗੇ। ਇੱਥੇ ਸਵਾਲ ਪਿੰਡਾਂ ਦੀਆਂ ਸਮੱਸਿਆਵਾਂ ਦਾ ਹੀ ਹੋਣਾ ਚਾਹੀਦਾ ਸੀ, ਭਾਸ਼ਾ ਦਾ ਨਹੀਂ। ਇਹ ਲਚਕ ਜ਼ਰੂਰੀ ਹੈ।

ਅੱਜ ਦੇ ਵਿਸ਼ਵੀਕਰਣ ਦੇ ਯੁੱਗ ਵਿੱਚ ਅੰਗਰੇਜ਼ੀ ਭਾਰੂ ਹੁੰਦੀ ਜਾ ਰਹੀ ਹੈ, ਕਈ ਵਿਕਸਤ ਜ਼ਬਾਨਾਂ ਉੱਪਰ ਵੀ ਭਾਰੂ ਹੋ ਰਹੀ ਹੈ। ਭਾਵੇਂ ਪੰਜਾਬੀ ਤੇ ਹੋਰ ਦੇਸੀ ਭਾਸ਼ਾਵਾਂ ਵਿੱਚ ਵੀ ਗਿਆਨ ਦੇ ਵੱਡੇ ਭੰਡਾਰ ਹਨ ਪਰ ਡੂੰਘੀਆਂ ਤਕਨੀਕੀ ਪੜ੍ਹਾਈਆਂ ਵਾਸਤੇ ਅੰਗਰੇਜ਼ੀ ਲਾਜ਼ਮੀ ਹੁੰਦੀ ਜਾ ਰਹੀ ਹੈ। ਦੂਜੇ ਪਾਸੇ, ਇਹ ਵੀ ਆਲਮੀ ਪੱਧਰ 'ਤੇ ਪ੍ਰਵਾਨ ਕੀਤਾ ਜਾ ਰਿਹਾ ਹੈ ਕਿ ਬੰਦਾ ਆਪਣੇ ਖ਼ਿਆਲਾਤ ਦਾ ਇਜ਼ਹਾਰ ਮਾਂ ਬੋਲੀ ਵਿੱਚ ਹੀ ਚੰਗੀ ਤਰ੍ਹਾਂ ਕਰ ਸਕਦਾ ਹੈ। ਵਿਦੇਸ਼ੀ ਭਾਸ਼ਾ ਸਿੱਖਣ ਵਾਸਤੇ ਵੀ ਪਹਿਲਾਂ ਮਾਂ ਬੋਲੀ ਦੀ ਮੁਹਾਰਤ ਹਾਸਿਲ ਕਰਨੀ ਜ਼ਰੂਰੀ ਸਮਝੀ ਜਾ ਰਹੀ ਹੈ। ਇਸ ਵਾਸਤੇ ਸਾਨੂੰ ਹਰ ਕਿਸਮ ਦੀ ਸੰਕੀਰਨਤਾ ਤੇ ਨਾਅਰੇਬਾਜ਼ੀ ਤਿਆਗ ਕੇ ਹੋਰ ਭਾਸ਼ਾਵਾਂ ਦੇ ਸਥਾਨਾਂ ਨੂੰ ਪਛਾਣਦੇ ਹੋਏ ਮਾਂ ਬੋਲੀ ਦੇ ਹੱਕੀ ਮੁਕਾਮ ਵਾਸਤੇ ਸੰਘਰਸ਼ ਕਰਨਾ ਹੋਵੇਗਾ।

ਲੇਖਕ : ਬੂਟਾ ਸਿੰਘ ਮਹਿਮੂਦਪੁਰ

# ਭ੍ਰਿਸ਼ਟਾਚਾਰੀ ਨਿਜ਼ਾਮ ਵਿਚ ਪੱਤਰਕਾਰਾਂ ਦੀ ਸੁਰੱਖਿਆ ਦਾ ਸਵਾਲ



ਪਿਛਲੇ ਦਿਨੀਂ ਛੱਤੀਸਗੜ੍ਹ ਦੇ ਬਸਤਰ ਖੇਤਰ ਵਿਚ ਪੱਤਰਕਾਰ ਮੁਕੇਸ਼ ਚੰਦਰਾਕਰ ਦੇ ਵਹਿਸ਼ੀਆਨਾ ਕਤਲ ਨੇ ਪੱਤਰਕਾਰ ਭਾਈਚਾਰੇ ਸਮੇਤ ਮੀਡੀਆ ਦੀ ਆਜ਼ਾਦੀ ਦੇ ਹਮਾਇਤੀ ਹਰ ਇਨਸਾਫ਼ਪਸੰਦ ਨੂੰ ਝੰਜੋੜਿਆ ਹੈ। ਕਾਤਲਾਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਜ਼ੋਰਦਾਰ ਮੰਗ ਉੱਠਣਾ ਸੁਭਾਵਿਕ ਹੈ ਪਰ ਅਜਿਹੇ ਘਿਣਾਉਣੇ ਕਾਰਿਆਂ ਨੂੰ ਅੰਜਾਮ ਦੇਣ ਵਾਲੇ ਸਮਾਜ ਵਿਰੋਧੀ ਅਨਸਰਾਂ ਦੀ ਪੁਸ਼ਤਪਨਾਹੀ ਕਰਨ ਵਾਲੀਆਂ ਤਾਕਤਾਂ ਦੀ ਨਿਸ਼ਾਨਦੇਹੀ ਕੀਤੇ ਬਗੈਰ ਨਿਆਂ ਦੀ ਮੰਗ ਮਾਇਨੇ ਨਹੀਂ ਰੱਖਦੀ। ਇਸ ਕਤਲ ਦੀ ਨਿਖੇਧੀ ਕਰਨ ਵਾਲਿਆਂ 'ਚ ਹੁਕਮਰਾਨ ਭਾਜਪਾ ਦਾ ਮੌਜੂਦਾ ਮੁੱਖ ਮੰਤਰੀ ਤੇ ਹੋਰ ਆਗੂ ਵੀ ਸ਼ਾਮਲ ਹਨ ਜਿਨ੍ਹਾਂ ਦੇ ਮੀਡੀਆ ਅਤੇ ਵਿਚਾਰਾਂ ਦੀ ਆਜ਼ਾਦੀ ਪ੍ਰਤੀ ਫਾਸ਼ੀਵਾਦੀ ਰਵੱਈਏ ਤੋਂ ਕੁਲ ਦੁਨੀਆ ਬਖ਼ੂਬੀ ਵਾਕਫ਼ ਹੈ। ਇਸ ਕਤਲ ਉੱਪਰ ਮਗਰਮੱਛ ਵਾਲੇ ਹੰਝੂ ਵਹਾਉਣ ਵਾਲੇ ਪਾਖੰਡੀਆਂ ਵਿਚ 'ਮੁੱਖਧਾਰਾ' ਮੀਡੀਆ ਸਭ ਤੋਂ ਅੱਗੇ ਹੈ, ਜੋ ਬਸਤਰ ਵਿਚ ਭਾਰਤੀ ਰਾਜ ਵੱਲੋਂ ਆਦਿਵਾਸੀਆਂ ਦੀ ਨਸਲਕੁਸ਼ੀ ਅਤੇ ਇਨਕਲਾਬਪਸੰਦਾਂ ਦੇ ਕਰੂਰ ਕਤਲੇਆਮ ਵਿਚ ਭਾਈਵਾਲ ਹੈ ਅਤੇ ਜੋ ਭਾਜਪਾ ਸਰਕਾਰ ਦੀ ਨਕਸਲਵਾਦ ਦਾ ਸਫ਼ਾਇਆ ਕਰਨ ਦੀ 'ਇਤਿਹਾਸਕ ਪ੍ਰਾਪਤੀ' ਦਾ ਡੰਕਾ ਵਜਾ ਰਿਹਾ ਹੈ। ਪੱਤਰਕਾਰ ਦੇ ਕਤਲ ਦੇ ਸਨਸਨੀਖ਼ੇਜ਼ ਖ਼ੁਲਾਸੇ ਇਨ੍ਹਾਂ ਧੰਦੇਬਾਜ਼ ਗਿਰਝਾਂ ਲਈ ਮੁਨਾਫ਼ੇ ਬਟੋਰਨ ਦਾ ਜ਼ਰੀਆ ਹਨ। ਪਰ ਇਸ ਪੱਖ ਬਾਰੇ ਉਹ ਚੁੱਪ ਹਨ ਕਿ ਜ਼ਮੀਨੀ ਰਿਪੋਰਟਿੰਗ ਕਰਨ ਵਾਲੇ ਇਕ ਹੋਣਹਾਰ ਪੱਤਰਕਾਰ ਨੇ ਆਖ਼ਿਰਕਾਰ 'ਮੁੱਖਧਾਰਾ' ਮੀਡੀਆ ਦੀ ਵੰਗਾਰ ਕਰਨੀ ਛੱਡ ਕੇ ਯੂਟਿਊਬ ਪੱਤਰਕਾਰੀ ਕਰਨ ਦਾ ਰਾਹ ਕਿਉਂ ਚੁਣਿਆ। ਬਸਤਰ ਦੇ (ਬੀਜਾਪੁਰ ਜ਼ਿਲ੍ਹੇ) ਦੇ ਬਾਸਾਗੁੜਾ ਦਾ ਜੰਮਪਲ ਮੁਕੇਸ਼ ਚੰਦਰਾਕਰ ਹਾਸ਼ੀਏ 'ਤੇ ਧੱਕੇ ਭਾਈਚਾਰੇ ਵਿਚ ਜੰਮਿਆ-ਪਲਿਆ ਸੀ ਜਿਨ੍ਹਾਂ ਦੇ ਜੀਵਨ-ਗੁਜ਼ਾਰੇ ਦਾ ਇੱਕੋਇਕ ਵਸੀਲਾ ਜੰਗਲ ਦੀ ਜ਼ਮੀਨ ਵੀ ਭਾਰਤੀ ਹੁਕਮਰਾਨ ਕਾਰਪੋਰੇਟ ਸਰਮਾਏਦਾਰੀ ਦੇ ਖਣਨ ਪ੍ਰੋਜੈਕਟਾਂ ਲਈ ਖੋਹ ਰਹੇ ਹਨ। 2005 'ਚ ਕੇਂਦਰ ਦੀ ਕਾਂਗਰਸ ਸਰਕਾਰ ਅਤੇ ਛੱਤੀਸਗੜ੍ਹ ਦੀ ਭਾਜਪਾ ਸਰਕਾਰ ਵੱਲੋਂ ਮਿਲ ਕੇ ਬਣਾਏ ਕਾਤਲ ਗਰੋਹ 'ਸਲਵਾ ਜੁਡਮ' ਵੱਲੋਂ ਬਸਤਰ ਵਿਚ ਜੋ ਸਾੜਸਤੀ ਅਤੇ ਕਤਲੇਆਮ ਕੀਤਾ ਗਿਆ ਉਸ ਕਾਰਨ ਮੁਕੇਸ਼ ਦੇ ਪਰਿਵਾਰ ਨੂੰ ਉਜਾੜੇ ਦਾ ਸੰਤਾਪ ਝੱਲਣਾ ਪਿਆ ਅਤੇ ਉਸਦੀ ਵਿਧਵਾ ਮਾਂ ਆਪਣੇ ਦੋ ਬੱਚਿਆਂ ਸਮੇਤ ਸਰਕਾਰ ਵੱਲੋਂ ਬਣਾਏ ਕਥਿਤ ਸ਼ਰਣਾਰਥੀ ਕੈਂਪਾਂ ਵਿਚ ਰਹਿਣ ਲਈ ਮਜਬੂਰ ਹੋ ਗਈ। ਬੇਹੱਦ ਔਖੇ ਹਾਲਾਤ ਵਿਚ ਪੜ੍ਹ-ਲਿਖ ਕੇ ਮੁਕੇਸ਼ ਨੇ ਬਸਤਰ ਦੇ ਲੋਕਾਂ ਦੇ ਦੁੱਖ-ਤਕਲੀਫ਼ਾਂ ਨੂੰ ਬਾਹਰਲੀ ਦੁਨੀਆ ਤੱਕ ਪਹੁੰਚਾਉਣ ਲਈ ਪੱਤਰਕਾਰੀ ਕਰਨੀ ਸ਼ੁਰੂ ਕੀਤੀ। ਛੱਤੀਸਗੜ੍ਹ ਦੀ ਰਾਜਧਾਨੀ ਰਾਇਪੁਰ ਅਤੇ ਦਿੱਲੀ ਵਿਚ ਬੈਠੇ ਵੱਡੇ ਮੀਡੀਆ ਸਮੂਹ ਉਸਦਾ ਰੱਜ ਕੇ ਸ਼ੋਸ਼ਣ ਕਰਦੇ ਸਨ। ਆਲੀਸ਼ਾਨ ਸਟੂਡੀ" ਵਿਚ ਬੈਠੇ ਅੱਯਾਸ਼ ਪੱਤਰਕਾਰੀ ਕਰਨ ਵਾਲੇ ਐਂਕਰ ਉਸ ਦੀਆਂ ਬੇਹੱਦ ਸਖ਼ਤ ਮਿਹਨਤ ਅਤੇ ਖ਼ਤਰੇ ਮੁੱਲ ਲੈ ਕੇ ਤਿਆਰ ਕੀਤੀਆਂ ਜ਼ਮੀਨੀ ਰਿਪੋਰਟਾਂ ਨੂੰ ਪ੍ਰਤੀ ਰਿਪੋਰਟ 150 ਤੋਂ ਲੈ ਕੇ 300 ਰੁਪਏ ਦੀ ਨਿਗੂਣੀ ਅਦਾਇਗੀ ਬਦਲੇ ਆਪਣਾ ਨਾਮ ਚਮਕਾਉਣ ਲਈ ਵਰਤਦੇ ਰਹੇ ਅਤੇ ਉਸਦੇ ਨਾਂ ਦੀ ਬਾਈਲਾਈਨ ਹਟਾ ਕੇ ਰਿਪੋਰਟਾਂ ਆਪਣੇ ਖ਼ਾਤੇ ਪਾ ਲੈਂਦੇ ਸਨ। ਦਸ ਸਾਲ ਲੰਮੇ ਇਸ ਕੌੜੇ ਤਜਰਬੇ 'ਚੋਂ ਗੁਜ਼ਰ ਕੇ ਉਸਨੇ ਨਿਗੂਣੇ ਵਸੀਲਿਆਂ ਨਾਲ ਆਪਣਾ ਯੂਟਿਊਬ ਚੈਨਲ 'ਬਸਤਰ ਜੰਕਸ਼ਨ' ਸ਼ੁਰੂ ਕੀਤਾ ਅਤੇ ਸਖ਼ਤ ਮਿਹਨਤ ਦੀ ਬਦੌਲਤ ਇਕ ਲੱਖ ਪੈਂਹਠ ਹਜ਼ਾਰ ਸਬਸਕ੍ਰਾਈਬਰ ਬਣਾ ਲਏ। ਉਸਨੇ ਆਦਿਵਾਸੀ ਇਲਾਕਿਆਂ ਵਿਚ ਹਕੂਮਤੀ ਜਬਰ, ਮੁਕਾਬਲਿਆਂ ਦੇ ਨਾਂ ਹੇਠ ਕਤਲਾਂ, ਸਰਕਾਰ ਵੱਲੋਂ ਆਦਿਵਾਸੀਆਂ ਦੀਆਂ ਜ਼ਮੀਨਾਂ ਗ਼ੈਰਕਾਨੂੰਨੀ ਤਰੀਕੇ ਨਾਲ ਹਥਿਆਉਣ, ਇਸ ਉਜਾੜੇ ਵਿਰੁੱਧ ਜੰਗਲ ਦੇ ਮੂਲਵਾਸੀਆਂ ਦੇ ਜਾਨਹੂਲਵੇਂ ਸੰਘਰਸ਼ਾਂ, ਕਥਿਤ ਵਿਕਾਸ ਦੇ ਨਾਂ ਹੇਠ ਭ੍ਰਿਸ਼ਟ ਸਰਕਾਰੀ ਤੰਤਰ ਅਤੇ ਠੇਕੇਦਾਰਾਂ ਵੱਲੋਂ ਮਿਲ ਕੇ ਕੀਤੇ ਜਾ ਰਹੇ ਮਹਾਂ-ਘੁਟਾਲਿਆਂ, ਬਸਤਰ ਵਿਚ ਮੁੱਢਲੀ ਸਿੱਖਿਆ ਅਤੇ ਸਿਹਤ ਦੀ ਸਥਿਤੀ, ਮਾਓਵਾਦੀ ਲਹਿਰ ਦੇ ਵੱਖ-ਵੱਖ ਪੱਖਾਂ ਉੱਪਰ ਜੋ ਰਿਪੋਰਟਾਂ ਕੀਤੀਆਂ, ਉਸ ਨਾਲ ਉਸਨੇ ਆਪਣੀ ਵਿਸ਼ੇਸ਼ ਪਛਾਣ ਬਣਾ ਲਈ। ਉਸਦਾ ਜੰਗਲ ਨਾਲ ਡੂੰਘਾ ਰਿਸ਼ਤਾ ਸੀ, ਅਜਿਹਾ ਪੱਤਰਕਾਰ ਹੀ ਜੰਗਲ ਦੇ ਬਾਸ਼ਿੰਦਿਆਂ ਦੇ ਮਸਲਿਆਂ ਨੂੰ ਸਹੀ ਰੂਪ 'ਚ ਜ਼ੁਬਾਨ ਦੇ ਸਕਦਾ ਹੈ। ਮੁਕੇਸ਼ ਉਨ੍ਹਾਂ ਸੱਤ ਪੱਤਰਕਾਰਾਂ ਵਿਚ ਸ਼ੁਮਾਰ ਸੀ, ਜਿਨ੍ਹਾਂ ਅਪ੍ਰੈਲ 2021 'ਚ ਮਾਓਵਾਦੀ ਛਾਪਾਮਾਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਵੱਲੋਂ ਅਗਵਾ ਕੀਤੇ 'ਕੋਬਰਾ ਕਮਾਂਡੋ' ਨੂੰ ਰਿਹਾ ਕਰਵਾਇਆ ਸੀ, ਜਦੋਂ ਮਾਓਵਾਦੀਆਂ ਨੂੰ ਮਾਰ ਮੁਕਾਉਣ ਦੇ ਦਮਗੱਜੇ ਮਾਰਨ ਵਾਲੇ ਪੁਲਿਸ ਅਧਿਕਾਰੀ ਵੀ ਆਪਣੇ ਮੁਲਾਜ਼ਮ ਦੀ ਬੰਦਖ਼ਲਾਸੀ ਕਰਾਉਣ ਲਈ ਬੇਵੱਸ ਮਹਿਸੂਸ ਕਰ ਰਹੇ ਸਨ। ਜ਼ਮੀਨੀ ਹਕੀਕਤ ਦੀ ਸੱਚੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰ ਹਾਕਮ ਜਮਾਤੀ ਸਿਆਸਤਦਾਨਾਂ, ਰਾਜ-ਪ੍ਰਸ਼ਾਸਨ ਅਤੇ ਕਾਲੇ ਕਾਰੋਬਾਰੀਆਂ ਦੇ ਨਾਪਾਕ ਗੱਠਜੋੜ ਨੂੰ ਬਹੁਤ ਚੁਭਦੇ ਹਨ ਅਤੇ ਉਹ ਪੱਤਰਕਾਰਾਂ ਦੀ ਜ਼ੁਬਾਨਬੰਦੀ ਕਰਨ ਲਈ ਸੱਤਾ ਅਤੇ ਪੈਸੇ ਸਮੇਤ ਹਰ ਹਰਬਾ ਵਰਤਦੇ ਹਨ। ਮੁਕੇਸ਼ ਲਗਾਤਾਰ ਖ਼ਤਰੇ ਮੁੱਲ ਲੈ ਕੇ ਰਿਪੋਰਟਿੰਗ ਕਰ ਰਿਹਾ ਸੀ ਅਤੇ ਉਸ ਨੂੰ ਵੀ ਅਕਸਰ ਧਮਕੀਆਂ ਮਿਲਦੀਆਂ ਰਹਿੰਦੀਆਂ ਸਨ। ਸਿਲਗੇਰ ਵਿਚ ਚੱਲ ਰਹੇ ਪੱਕੇ ਆਦਿਵਾਸੀ ਮੋਰਚੇ ਦੀ ਰਿਪੋਰਟਿੰਗ ਕਰਨ ਤੋਂ ਰੋਕਣ ਲਈ ਉਸ ਨੂੰ ਪੁਲਿਸ ਅਧਿਕਾਰੀਆਂ ਵੱਲੋਂ 30 ਵਾਰ ਸਿਲਗੇਰ ਜਾਣ ਤੋਂ ਰੋਕਿਆ ਗਿਆ ਜਿੱਥੇ ਧੱਕੇ ਨਾਲ ਸੁਰੱਖਿਆ ਬਲਾਂ ਦਾ ਕੈਂਪ ਸਥਾਪਤ ਕੀਤੇ ਜਾਣ ਦਾ ਵਿਰੋਧ ਕਰ ਰਹੇ ਆਦਿਵਾਸੀਆਂ ਉੱਪਰ ਅੰਨ੍ਹੇਵਾਹ ਗੋਲੀਆਂ ਚਲਾ ਕੇ ਸੁਰੱਖਿਆ ਬਲਾਂ ਵੱਲੋਂ ਤਿੰਨ ਆਦਿਵਾਸੀਆਂ ਨੂੰ ਕਤਲ ਕਰ ਦਿੱਤਾ ਗਿਆ ਸੀ। ਅਜੇ ਕੁਝ ਸਮਾਂ ਪਹਿਲਾਂ ਹੀ ਬਸਤਰ ਦੇ ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਉਸ ਨੂੰ ਧਮਕੀ ਦਿੱਤੀ ਸੀ ਕਿ ਉਸਨੇ ਕਥਿਤ ਮੁਕਾਬਲੇ ਦੇ ਸਰਕਾਰੀ ਬਿਰਤਾਂਤ ਵਿਰੁੱਧ ਸਥਾਨਕ ਆਦਿਵਾਸੀਆਂ ਦੇ ਪੱਖ ਨੂੰ ਉਜਾਗਰ ਕਿਉਂ ਕੀਤਾ ਸੀ। ਹੁਣ 'ਮੁੱਖਧਾਰਾ' ਮੀਡੀਆ ਵੱਲੋਂ ਉਸ ਠੇਕੇਦਾਰ ਵੱਲੋਂ ਕੀਤੇ 120 ਕਰੋੜ ਰੁਪਏ ਦੇ ਸੜਕ ਘੁਟਾਲੇ ਬਾਰੇ ਇਕ ਤੋਂ ਬਾਅਦ ਇਕ ਸਨਸਨੀਖ਼ੇਜ਼ ਰਿਪੋਰਟਾਂ ਪੇਸ਼ ਕੀਤੀਆਂ ਜਾ ਰਹੀਆਂ ਹਨ ਜਿਸਦੇ ਗੈਂਗ ਨੇ ਮੁਕੇਸ਼ ਨੂੰ ਬੁਲਾ ਕੇ ਅਤੇ ਬਹੁਤ ਹੀ ਕਰੂਰਤਾ ਨਾਲ ਉਸਦਾ ਕਤਲ ਕਰਕੇ ਲਾਸ਼ ਆਪਣੇ ਕਾਰੋਬਾਰੀ ਕੰਪਲੈਕਸ ਦੇ ਅੰਦਰ ਸੈਪਟਿਕ ਟੈਂਕ ਵਿਚ ਦਬਾ ਦਿੱਤੀ ਸੀ। ਇਹ ਰਿਪੋਰਟਾਂ ਉਨ੍ਹਾਂ ਹੁਕਮਰਾਨ ਤਾਕਤਾਂ ਬਾਰੇ ਚੁੱਪ ਹਨ ਜਿਨ੍ਹਾਂ ਨਾਲ ਮਿਲ ਕੇ ਅਤੇ ਜਿਨ੍ਹਾਂ ਦੀ ਰਾਜਕੀ ਪੁਸ਼ਤਪਨਾਹੀ ਨਾਲ ਅਜਿਹੇ ਠੇਕੇਦਾਰ ਪੂਰੀ ਤਰ੍ਹਾਂ ਬੇਖ਼ੌਫ਼ ਹੋ ਕੇ ਘੁਟਾਲੇ-ਦਰ-ਘੁਟਾਲੇ ਕਰਦੇ ਹਨ। ਭਾਰਤ ਵਿਚ ਆਮ ਕਰਕੇ ਅਤੇ ਬਸਤਰ ਵਿਚ ਖ਼ਾਸ ਕਰਕੇ 'ਵਿਕਾਸ' ਆਪਣੇ ਆਪ ਵਿਚ ਹੀ ਅਜਿਹਾ ਮਹਾਂ ਘੁਟਾਲਾ ਹੈ ਜਿਸ ਦੀ ਵਿਆਪਕਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਆਦਿਵਾਸੀਆਂ ਦੀ ਜ਼ਿੰਦਗੀ ਅਤੇ ਮੁਲਕ ਦੇ ਹਿਤਾਂ ਦੀ ਕੀਮਤ 'ਤੇ ਜੰਗਲੀ-ਪਹਾੜੀ ਖੇਤਰਾਂ ਥੋਪਿਆ ਕਥਿਤ ਵਿਕਾਸ ਮਾਡਲ ਭਿਆਨਕ ਤਬਾਹੀ ਮਚਾ ਰਿਹਾ ਹੈ। ਵਡਮੁੱਲੇ ਕੁਦਰਤੀ ਵਸੀਲੇ ਕੌਡੀਆਂ ਦੇ ਭਾਅ ਕਾਰਪੋਰੇਟਾਂ ਨੂੰ ਸੌਂਪੇ ਜਾ ਰਹੇ ਹਨ। ਆਦਿਵਾਸੀਆਂ ਦੀ ਆਵਾਜ਼ ਨੂੰ ਹਕੂਮਤੀ ਦਹਿਸ਼ਤਵਾਦ ਦੇ ਜ਼ੋਰ ਕੁਚਲਿਆ ਜਾ ਰਿਹਾ ਹੈ। ਸੜਕਾਂ ਅਤੇ ਹੋਰ ਕਥਿਤ ਵਿਕਾਸ ਪ੍ਰੋਜੈਕਟਾਂ ਦੇ ਨਾਂ ਹੇਠ ਹਾਕਮ ਜਮਾਤੀ ਸਿਆਸਤਦਾਨ, ਸਰਕਾਰੀ ਅਧਿਕਾਰੀ ਅਤੇ ਠੇਕੇਦਾਰ ਮਿਲ ਕੇ ਸਰਕਾਰੀ ਖ਼ਜ਼ਾਨੇ ਨੂੰ ਗਿਰਝਾਂ ਵਾਂਗ ਨੋਚ ਰਹੇ ਹਨ। ਹੁਣ ਪੁਲਿਸ ਦੀ ਜਾਂਚ ਅਤੇ ਮੀਡੀਆ ਰਿਪੋਰਟਾਂ ਮੁਕੇਸ਼ ਨੂੰ ਕਤਲ ਕਰਾਉਣ ਵਾਲੇ ਠੇਕੇਦਾਰ ਵੱਲੋਂ 52 ਕਿਲੋਮੀਟਰ ਲੰਮੀ ਸੜਕ ਨੂੰ ਬਣਾਉਣ ਵਿਚ ਕੀਤੇ ਘੁਟਾਲੇ ਦੀ ਤਾਂ ਬਥੇਰੀ ਚਰਚਾ ਕਰ ਰਹੀਆਂ ਹਨ ਪਰ ਇਸ ਬਾਰੇ ਚੁੱਪ ਹਨ ਕਿ ਇਹ ਸੜਕ ਸਰਕਾਰ ਤੇ ਪੁਲਿਸਪ੍ਰਸ਼ਾਸਨ ਦੀ ਨਿਗਰਾਨੀ ਹੇਠ ਬਣੀ ਸੀ ਅਤੇ ਪਾਸ ਵੀ ਉਨ੍ਹਾਂ ਨੇ ਕੀਤੀ ਸੀ। ਘੁਟਾਲੇ ਦੀ ਮੂੰਹ ਬੋਲਦੀ ਤਸਵੀਰ ਉਸੇ ਸੜਕ ਉੱਪਰੋਂ ਜ਼ਿਲ੍ਹਾ ਪ੍ਰਸ਼ਾਸਨਪੁਲਿਸ ਅਤੇ ਸਪੈਸ਼ਲ ਫੋਰਸਾਂ ਦੇ ਅਧਿਕਾਰੀਆਂ ਦੇ ਲਾਮ-ਲਸ਼ਕਰ ਅਕਸਰ ਹੀ ਲੰਘਦੇ ਸਨ ਪਰ ਮੁਕੇਸ਼ ਵੱਲੋਂ ਘੁਟਾਲਾ ਬੇਪਰਦ ਕੀਤੇ ਜਾਣ 'ਤੇ ਸਰਕਾਰ ਨੂੰ ਇਸ ਦੀ ਜਾਂਚ ਕਰਾਉਣੀ ਪਈ ਸੀ। ਜੇ ਮੁਕੇਸ਼ ਇਸ ਸੜਕ ਬਾਰੇ ਰਿਪੋਰਟਿੰਗ ਨਾ ਕਰਦਾ, ਕੀ ਸਰਕਾਰ ਜਾਂ ਪ੍ਰਸ਼ਾਸਨ ਇਸਦੀ ਜਾਂਚ ਕਰਦੇ? ਹਰਗਿਜ਼ ਨਹੀਂ। ਅਜਿਹੀਆਂ ਹੋਰ ਅਣਗਿਣਤ ਸੜਕਾਂ ਦੀ ਕਿੰਨੀ ਕੁ ਜਾਂਚ ਕਰਾਈ ਜਾ ਰਹੀ ਹੈ! ਭਾਜਪਾ ਸ਼ਾਸਤ ਰਾਜਾਂ ਵਿਚ ਹਾਈਵੇਅ ਅਤੇ ਫਲਾਈਓਵਰਾਂ ਦੇ ਟੁੱਟਣ ਦੇ ਕਿੱਸੇ ਆਏ ਦਿਨ ਸਾਹਮਣੇ ਆਉਂਦੇ ਰਹਿੰਦੇ ਹਨ, ਉਨ੍ਹਾਂ ਬਾਬਤ ਕਿਸੇ ਵੀ ਘੁਟਾਲੇਬਾਜ਼ ਵਿਰੁੱਧ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ। ਹੁਣ ਭਾਜਪਾ ਦੇ ਆਗੂ ਉਪਰੋਕਤ ਠੇਕੇਦਾਰ ਦੇ ਕਾਂਗਰਸ ਨਾਲ ਸੰਬੰਧ ਨੂੰ ਉਛਾਲ ਕੇ ਜਵਾਬਦੇਹੀ ਤੋਂ ਬਚਣਾ ਚਾਹੁੰਦੇ ਹਨ, ਪਰ ਸਭ ਨੂੰ ਪਤਾ ਹੈ ਕਿ ਚਾਹੇ ਭਾਜਪਾ ਦੀ ਰਮਨ ਸਿੰਘ ਸਰਕਾਰ ਸੀ ਜਾਂ ਕਾਂਗਰਸ ਦੀ ਭੂਪੇਸ਼ ਬਘੇਲ ਸਰਕਾਰ, ਕਾਤਲ ਠੇਕੇਦਾਰ ਸੱਤਾਧਾਰੀਆਂ ਅਤੇ ਪੁਲਿਸ-ਪ੍ਰਸ਼ਾਸਨਿਕ ਅਧਿਕਾਰੀਆਂ ਸਾਰਿਆਂ ਦਾ ਚਹੇਤਾ ਸੀ ਅਤੇ ਤਤਕਾਲੀ ਸਰਕਾਰਾਂ ਦੀ ਰਾਜਸੀ ਛਤਰਛਾਇਆ ਹੇਠ ਹੀ ਮਾਮੂਲੀ ਰਸੋਈਏ ਤੋਂ ਵੱਡਾ ਕਾਰੋਬਾਰੀ ਬਣਿਆ ਸੀ। ਇਸ ਨਾਪਾਕ ਗੱਠਜੋੜ ਤੋਂ ਧਿਆਨ ਹਟਾਉਣ ਲਈ ਠੇਕੇਦਾਰ ਨਾਲ ਮੁਕੇਸ਼ ਦੇ ਲੈਣ-ਦੇਣ ਦੀ ਘੁਸਰ-ਮੁਸਰ ਸ਼ੁਰੂ ਕਰਵਾ ਦਿੱਤੀ ਗਈ ਹੈ। ਜੇ ਇਹ ਸੱਚ ਵੀ ਹੋਵੇ ਤਾਂ ਵੀ ਹਾਕਮ ਜਮਾਤੀ ਸਿਆਸਤਦਾਨਾਂ ਅਤੇ ਕਾਰੋਬਾਰੀ ਮਾਫ਼ੀਆ ਦਾ ਗੱਠਜੋੜ ਆਪਣੀ ਮੁਜਰਮਾਨਾ ਭੂਮਿਕਾ ਤੋਂ ਬਰੀ ਨਹੀਂ ਹੋ ਜਾਂਦਾ। ਇਸ ਹੌਲਨਾਕ ਕਤਲ ਕਾਂਡ ਦੇ ਹਵਾਲੇ ਨਾਲ ਇਕ ਵਾਰ ਫਿਰ ਪੱਤਰਕਾਰਾਂ ਦੀ ਸੁਰੱਖਿਆ ਨੂੰ ਲੈ ਕੇ ਕਾਫ਼ੀ ਚਰਚਾ ਹੋ ਰਹੀ ਹੈ, ਜਿਨ੍ਹਾਂ ਨੂੰ ਰਾਜਨੀਤਕ ਮਾਫ਼ੀਆ/ਸਰਕਾਰਾਂ ਅਤੇ ਕਾਰੋਬਾਰੀ ਮਾਫ਼ੀਆ ਤੇ ਇਨ੍ਹਾਂ ਨਾਲ ਮਿਲੇ ਅਧਿਕਾਰੀਆਂ ਦੇ ਦਬਾਅ ਅਤੇ ਧਮਕੀਆਂ ਕਾਰਨ ਬਹੁਤ ਹੀ ਅਸੁਰੱਖਿਅਤ ਹਾਲਾਤ ਵਿਚ ਕੰਮ ਕਰਨਾ ਪੈਂਦਾ ਹੈ। ਇਹ ਮੁੱਦਾ ਪਹਿਲੀ ਵਾਰ ਨਹੀਂ ਉੱਠਿਆ ਹੈ। ਇਹ ਜੱਗ ਜ਼ਾਹਰ ਹਕੀਕਤ ਹੈ ਕਿ ਜ਼ਮੀਨੀਂ ਪੱਧਰ 'ਤੇ ਕੰਮ ਕਰਦੇ ਪੱਤਰਕਾਰਾਂ ਦੇ ਕੰਮ ਕਰਨ ਦੇ ਹਾਲਾਤ ਬਹੁਤ ਖ਼ਤਰਨਾਕ ਹਨ। ਵੱਡੇ ਮੀਡੀਆ ਸਮੂਹਾਂ ਅੰਦਰ ਮੋਟੀਆਂ ਤਨਖ਼ਾਹਾਂ 'ਤੇ ਕੰਮ ਕਰਨ ਵਾਲੇ ਪੱਤਰਕਾਰਾਂ ਅਤੇ ਉਪਰੋਕਤ ਪੱਤਰਕਾਰਾਂ ਦੇ ਹਾਲਾਤ ਪੂਰੀ ਤਰ੍ਹਾਂ ਵੱਖੋ-ਵੱਖਰੇ ਹਨ। ਖੁੱਲ੍ਹੀ ਮੰਡੀ ਦੇ ਆਰਥਕ ਮਾਡਲ ਨੇ ਮੀਡੀਆ ਦੇ ਵੱਡੇ ਹਿੱਸੇ ਨੂੰ ਪੂਰੀ ਤਰ੍ਹਾਂ ਕੰਟਰੋਲ ਕਰ ਲਿਆ ਹੈ ਅਤੇ ਇਸਦੇ ਤਹਿਤ ਪੱਤਰਕਾਰਾਂ ਦੀ ਬਿਲਕੁਲ ਹੀ ਵੱਖਰੀ ਕਿਸਮ ਹੋਂਦ ਵਿਚ ਆ ਗਈ ਹੈ, ਜਿਨ੍ਹਾਂ ਲਈ ਪੱਤਰਕਾਰੀ ਸਿਰਫ਼ ਤੇ ਸਿਰਫ਼ ਪੈਸਾ ਬਣਾਉਣ ਦੀ ਮਸ਼ੀਨ ਹੈ, ਜੋ ਕਾਰਪੋਰੇਟ ਮੀਡੀਆ ਸਮੂਹਾਂ ਦੀਆਂ ਮੋਟੀਆਂ ਤਨਖ਼ਾਹਾਂ ਉੱਪਰ ਪਲਦੀ ਹੈ ਅਤੇ ਕਾਰਪੋਰੇਟ ਪੱਖੀ ਤੇ ਹਕੂਮਤੀ ਬਿਰਤਾਂਤ ਨੂੰ ਮੀਡੀਆ ਰਿਪੋਰਟਾਂ ਬਣਾ ਕੇ ਪਰੋਸਦੀ ਹੈ। ਇਸ ਹਿੱਸੇ ਦਾ ਉਨ੍ਹਾਂ ਮੁੱਲਾਂ ਨਾਲ ਕੋਈ ਲੈਣਾਦੇਣਾ ਨਹੀਂ ਹੈ, ਜਿਨ੍ਹਾਂ ਨੂੰ ਪੱਤਰਕਾਰੀ ਕਿਹਾ ਜਾਂਦਾ ਹੈ। ਇਨ੍ਹਾਂ ਦੇ ਹਿਤ ਸੱਤਾ, ਕਾਰਪੋਰੇਟ ਕਾਰੋਬਾਰਾਂ ਅਤੇ ਹੋਰ ਪਿਛਾਖੜੀ ਤਾਕਤਾਂ ਨਾਲ ਟਕਰਾਉਣ ਦੀ ਬਜਾਏ ਉਨ੍ਹਾਂ ਨਾਲ ਸਾਂਝੇ ਹਨ ਅਤੇ ਹਕੂਮਤ ਤਾਂ ਸਗੋਂ ਇਨ੍ਹਾਂ ਦੀ ਸੁਰੱਖਿਆ ਲਈ ਵਿਸ਼ੇਸ਼ ਤੌਰ 'ਤੇ ਮਿਹਰਬਾਨ ਹੁੰਦੀ ਹੈ। ਇਹ ਤਾਂ ਮੁਕੇਸ਼ ਵਰਗਿਆਂ ਨੂੰ ਪੱਤਰਕਾਰ ਵੀ ਨਹੀਂ ਮੰਨਦੇ। ਬਸਤਰ, ਕਸ਼ਮੀਰ ਜਾਂ ਕਿਸੇ ਵੀ ਪਿਛੜੇ ਹੋਏ ਪੇਂਡੂ ਇਲਾਕੇ ਦੇ ਪੱਤਰਕਾਰਾਂ ਦੀ ਸੁਰੱਖਿਆ ਦਾ ਸਵਾਲ ਵੱਡੇ ਸ਼ਹਿਰਾਂ ਜਾਂ ਨਾਮਵਰ ਮੀਡੀਆ ਸਮੂਹਾਂ ਲਈ ਕੰਮ ਕਰਦੇ ਸਮਰਪਿਤ ਸੰਜੀਦਾ ਪੱਤਰਕਾਰਾਂ ਤੋਂ ਵੀ ਵੱਖਰਾ ਹੈ। ਜੇ ਪੱਤਰਕਾਰ ਆਦਿਵਾਸੀ, ਦਲਿਤ, ਮੁਸਲਮਾਨ, ਕਸ਼ਮੀਰੀ ਜਾਂ ਕਿਸੇ ਹੋਰ ਹਾਸ਼ੀਏ ਵਾਲੇ ਸਮਾਜੀ ਸਮੂਹ 'ਚੋਂ ਹੈ (ਜਿਵੇਂ ਕਿ ਔਰਤਾਂ) ਤਾਂ ਉਸਦੀ ਸਥਿਤੀ ਹੋਰ ਵੀ ਨਿਤਾਣੀ ਹੋ ਜਾਂਦੀ ਹੈ। ਉਨ੍ਹਾਂ ਦੀ ਆਵਾਜ਼ ਨੂੰ ਸੁਣਨ ਵਾਲਾ ਕੋਈ ਨਹੀਂ ਹੁੰਦਾ। ਨਿਧੜਕ ਪੱਤਰਕਾਰ ਗੌਰੀ ਲੰਕੇਸ਼ ਨੂੰ ਹਿੰਦੂਤਵੀ ਦਹਿਸ਼ਤੀ ਗਰੋਹ ਵੱਲੋਂ ਸਰੇਆਮ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਜੂਨ 2015 'ਚ ਉੱਤਰ ਪ੍ਰਦੇਸ਼ ਵਿਚ ਖਣਨ ਮਾਫ਼ੀਆ ਨੇ ਪੱਤਰਕਾਰ ਜੋਗਿੰਦਰ ਸਿੰਘ ਨੂੰ ਉਸਦੇ ਘਰ ਵਿਚ ਹੀ ਤੇਲ ਪਾ ਕੇ ਜਿਉਂਦਾ ਸਾੜ ਦਿੱਤਾ ਸੀ। ਪੰਜਾਬ ਵਿਚ ਬਾਦਲਾਂ ਦੇ ਰਾਜ ਵਿਚ ਖਣਨ ਮਾਫ਼ੀਆ ਵਿਰੁੱਧ ਰਿਪੋਰਟਿੰਗ ਕਰਨ ਵਾਲਾ 'ਹਿੰਦੁਸਤਾਨ ਟਾਈਮਜ਼' ਦਾ ਪੱਤਰਕਾਰ ਜਸਦੀਪ ਸਿੰਘ ਮਲਹੋਤਰਾ ਵੀ ਸਤੰਬਰ 2013 'ਚ ਸ਼ੱਕੀ ਸੜਕ ਹਾਦਸੇ 'ਚ ਮਾਰਿਆ ਗਿਆ ਸੀ। ਗੁਜਰਾਤ ਕਤਲੇਆਮ ਦਾ ਪਰਦਾਫਾਸ਼ ਕਰਨ ਵਾਲੀ ਉੱਘੀ ਪੱਤਰਕਾਰ ਰਾਣਾ ਅਯੂਬ ਨੂੰ ਕਤਲ ਦੀਆਂ ਧਮਕੀਆਂ ਅਤੇ ਕਿਰਦਾਰਕੁਸ਼ੀ ਦੇ ਸਾਏ ਹੇਠ ਕੰਮ ਕਰਨਾ ਪੈ ਰਿਹਾ ਹੈ। ਸਿਦੀਕ ਕੱਪਨ ਨੂੰ ਉੱਤਰ ਪ੍ਰਦੇਸ਼ ਵਿਚ ਹੋਏ ਬਲਾਤਕਾਰ ਕਾਂਡ ਦੀ ਰਿਪੋਰਟਿੰਗ ਕਰਨ ਜਾਂਦੇ ਸਮੇਂ ਗ੍ਰਿਫ਼ਤਾਰ ਕਰਕੇ ਮਹੰਤ ਅਦਿੱਤਿਆਨਾਥ ਦੀ ਸਰਕਾਰ ਦੇ ਇਸ਼ਾਰੇ 'ਤੇ ਚਾਰ ਸਾਲ ਬਿਨਾਂ ਜ਼ਮਾਨਤ ਯੂਏਪੀਏ ਤਹਿਤ ਜੇਲ੍ਹ ਵਿਚ ਬੰਦ ਰੱਖਿਆ ਗਿਆ। ਝਾਰਖੰਡ ਵਿਚ ਕਥਿਤ ਵਿਕਾਸ ਪ੍ਰੋਜੈਕਟਾਂ ਅਤੇ ਹਕੂਮਤੀ ਜਬਰ ਵਿਰੁੱਧ ਕਲਮ ਚਲਾਉਣ ਵਾਲਾ ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਪਾਬੰਦੀਸ਼ੁਦਾ ਜਥੇਬੰਦੀਆਂ ਨਾਲ ਸੰਬੰਧਾਂ ਦੇ ਝੂਠੇ ਦੋਸ਼ ਤਹਿਤ ਜੇਲ੍ਹ ਵਿਚ ਬੰਦ ਹੈ। ਕਸ਼ਮੀਰ ਦੇ ਕਈ ਜ਼ਹੀਨ ਪੱਤਰਕਾਰ ਕਈ ਕਈ ਸਾਲ ਤੋਂ ਜੇਲ੍ਹਾਂ ਵਿਚ ਸੜ ਰਹੇ ਹਨ ਅਤੇ ਬਾਕੀ ਹਕੂਮਤੀ ਦਹਿਸ਼ਤ ਦੇ ਆਲਮ 'ਚ ਸਵੈ-ਸੈਂਸਰਸ਼ਿਪ ਤਹਿਤ ਕੰਮ ਕਰ ਰਹੇ ਹਨ। ਸੱਤਾ ਅਤੇ ਹੋਰ ਜਰਵਾਣਿਆਂ ਵੱਲੋਂ ਪੱਤਰਕਾਰਾਂ ਦੀ ਜ਼ੁਬਾਨਬੰਦੀ ਦੀਆਂ ਬੇਸ਼ੁਮਾਰ ਕਹਾਣੀਆਂ ਹਨ। ਅਸਲ ਸਵਾਲ ਮੀਡੀਆ ਦੀ ਆਜ਼ਾਦੀ ਦਾ ਹੈ। ਇਸ ਪ੍ਰਤੀ ਸਮਾਜ ਦੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਹੀ ਪੱਤਰਕਾਰੀ ਦੀ ਸੁਰੱਖਿਆ ਦੀ ਜ਼ਾਮਨੀਂ ਬਣ ਸਕਦੀ ਹੈ।

"ਜੂਨ 2015 'ਚ ਉੱਤਰ ਪ੍ਰਦੇਸ਼ ਵਿਚ ਖਣਨ ਮਾਫ਼ੀਆ ਨੇ ਪੱਤਰਕਾਰ ਜੋਗਿੰਦਰ ਸਿੰਘ ਨੂੰ ਉਸਦੇ ਘਰ ਵਿਚ ਹੀ ਤੇਲ ਪਾ ਕੇ ਜਿਉਂਦਾ ਸਾੜ ਦਿੱਤਾ ਸੀ। ਪੰਜਾਬ ਵਿਚ ਬਾਦਲਾਂ ਦੇ ਰਾਜ ਵਿਚ ਖਣਨ ਮਾਫ਼ੀਆ ਵਿਰੁੱਧ ਰਿਪੋਰਟਿੰਗ ਕਰਨ ਵਾਲਾ 'ਹਿੰਦੁਸਤਾਨ ਟਾਈਮਜ਼' ਦਾ ਪੱਤਰਕਾਰ ਜਸਦੀਪ ਸਿੰਘ ਮਲਹੋਤਰਾ ਵੀ ਸਤੰਬਰ 2013 'ਚ ਸ਼ੱਕੀ ਸੜਕ ਹਾਦਸੇ 'ਚ ਮਾਰਿਆ ਗਿਆ ਸੀ। ਜ਼ਮੀਨੀ ਹਕੀਕਤ ਦੀ ਸੱਚੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰ ਹਾਕਮ ਜਮਾਤੀ ਸਿਆਸਤਦਾਨਾਂ, ਰਾਜ-ਪ੍ਰਸ਼ਾਸਨ ਅਤੇ ਕਾਲੇ ਕਾਰੋਬਾਰੀਆਂ ਦੇ ਨਾਪਾਕ ਗੱਠਜੋੜ ਨੂੰ ਬਹੁਤ ਚੁਭਦੇ ਹਨ ਅਤੇ ਉਹ ਪੱਤਰਕਾਰਾਂ ਦੀ ਜ਼ੁਬਾਨਬੰਦੀ ਕਰਨ ਲਈ ਸੱਤਾ ਅਤੇ ਪੈਸੇ ਸਮੇਤ ਹਰ ਹਰਬਾ ਵਰਤਦੇ ਹਨ। ਮੁਕੇਸ਼ ਲਗਾਤਾਰ ਖ਼ਤਰੇ ਮੁੱਲ ਲੈ ਕੇ ਰਿਪੋਰਟਿੰਗ ਕਰ ਰਿਹਾ ਸੀ ਅਤੇ ਉਸ ਨੂੰ ਵੀ ਅਕਸਰ ਧਮਕੀਆਂ ਮਿਲਦੀਆਂ ਰਹਿੰਦੀਆਂ ਸਨ। ਸਿਲਗੇਰ ਵਿਚ ਚੱਲ ਰਹੇ ਪੱਕੇ ਆਦਿਵਾਸੀ ਮੋਰਚੇ ਦੀ ਰਿਪੋਰਟਿੰਗ ਕਰਨ ਤੋਂ ਰੋਕਣ ਲਈ ਉਸ ਨੂੰ ਪੁਲਿਸ ਅਧਿਕਾਰੀਆਂ ਵੱਲੋਂ 30 ਵਾਰ ਸਿਲਗੇਰ ਜਾਣ ਤੋਂ ਰੋਕਿਆ ਗਿਆ ਜਿੱਥੇ ਧੱਕੇ ਨਾਲ ਸੁਰੱਖਿਆ ਬਲਾਂ ਦਾ ਕੈਂਪ ਸਥਾਪਤ ਕੀਤੇ ਜਾਣ ਦਾ ਵਿਰੋਧ ਕਰ ਰਹੇ ਆਦਿਵਾਸੀਆਂ ਉੱਪਰ ਅੰਨ੍ਹੇਵਾਹ ਗੋਲੀਆਂ ਚਲਾ ਕੇ ਸੁਰੱਖਿਆ ਬਲਾਂ ਵੱਲੋਂ ਤਿੰਨ ਆਦਿਵਾਸੀਆਂ ਨੂੰ ਕਤਲ ਕਰ ਦਿੱਤਾ ਗਿਆ ਸੀ।"

# ਜ਼ਿੰਦਗੀ ਦਾ ਸੰਗੀਤ

# ਰਵਾਇਤਾਂ ਤੇ ਤਬਦੀਲੀਆਂ



ਲੇਖਕ : ਗੁਰਬਚਨ ਜਗਤ

ਹਰ ਨਵੇਂ ਸਾਲ ਦਾ ਦਿਨ ਅਤੀਤ ਦੀਆਂ ਯਾਦਾਂ ਦੀ ਮਹਿਕ ਲੈ ਕੇ ਆਉਂਦਾ ਹੈ। ਮੋਬਾਈਲ ਫੋਨਾਂ ਦੀ ਆਮਦ ਹੋਣ ਅਤੇ ਇਨ੍ਹਾਂ ’ਤੇ ਚਮਚਮਾਉਂਦੇ ਯੰਤਰੀ ਸੁਨੇਹਿਆਂ ਤੋਂ ਪਹਿਲਾਂ ਅਸੀਂ ਸੁਨੇਹਿਆਂ ਲਈ ਖ਼ਤਾਂ ਅਤੇ ਸ਼ੁਭ ਕਾਮਨਾ ਕਾਰਡਾਂ ਦੀ ਵਰਤੋਂ ਕਰਿਆ ਕਰਦੇ ਸਾਂ। ਨਵੇਂ ਸਾਲ ਦੀ ਆਮਦ ਤੋਂ ਕੁਝ ਦਿਨ ਪਹਿਲਾਂ ਹੀ ਕਾਰਡਾਂ ਦੀ ਆਮਦ ਸ਼ੁਰੂ ਹੋ ਜਾਂਦੀ ਸੀ ਤੇ ਇਸ ਤੋਂ ਹਫ਼ਤਾ ਬਾਅਦ ਤੱਕ ਜਾਰੀ ਰਹਿੰਦੀ ਸੀ। ਘਰ ਵਿਚ ਤਿਓਹਾਰ ਵਰਗਾ ਮਾਹੌਲ ਬਣ ਜਾਂਦਾ ਸੀ ਅਤੇ ਦੇਸ਼ ਵਿਦੇਸ਼ ’ਚੋਂ ਤਰ੍ਹਾਂ ਤਰ੍ਹਾਂ ਦੇ ਕਾਰਡ ਆਉਂਦੇ ਰਹਿੰਦੇ ਸਨ। ਘਰ ਦੇ ਸ਼ਿੰਗਾਰਦਾਨਾਂ ਦੇ ਭਰ ਜਾਣ ਤੋਂ ਬਾਅਦ ਸ਼ੁਭ ਕਾਮਨਾ ਕਾਰਡਾਂ ਦੀਆਂ ਲੜੀਆਂ ਬਣਾ ਕੇ ਇਨ੍ਹਾਂ ਨੂੰ ਕਮਰਿਆਂ ਵਿੱਚ ਸਜਾ ਦਿੱਤਾ ਜਾਂਦਾ ਸੀ ਤੇ ਫਿਰ ਸੇਵਾਵਾਂ, ਦੋਸਤਾਂ, ਰਿਸ਼ਤੇਦਾਰਾਂ ਅਤੇ ਕਰੀਬੀ ਪਰਿਵਾਰਕ ਮੈਂਬਰਾਂ ਦੇ ਲਿਹਾਜ਼ ਨਾਲ ਇਨ੍ਹਾਂ ਨੂੰ ਵੱਖੋ ਵੱਖਰੇ ਸਮੂਹਾਂ ਵਿਚ ਵੰਡ ਦਿੱਤਾ ਜਾਂਦਾ ਸੀ। ਇਹ ਸਾਰਾ ਕੰਮ ਹੱਥੀਂ ਕਰਨਾ ਅਤੇ ਫਿਰ ਸੰਦੇਸ਼ਾਂ ਨੂੰ ਪੜ੍ਹਨ ਦਾ ਵੱਖਰਾ ਹੀ ਮਜ਼ਾ ਸੀ। ਨਾਲੋ-ਨਾਲ ਕਾਰਡ ਭੇਜਣ ਦਾ ਕੰਮ ਵੀ ਚੱਲਦਾ ਰਹਿੰਦਾ ਸੀ ਤੇ ਜਿਨ੍ਹਾਂ ਨੂੰ ਕਾਰਡ ਭੇਜਣੇ ਹੁੰਦੇ ਸਨ, ਉਨ੍ਹਾਂ ਦੀ ਸੂਚੀ ਵਿਚ ਕੁਝ ਨਵੇਂ ਨਾਂ ਜੋੜੇ ਜਾਂਦੇ ਤੇ ਕੁਝ ਹਟਾਉਣੇ ਪੈਂਦੇ ਸਨ। ਮੈਂ ਇਹ ਸਾਰਾ ਕੰਮ ਹਮੇਸ਼ਾਂ ਆਪਣੇ ਹੱਥੀਂ ਕਰਿਆ ਕਰਦਾ ਸਾਂ ਤੇ ਆਮ ਤੌਰ ’ਤੇ ਇਸ ਲਈ ਦੋ ਤਿੰਨ ਦਿਨ ਲੱਗਦੇ ਸਨ। ਫਿਰ ਜਦੋਂ ਚੰਡੀਗੜ੍ਹ ’ਚ ਤਾਇਨਾਤੀ ਹੋਈ ਤਾਂ ਨਵੇਂ ਸਾਲ ਵਾਲੇ ਦਿਨ ਅਸੀਂ ਇੱਕ ਗਰੁੱਪ ਬਣਾ ਕੇ ਆਪਣੇ ਸਾਰੇ ਸਟਾਫ਼ ਨੂੰ ਉਨ੍ਹਾਂ ਦੇ ਦਫ਼ਤਰਾਂ ਵਿਚ ਜਾ ਕੇ ਨਵੇਂ ਸਾਲ ਦੀ ਵਧਾਈ ਦਿੰਦੇ ਸਾਂ ਅਤੇ ਬਾਅਦ ਵਿਚ ਆਪਣੇ ਸੀਨੀਅਰ ਸਾਥੀਆਂ ਨੂੰ ਨਿੱਜੀ ਰੂਪ ਵਿਚ ਮਿਲ ਕੇ ਵਧਾਈ ਦਿੰਦੇ ਸਾਂ। ਇਸ ਤਰ੍ਹਾਂ, ਇਹ ਇੱਕ ਜਸ਼ਨ ਦਾ ਦਿਹਾੜਾ ਹੋ ਨਿੱਬੜਦਾ ਸੀ।

ਫਿਰ ਸਮਾਂ ਬਦਲਿਆ, ਉਮਰ ਗੁਜ਼ਰਦੀ ਗਈ ਤੇ ਸੇਵਾਮੁਕਤੀ ਆ ਗਈ ਤਾਂ ਖੁਸ਼ੀ ਦੇ ਨਾਲ ਨਾਲ ਕੁਝ ਖੁੱਸ ਜਾਣ ਦਾ ਮਿਲਿਆ ਜੁਲਿਆ ਅਹਿਸਾਸ ਹੋ ਰਿਹਾ ਸੀ। ਲੰਬੀ ਪਾਰੀ ਮੁੱਕਣ ਦੀ ਖ਼ੁਸ਼ੀ ਸੀ ਜਦੋਂਕਿ ਜ਼ਿੰਦਗੀ ਦੇ ਨਵੇਂ ਢੰਗ ਦਾ ਬਦਲਾਓ ਵੀ ਮਹਿਸੂਸ ਹੋ ਰਿਹਾ ਸੀ। ਉਂਜ, ਜ਼ਿੰਦਗੀ ਦੇ ਹਰੇਕ ਪੜਾਅ ਦੇ ਚੰਗੇ ਤੇ ਮਾੜੇ ਪੱਖ ਹੁੰਦੇ ਹਨ ਤੇ ਇਹ ਤੁਹਾਡੇ ’ਤੇ ਨਿਰਭਰ ਕਰਦਾ ਹੈ ਕਿ ਮਾੜੇ ਪੱਖਾਂ ਨੂੰ ਚੰਗਿਆਂ ਵਿਚ ਕਿਵੇਂ ਬਦਲਿਆ ਜਾਵੇ। ਨਵੇਂ ਸਾਲ ਦਾ ਸ਼ੁਗਲ ਵੀ ਬਦਲ ਗਿਆ ਸੀ, ਹੁਣ ਕੋਈ ਸ਼ੁਭ ਕਾਮਨਾ ਦੇ ਕਾਰਡ ਨਹੀਂ ਆਉਂਦੇ, ਮੋਬਾਈਲ ਫੋਨਾਂ ’ਤੇ ਹੀ ਸੰਦੇਸ਼ਾਂ ਦਾ ਚਲਨ ਹੋ ਗਿਆ, ਪਰਿਵਾਰਕ ਤੇ ਕਰੀਬੀ ਦੋਸਤਾਂ ਨੂੰ ਛੱਡ ਕੇ ਆਉਣ ਵਾਲੇ ਸੁਨੇਹਿਆਂ ’ਚੋਂ ਪਹਿਲਾਂ ਵਾਲਾ ਨਿੱਘ ਮਹਿਸੂਸ ਨਹੀਂ ਹੁੰਦਾ। ਕੀ ਤਕਨਾਲੋਜੀ ਸਾਹਮਣੇ ਸਾਰੀਆਂ ਰਵਾਇਤਾਂ ਗੁਆਚ ਜਾਣਗੀਆਂ? ਅੱਜ ਕੱਲ੍ਹ ਚਿੱਠੀ ਲਿਖਣ ਦੀ ਕਲਾ ਗੁਆਚ ਗਈ ਹੈ ਤੇ ਈਮੇਲ, ਵਟਸਐਪ ਜਾਂ ਮੈਸੇਜਿੰਗ ਆਦਿ ਸਭ ਨੇ ਮਿਲ ਕੇ ਸਦੀਆਂ ਤੋਂ ਚੱਲੇ ਆ ਰਹੇ ਰਾਬਤੇ ਦੇ ਸਾਧਨ ਨਿਗ਼ਲ ਲਏ ਹਨ। ਚਿੱਠੀ ਲਿਖਣ ਦੇ ਬਹੁਤ ਸਾਰੇ ਅੰਦਾਜ਼ ਹੁੰਦੇ ਸਨ -ਰਸਮੀ ਤੇ ਗ਼ੈਰ-ਰਸਮੀ, ਸਰਕਾਰੀ ਪੱਤਰਾਂ ਤੋਂ ਲੈ ਕੇ ਪ੍ਰੇਮ ਪੱਤਰਾਂ ਤੱਕ ਹਰੇਕ ਖਤੋ-ਕਿਤਾਬਤ ਦੀ ਇਕ ਖਾਸ ਕਲਾ ਹੁੰਦੀ ਸੀ। ਅਸੀਂ ਆਪਣੀਆਂ ਰਵਾਇਤਾਂ ਨੂੰ ਰੱਦੀ ਦੀ ਟੋਕਰੀ ਵਿਚ ਸੁੱਟਣ ਦੀ ਕਾਹਲ ਦੇ ਐਨੇ ਆਦੀ ਕਿਉਂ ਹਾਂ? ਅੰਗਰੇਜ਼ ਆਪਣੀਆਂ ਰਵਾਇਤਾਂ ਨੂੰ ਸੰਜੋਅ ਕੇ ਰੱਖਣ ਲਈ ਜਾਣੇ ਜਾਂਦੇ ਹਨ। ਦੂਜੇ ਪਾਸੇ ਅਸੀਂ ਆਪਣੀਆਂ ਪੁਰਾਤਨ ਯਾਦਗਾਰਾਂ, ਮੰਦਰਾਂ, ਘਰਾਂ, ਕਲਾ, ਖਾਣਿਆਂ ਆਦਿ ਸਭ ਨੂੰ ਸੁੱਟਦੇ ਰਹਿੰਦੇ ਹਾਂ ਅਤੇ ਸਾਨੂੰ ਆਪਣੇ ਵਿਰਸੇ ’ਤੇ ਕਦੇ ਮਾਣ ਹੀ ਨਹੀਂ ਹੁੰਦਾ। ਸਮੁੱਚੇ ਯੂਰਪ ਅੰਦਰ ਰੈਸਤਰਾਂ ਤੇ ਕੈਫਿਆਂ ਵਿਚ ਪਰੋਸੇ ਜਾਣ ਵਾਲੇ ਜ਼ਿਆਦਾਤਰ ਪਕਵਾਨ ਮੁਕਾਮੀ ਹੁੰਦੇ ਹਨ ਤੇ ਉਹ ਇਨ੍ਹਾਂ ’ਤੇ ਬਹੁਤ ਮਾਣ ਵੀ ਕਰਦੇ ਹਨ। ਦੂਜੇ ਪਾਸੇ ਸਾਡੇ ਇੱਥੇ ਮੁਕਾਮੀ ਪਕਵਾਨ ਬਹੁਤ ਮੁਸ਼ਕਲ ਨਾਲ ਲੱਭਦੇ ਹਨ ਹਾਲਾਂਕਿ ਸਾਡੇ ਖਾਣ ਪਾਨ ਦੀਆਂ ਖ਼ੂਬੀਆਂ ਤੇ ਰਵਾਇਤਾਂ ਇੰਨੀਆਂ ਜ਼ਿਆਦਾ ਜਟਿਲ ਹਨ ਕਿ ਹਰ ਸੌ ਕਿਲੋਮੀਟਰ ’ਤੇ ਸਾਡੇ ਖਾਣੇ ਤੇ ਬੋਲੀਆਂ ਬਦਲ ਜਾਂਦੀਆਂ ਹਨ।

ਹਥਿਆਰਬੰਦ ਦਸਤੇ, ਪੁਲੀਸ, ਨਿਆਂਪਾਲਿਕਾ, ਯੂਨੀਵਰਸਿਟੀਆਂ, ਸਕੂਲ ਆਦਿ ਜਿਹੀਆਂ ਸੰਸਥਾਵਾਂ ਰਵਾਇਤਾਂ ਦੀਆਂ ਪਹਿਰੇਦਾਰ ਹੁੰਦੀਆਂ ਹਨ। ਰਵਾਇਤਾਂ ਨਾ ਕੇਵਲ ਸਾਡੇ ਸਭਿਆਚਾਰ ਅਤੇ ਰਸਮੋ ਰਿਵਾਜ ਨੂੰ ਸੰਭਾਲ ਕੇ ਰੱਖਣ ਵਿਚ ਸਹਾਈ ਹੁੰਦੀਆਂ ਹਨ ਸਗੋਂ ਕਲਾ, ਵਿਗਿਆਨ, ਦਵਾ ਜਾਂ ਲੜਾਕੂ ਰਵਾਇਤਾਂ ਵਿਚ ਸਾਡੀ ਸਭਿਅਤਾ ਦੇ ਵਿਕਾਸ ਦੀ ਤਰਜਮਾਨੀ ਵੀ ਕਰਦੀਆਂ ਹਨ। ਇਸ ਦਾ ਪੜਾਅਵਾਰ ਵਿਕਾਸ ਹੀ ਕੇਂਦਰੀ ਗੱਲ ਹੁੰਦੀ ਹੈ। ਹਰੇਕ ਫ਼ੌਜੀ ਪਲਟਣ ਨੂੰ ਆਪਣੇ ਰੰਗ, ਨਿਸ਼ਾਨ, ਝੰਡੇ ਨਾਲ ਖਾਸ ਲਗਾਓ ਹੁੰਦਾ ਹੈ ਤੇ ਪੁਰਾਣੀਆਂ ਲੜਾਈਆਂ ਤੇ ਮਾਰੀਆਂ ਮੱਲਾਂ ਉੱਪਰ ਉਨ੍ਹਾਂ ਦੇ ਇਸ ਮਾਣ ਦੀਆਂ ਜੜ੍ਹਾਂ ਇਤਿਹਾਸ ਵਿਚ ਲੱਗੀਆਂ ਹੁੰਦੀਆਂ ਹਨ। ਉਹ ਆਪਣੀ ਰੈਜੀਮੈਂਟ ਲਈ ਇਕੱਠੇ ਲੜੇ ਮਰੇ ਹੁੰਦੇ ਹਨ। ਇਸੇ ਤਰ੍ਹਾਂ ਸਿੱਖਿਆ ਸੰਸਥਾਵਾਂ ਦੀਆਂ ਆਪਣੀਆਂ ਰਵਾਇਤਾਂ ਹੁੰਦੀਆਂ ਹਨ। ਸਾਡੇ ਦੇਸ਼ ਵਿਚ ਸੈਂਕੜੇ ਸਾਲ ਪੁਰਾਣੇ ਬਹੁਤ ਸਾਰੇ ਸਕੂਲ ਹਨ। ਉਨ੍ਹਾਂ ਦਾ ਜਨਮ ਵੱਖੋ ਵੱਖਰੇ ਧਰਮਾਂ, ਵਿਚਾਰਧਾਰਾਵਾਂ ਵਿਚ ਹੋਇਆ ਸੀ ਅਤੇ ਪਰਉਪਕਾਰ ਦੇ ਉਨ੍ਹਾਂ ਦੇ ਆਪੋ ਆਪਣੇ ਢੰਗ ਸਨ। ਕੀ ਉਨ੍ਹਾਂ ਸਾਰਿਆਂ ਦਾ ਇਕੋ ਰੰਗ ਕਰ ਦੇਣਾ ਜ਼ਰੂਰੀ ਹੈ? ਹੋਰ ਤਾਂ ਹੋਰ ਸਾਡੇ ਮੰਦਰਾਂ ਦੀਆਂ ਵੀ ਵੱਖੋ ਵੱਖਰੀਆਂ ਰਵਾਇਤਾਂ ਰਹੀਆਂ ਹਨ, ਭਾਵੇਂ ਉੱਥੇ ਇਕੋ ਪ੍ਰਮਾਤਮਾ ਦੀ ਪੂਜਾ ਕੀਤੀ ਜਾਂਦੀ ਹੈ, ਕੀ ਇਹ ਸਾਡੇ ਸਮਾਜ ਦਾ ਬਹੁਭਾਂਤੇ ਖਾਸੇ ਦਾ ਸਾਰ ਨਹੀਂ ਹੈ। ਕੀ ਅਜਿਹੇ ਬਹੁਭਾਂਤੇ ਦੇਸ਼ ਦਾ ਹਿੱਸਾ ਹੋਣਾ ਛੋਟੀ ਗੱਲ ਹੈ? ਕੀ ਇਕੋ ਝੰਡੇ ਅਤੇ ਇਕ ਵਿਚਾਰਧਾਰਾ ਵਿਚ ਸਮੋਣ ਦੀ ਚਾਹਤ ਵਿਚ ਇਸ ਸਭ ਕਾਸੇ ’ਤੇ ਕੂਚੀ ਫੇਰ ਦੇਣਾ ਸਹੀ ਹੋਵੇਗਾ- ਮੇਰੇ ਖਿਆਲ ਮੁਤਾਬਕ ਇਹ ਬਹੁਤ ਹੀ ਨੀਰਸ ਤੇ ਮਾਯੂਸੀ ਭਰਿਆ ਕੰਮ ਹੋਵੇਗਾ।

ਆਓ, ਮੁੜ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦੀ ਗੱਲ ਕਰਦੇ ਹਾਂ। ਮੈਂ ਅਜੇ ਵੀ ਆਪਣੇ ਕੁਝ ਪੁਰਾਣੇ ਸਹਿਕਰਮੀਆਂ, ਦੋਸਤਾਂ, ਸੀਨੀਅਰਾਂ ਨੂੰ ਫੋਨ ਕਰ ਕੇ ਨਿੱਜੀ ਤੌਰ ’ਤੇ ਸ਼ੁਭਕਾਮਨਾਵਾਂ ਦਿੰਦਾ ਹਾਂ ਅਤੇ ਇਸੇ ਤਰ੍ਹਾਂ ਮੈਨੂੰ ਵੀ ਉਨ੍ਹਾਂ ਤੋਂ ਨਿੱਜੀ ਕਾਲਾਂ ਆਉਂਦੀਆਂ ਹਨ। ਇਨ੍ਹਾਂ ’ਚੋਂ ਮੇਰੀਆਂ ਸਭ ਤੋਂ ਵੱਧ ਪਸੰਦੀਦਾ ਕਾਲਾਂ ਮੇਰੇ ਪੁਰਾਣੇ ਨਿੱਜੀ ਸਟਾਫ਼ ਮੈਂਬਰਾਂ ਦੀਆਂ ਹੁੰਦੀਆਂ ਹਨ। ਮੈਨੂੰ ਅੰਮ੍ਰਿਤਸਰ ਤੋਂ ਮਹਿੰਦਰਪਾਲ ਦੀ ਇਕ ਕਾਲ ਆਈ ਜੋ 1970ਵਿਆਂ ਦੇ ਅਖੀਰ ਤੇ ਅੱਸੀਵਿਆਂ ਦੇ ਸ਼ੁਰੂ ਵਿਚ ਮੇਰਾ ਟੈਲੀਫੋਨ ਅਟੈਂਡੈਂਟ ਸੀ। ਉਦੋਂ ਮੋਬਾਈਲ ਫੋਨ ਦਾ ਕਿਸੇ ਨੇ ਨਾਂ ਵੀ ਨਹੀਂ ਸੁਣਿਆ ਸੀ। ਕਪੂਰਥਲਾ, ਬਠਿੰਡਾ ਆਦਿ ਸ਼ਹਿਰਾਂ ਤੋਂ ਮੈਨੂੰ ਫੋਨ ਕਾਲਾਂ ਆਉਂਦੀਆਂ ਰਹਿੰਦੀਆਂ ਸਨ ਤੇ ਜੰਮੂ ਤੋਂ ਬਲਬੀਰ ਤੇ ਯਸ਼ਪਾਲ ਨੇ ਮੈਨੂੰ ਚੇਤੇ ਕਰਾਉਣ ਵਿਚ ਕਦੇ ਕੋਈ ਕੁਤਾਹੀ ਨਾ ਕਰਨੀ, ਇਸੇ ਤਰ੍ਹਾਂ ਸ੍ਰੀਨਗਰ ਤੋਂ ਗ਼ੁਲਾਮ ਰਸੂਲ, ਯੂਪੀਐੱਸਸੀ ਤੋਂ ਪ੍ਰੇਮ, ਬੀਐੱਸਐੱਫ ਤੋਂ ਦਿਗਵਿਜੈ ਅਤੇ ਚੌਹਾਨ ਵੀ ਕਦੇ ਨਹੀਂ ਖੁੰਝਦੇ ਸਨ। ਹਾਲਾਂਕਿ ਮੈਂ ਉਨ੍ਹਾਂ ਲਈ ਕੁਝ ਨਹੀਂ ਕਰ ਸਕਦਾ ਤੇ ਨਾ ਹੀ ਉਹ ਅਜਿਹੀ ਕੋਈ ਤਵੱਕੋ ਰੱਖਦੇ ਹਨ, ਪਰ ਫਿਰ ਵੀ ਅਸੀਂ ਇਕ ਦੂਜੇ ਦਾ ਅਤੇ ਬੱਚਿਆਂ ਦੇ ਕੰਮ ਕਾਜ ਦਾ ਹਾਲ ਚਾਲ ਪੁੱਛਦੇ ਰਹਿੰਦੇ ਹਾਂ। ਸਬ ਇੰਸਪੈਕਟਰ ਰਣ ਸਿੰਘ ਨੂੰ ਮੈਂ ਕਦੇ ਨਹੀਂ ਭੁੱਲ ਸਕਦਾ ਜੋ ਹੁਣ ਫ਼ੌਤ ਹੋ ਚੁੱਕੇ ਹਨ ਅਤੇ ਅੱਸੀਵਿਆਂ ਦੇ ਸ਼ੁਰੂ ਵਿਚ ਆਪਣੀ ਸੇਵਾਮੁਕਤੀ ਤੱਕ ਉਹ ਮੇਰੇ ਨਾਲ ਡਿਊਟੀ ਦਿੰਦੇ ਰਹੇ ਸਨ। ਰਣ ਸਿੰਘ ਦੀ ਭਰਤੀ ਪੰਜਾਹਵਿਆਂ ਦੇ ਦਹਾਕੇ ਵਿਚ ਹੋਈ ਸੀ ਤੇ ਉਨ੍ਹਾਂ ਪੁਰਾਣੇ ਕਰਮੀਆਂ ਦੀ ਕਤਾਰ ’ਚੋਂ ਆਉਂਦੇ ਸਨ ਜਿਨ੍ਹਾਂ ਨੂੰ ਆਪਣੀ ਦਮਦਾਰ, ਸਾਦਗੀ, ਕੁਸ਼ਲਤਾ ਤੇ ਅਨੁਸ਼ਾਸਨ ਲਈ ਯਾਦ ਕੀਤਾ ਜਾਂਦਾ ਹੈ। ਰਣ ਸਿੰਘ ਦਰਮਿਆਨੇ ਕੱਦ, ਰਿਸ਼ਟ ਪੁਸ਼ਟ, ਭਰਵੀਂ ਫੱਬਤ ਦੇ ਮਾਲਕ ਸਨ ਅਤੇ ਸਿਰ ਦੇ ਵਾਲ ਕਟਵਾ (ਬਜ਼ ਕੱਟ) ਕੇ ਰੱਖਦੇ ਸਨ। ਉਹ ਆਪਣੇ ਕੋਲ ਦੇਸੀ ਘਿਓ ਜ਼ਰੂਰ ਰੱਖਦੇ ਸਨ। ਹਰਿਆਣਵੀ ਬੋਲਦੇ ਸਨ ਅਤੇ ਬਹੁਤ ਹੀ ਮਜ਼ਾਕੀਆ ਸੁਭਾਅ ਵਾਲੇ ਸਨ।

ਚੰਡੀਗੜ੍ਹ ਹੁੰਦਿਆਂ ਇਕ ਦਿਨ ਮੈਂ ਆਪਣੀ ਸਰਕਾਰੀ ਰਿਹਾਇਸ਼ ਦੇ ਲਾਅਨ ਵਿਚ ਟਹਿਲ ਰਿਹਾ ਸਾਂ ਕਿ ਅਚਾਨਕ ਰਣ ਸਿੰਘ ਆ ਗਿਆ ਤੇ ਉਸ ਨੂੰ ਪੰਜਾਬ ਪੁਲੀਸ ਨਾਲ ਜੁੜੀ ਕਿਸੇ ਘਟਨਾ ਬਾਰੇ ਪਤਾ ਲੱਗਿਆ ਤੇ ਉਹ ਕਾਫ਼ੀ ਗੁੱਸੇ ਵਿਚ ਬੋਲ ਰਿਹਾ ਸੀ ਤੇ ਪੂਰੀ ਗੰਭੀਰਤਾ ਨਾਲ ਆਖਿਆ ਕਿ ਜੇ ਮੇਰੇ ਨਾਲ ਕੁਝ ਵੀ ਉਲਟਾ ਨੀਵਾਂ ਹੋਇਆ ਤਾਂ ਉਹ ਉਸ ਬੰਦੇ ਨੂੰ ਬਖ਼ਸ਼ੇਗਾ ਨਹੀਂ। ਮੈਨੂੰ ਉਸ ਦੀ ਗੱਲ ਸਮਝਣ ਵਿਚ ਕੁਝ ਸਮਾਂ ਲੱਗਿਆ ਤੇ ਫਿਰ ਮੈਂ ਉਸ ਨੂੰ ਆਖਿਆ ਕਿ ਉਸ ਦੀ ਡਿਊਟੀ ਲਾਈ ਗਈ ਹੈ ਤਾਂ ਕਿ ਮੇਰੇ ਨਾਲ ਕੋਈ ਮਾੜੀ ਘਟਨਾ ਨਾ ਵਾਪਰੇ ਅਤੇ ਅਗਲੇ ਜਨਮ ਵਿਚ ਮੈਨੂੰ ਇਸ ਦੀ ਕੋਈ ਚਿੰਤਾ ਨਹੀਂ ਹੋਵੇਗੀ ਕਿ ਉਹ ਦੋਸ਼ੀਆਂ ਨਾਲ ਕੀ ਕਰੇਗਾ। ਉਸ ਨੇ ਮੇਰੀ ਗੱਲ ਤਾਂ ਸੁਣ ਲਈ, ਪਰ ਆਪਣੀ ਉਹੀ ਗੱਲ ਦੁਹਰਾਈ ਕਿ ਉਹ ਉਸ ਬੰਦੇ ਨੂੰ ਛੱਡੇਗਾ ਨਹੀਂ। ਮੈਂ ਦੇਖਿਆ ਕਿ ਮੇਰੀਆਂ ਗੱਲਾਂ ਦਾ ਉਸ ’ਤੇ ਕੋਈ ਖਾਸ ਅਸਰ ਨਹੀਂ ਪਿਆ ਤੇ ਉਹ ਪਹਿਲਾਂ ਵਾਂਗ ਹੀ ਗੰਭੀਰ ਬਣਿਆ ਰਿਹਾ ਤਾਂ ਕਿਤੇ ਜਾ ਕੇ ਮਾਮਲਾ ਸ਼ਾਂਤ ਕੀਤਾ। ਰਣ ਸਿੰਘ ਨਾਲ ਇਸ ਕਿਸਮ ਦਾ ਹਾਸਾ ਠੱਠਾ ਚੱਲਦਾ ਹੀ ਰਹਿੰਦਾ ਸੀ। ਇਕ ਵਾਰ ਉਸ ਨੂੰ ਬੁਖ਼ਾਰ ਚੜ੍ਹ ਗਿਆ ਤੇ ਆਮ ਤੌਰ ’ਤੇ ਉਹ ਦੁੱਧ ਤੇ ਦੇਸੀ ਘਿਓ ਦੇ ਨੁਸਖੇ ਨਾਲ ਇਸ ’ਤੇ ਕਾਬੂ ਪਾ ਲੈਂਦਾ ਸੀ, ਪਰ ਇਸ ਵਾਰ ਇਹ ਨੁਸਖ਼ਾ ਕਾਰਗਰ ਨਹੀਂ ਹੋ ਰਿਹਾ ਸੀ ਜਿਸ ਕਰ ਕੇ ਉਸ ਦੇ ਸਾਥੀ ਉਸ ਨੂੰ ਛੇੜਨ ਲੱਗ ਪਏ। ਉਂਜ ਵੀ ਉਸ ਨੂੰ ਬੁਖ਼ਾਰ ਘੱਟ ਹੀ ਚੜ੍ਹਦਾ ਸੀ ਜਿਸ ਕਰ ਕੇ ਉਹ ਅਕਸਰ ਬਾਕੀ ਗਾਰਦ ਸਾਹਮਣੇ ਹੁੱਬ ਕੇ ਦੱਸਦਾ ਹੁੰਦਾ ਸੀ। ਖ਼ੈਰ, ਮੈਂ ਉਸ ਨੂੰ ਡਾਕਟਰ ਕੋਲ ਜਾ ਕੇ ਦਵਾਈ ਲੈਣ ਲਈ ਰਾਜ਼ੀ ਕਰ ਲਿਆ। ਅਗਲੀ ਸਵੇਰ ਮੈਂ ਉਸ ਨੂੰ ਪਛਾਣ ਹੀ ਨਾ ਸਕਿਆ ਤੇ ਉਸ ਦਾ ਚਿਹਰਾ ਉੱਡਿਆ ਪਿਆ ਸੀ। ਉਸ ਨੂੰ ਮਲੇਰੀਆ ਹੋ ਗਿਆ ਸੀ ਤੇ ਡਾਕਟਰ ਨੇ ਪੂਰੇ ਇਕ ਹਫ਼ਤੇ ਲਈ ਕੁਨੀਨ ਦੀਆਂ ਗੋਲੀਆਂ ਖਾਣ ਲਈ ਦੇ ਦਿੱਤੀਆਂ। ਆਪਣੀ ਜਾਚੇ ਰਣ ਸਿੰਘ ਨੇ ਸਮਝਿਆ ਕਿ ਇਨ੍ਹਾਂ ਗੋਲੀਆਂ ਨਾਲ ਉਸ ਨੂੰ ਕੀ ਹੋਣਾ ਹੈ। ਲਿਹਾਜ਼ਾ, ਉਸ ਨੇ ਇਕ ਲਿਟਰ ਦੁੱਧ ਨਾਲ ਗੋਲੀਆਂ ਦਾ ਫੱਕਾ ਮਾਰ ਲਿਆ ਤੇ ਥੋੜ੍ਹੀ ਦੇਰ ’ਚ ਹੀ ਉਸ ਦੀ ਚਮੜੀ ਦਾ ਰੰਗ ਪੀਲਾ ਪੈਣ ਲੱਗ ਪਿਆ। ਕੁਨੀਨ ਦਾ ਉਲਟ ਅਸਰ ਦੂਰ ਕਰਨ ਲਈ ਕਾਫ਼ੀ ਦਵਾਈਆਂ ਖਾਣੀਆਂ ਪਈਆਂ ਤਾਂ ਕਿਤੇ ਜਾ ਕੇ ਉਹ ਆਪਣੇ ਅਸਲ ਰੰਗ ਵਿਚ ਆ ਸਕਿਆ। ਉਂਜ, ਉਸ ਦੇ ਰੰਗ ਨਾਲੋਂ ਉਸ ਦੀ ਮਰਦਾਨਗੀ ਨੂੰ ਜ਼ਿਆਦਾ ਸੱਟ ਵੱਜੀ ਸੀ। ਰਣ ਸਿੰਘ ਦੀ ਸ਼ਖ਼ਸੀਅਤ ਦੇ ਕਈ ਹੋਰ ਗੁੱਝੇ ਰੰਗ ਵੀ ਸਨ।

ਨਵੇਂ ਸਾਲ ਦਾ ਹੀ ਦਿਨ ਸੀ ਕਿ ਅਸੀਂ ਕੁਝ ਦੋਸਤ ਰਾਤ ਦੇ ਖਾਣੇ ’ਤੇ ਇਕੱਠੇ ਹੋ ਗਏ। ਅੱਗ ਬਲ ਰਹੀ ਸੀ ਤੇ ਗੱਲਾਂ ਦਾ ਦੌਰ ਚੱਲ ਰਿਹਾ ਸੀ ਕਿ ਅਚਾਨਕ ਰਣ ਸਿੰਘ ਇਕ ਢੋਲੀ ਨੂੰ ਨਾਲ ਲੈ ਕੇ ਪਹੁੰਚ ਗਿਆ। ਇਸ ਤੋਂ ਪਹਿਲਾਂ ਕਿ ਅਸੀਂ ਕੁਝ ਬੋਲਦੇ, ਉਹ ਢੋਲ ਦੀ ਥਾਪ ’ਤੇ ਰਾਗਨੀ ਸੁਣਾਉਣ ਲੱਗ ਪਿਆ। ਹਾਲਾਂਕਿ ਸਾਡੇ ਕੁਝ ਮਹਿਮਾਨ ਹਰਿਆਣਵੀ ਨਹੀਂ ਸਮਝਦੇ ਸਨ, ਪਰ ਉਸ ਦੇ ਗਾਇਨ ਦੀ ਕੋਈ ਵੀ ਦਾਦ ਦਿੱਤੇ ਬਿਨਾਂ ਨਾ ਰਹਿ ਸਕਿਆ। ਰਣ ਸਿੰਘ ਆਪਣੀ ਧੁਨ ਵਿਚ ਮਸਤ ਹੋ ਕੇ ਗਾਉਂਦਾ ਰਿਹਾ। ਅਚਾਨਕ ਉਹ ਉੱਠਿਆ ਤੇ ਉੱਥੋਂ ਜਾਣ ਲੱਗਿਆ, ਪਰ ਮੈਂ ਉਸ ਨੂੰ ਰੋਕ ਕੇ ਖੁਆ ਪਿਲਾ ਕੇ ਚੰਗੇ ਢੰਗ ਨਾਲ ਵਿਦਾ ਕੀਤਾ। ਰਣ ਸਿੰਘ ਸੇਵਾਮੁਕਤ ਹੋਣ ਤੋਂ ਬਾਅਦ ਮੂਰਥਲ ਨੇੜਲੇ ਆਪਣੇ ਜੱਦੀ ਪਿੰਡ ਵਿਚ ਆਪਣੇ ਬੀਵੀ ਬੱਚਿਆਂ ਕੋਲ ਜਾ ਕੇ ਰਹਿਣ ਲੱਗ ਪਿਆ। ਉਸ ਤੋਂ ਬਾਅਦ ਉਸ ਦੀ ਕੋਈ ਖ਼ਬਰਸਾਰ ਨਾ ਮਿਲੀ, ਪਰ ਉਸ ਦੀ ਸੁਹਿਰਦਤਾ, ਜਬ੍ਹੇ ਅਤੇ ਪੰਜਾਬ ਪੁਲੀਸ ਦੇ ਇਕ ਅਨੁਸ਼ਾਸਿਤ ਮੈਂਬਰ ਵਜੋਂ ਯਾਦਾਂ ਹਮੇਸ਼ਾਂ ਮੇਰੇ ਅੰਗ ਸੰਗ ਰਹੀਆਂ ਹਨ। ਅੱਜਕੱਲ੍ਹ ਦੇ ਨੌਜਵਾਨਾਂ ਨੂੰ ਪੁਰਾਣੀ ਪੀੜ੍ਹੀ ਦੇ ਝੰਡਾਬਰਦਾਰ ਕਰਮੀਆਂ ਦੇ ਮਿਆਰਾਂ ਤੋਂ ਸਿੱਖਣ ਦੀ ਲੋੜ ਹੈ।

ਮੈਂ ਇਸ ਲੇਖ ਦੀ ਸ਼ੁਰੂਆਤ ਨਵੇਂ ਸਾਲ ਦੇ ਸ਼ੁਭ ਸੰਦੇਸ਼ਾਂ ਅਤੇ ਇਸ ਮਾਮਲੇ ਵਿਚ ਆਈਆਂ ਤਬਦੀਲੀਆਂ ਨਾਲ ਕੀਤੀ ਸੀ। ਜ਼ਿੰਦਗੀ ਦੇ ਹਰੇਕ ਸ਼ੋਹਬੇ ਦੀਆਂ ਰਵਾਇਤਾਂ ਵਿਚ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ ਅਤੇ ਅਹਿਮ ਗੱਲ ਇਹ ਹੈ ਕਿ ਨਵੇਂ ਤੇ ਪੁਰਾਣੇ ਦਾ ਨਿਰੰਤਰ ਸੰਗਮ ਚੱਲਦਾ ਰਹਿਣਾ ਚਾਹੀਦਾ ਹੈ। ਨਵੀਂ ਪੀੜ੍ਹੀ ਉੱਪਰ ਕੁਝ ਠੋਸਣ ਦੀ ਬਜਾਏ ਉਸ ਨੂੰ ਆਪਣੇ ਤਰੀਕੇ ਨਾਲ ਕੁਝ ਨਵਾਂ ਸਿਰਜਣ ਦੇਣਾ ਹੀ ਸਭ ਤੋਂ ਚੰਗੀ ਗੱਲ ਹੈ। ਜ਼ਿੰਦਗੀ ਦੇ ਬਹੁਤ ਸਾਰੇ ਰੰਗ ਹੁੰਦੇ ਹਨ ਅਤੇ ਇਨ੍ਹਾਂ ਦੇ ਮਿਲਣ ਨਾਲ ਹੀ ਜ਼ਿੰਦਗੀ ਦਾ ਸੰਗੀਤ ਪੈਦਾ ਹੁੰਦਾ ਹੈ ਤੇ ਇਸ ਨੂੰ ਅਰਥ ਮਿਲਦੇ ਹਨ। ਆਓ ਆਪਾਂ ਆਪਣੇ ਆਪ ਨੂੰ ਵਿਕਾਸ ਦੀ ਗਤੀ ਉੱਪਰ ਨਾ ਥੋਪੀਏ ਅਤੇ ਕੁਦਰਤ ਦੇ ਵਿਕਾਸ ਅਤੇ ਨਾਲ ਹੀ ਆਪਣੇ ਵਿਕਾਸ ਵਿਚ ਵੀ ਬੇਲੋੜੀ ਦਖ਼ਲਅੰਦਾਜ਼ੀ ਨਾ ਕਰੀਏ।

**ਲੇਖਕ ਸਾਬਕਾ ਚੇਅਰਮੈਨ, ਯੂਪੀਐੱਸਸੀ ਅਤੇ ਸਾਬਕਾ ਰਾਜਪਾਲ, ਮਨੀਪੁਰ ਹੈ।**


JARNAIL SINGH



ART CLASSES

604-825-4659

604-724-6922

604-595-5885

#106- 12882-85 Ave. Surrey




# ਸਿੱਖ ਇਤਿਹਾਸ ਦਾ ਅਹਿਮ ਪੰਨਾ ਵੱਡਾ ਘੱਲੂਘਾਰਾ



ਵੱਡਾ ਘੱਲੂਘਾਰਾ ਸਿੱਖ ਇਤਿਹਾਸ ਦੀਆਂ ਘਟਨਾਵਾਂ ਦਾ ਅਹਿਮ ਪੰਨਾ ਹੈ। ਇਸ ਦੌਰਾਨ ਸਿੱਖਾਂ ਨੂੰ ਸਮੂਹਿਕ ਤੌਰ 'ਤੇ ਸ਼ਹੀਦ ਕਰ ਕੇ ਉਨ੍ਹਾਂ ਦਾ ਬੀਜ ਨਾਸ ਕਰਨ ਦੀ ਕੋਸ਼ਿਸ਼ ਕੀਤੀ ਗਈ। ਕਾਹਨੂਵਾਨ ਦੇ ਛੰਭ ਵਿਚ 1746 ਈ. ਨੂੰ ਛੋਟਾ ਘੱਲੂਘਾਰਾ ਵਾਪਰਦਾ ਹੈ ਅਤੇ ਪੂਰੇ 16 ਸਾਲਾ ਬਾਅਦ 5 ਫਰਵਰੀ, 1762 ਈਸਵੀ ਵਿਚ ਕੁੱਪ-ਰਹੀੜੇ ਵਿੱਚ ਵੱਡਾ ਘੱਲੂਘਾਰਾ। ਜਦੋਂ ਕੋਈ ਵੱਡਾ ਕੌਮੀ ਮਸਲਾ ਸਾਹਮਣੇ ਹੁੰਦਾ ਸੀ ਤਾਂ ਸਿੱਖ ਦੀਵਾਲੀ, ਵਿਸਾਖੀ ਵੇਲੇ ਸ੍ਰੀ ਅਕਾਲ ਤਖਤ ਸਾਹਿਬ ਜੁੜਦੇ ਸਨ। ਹਿੰਦੋਸਤਾਨ ਵਿਚ ਭਾਰੀ ਲੁੱਟਮਾਰ ਤੋਂ ਬਾਅਦ ਜਦੋਂ ਅਹਿਮਦ ਸ਼ਾਹ ਦੁਰਾਨੀ 1761 ਈਸਵੀ ਵਿਚ ਪੰਜਾਬ 'ਚੋਂ ਲੰਘਿਆ ਤਾਂ ਉਸ ਨੂੰ ਸਿੱਖਾਂ ਦੇ ਵਿਰੋਧ ਦਾ ਭਾਰੀ ਸਾਹਮਣਾ ਕਰਨਾ ਪਿਆ ਸੀ। ਇਸੇ ਹਮਲੇ ਦੌਰਾਨ ਹੀ ਕੈਦ ਕਰ ਕੇ ਲਿਜਾਈਆਂ ਜਾ ਰਹੀਆਂ 2200 ਹਿੰਦੂ ਇਸਤਰੀਆਂ ਨੂੰ ਸਿੱਖਾਂ ਨੇ ਅਹਿਮਦ ਸ਼ਾਹ ਤੋਂ ਛੁਡਾ ਕੇ ਸਤਿਕਾਰ ਨਾਲ ਘਰੋ-ਘਰੀ ਪਹੁੰਚਾਇਆ ਸੀ। ਦੁਰਾਨੀ ਇਸ ਗੱਲੋਂ ਬਹੁਤ ਔਖਾ ਸੀ ਅਤੇ ਸਿੱਖਾਂ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ। ਪੰਜਾਬ ਵਿਚ ਕੁਝ ਲੋਕ ਅਹਿਮਦ ਸ਼ਾਹ ਲਈ ਸਿੱਖਾਂ ਦੀ ਮੁਖਬਰੀ ਕਰ ਰਹੇ ਸਨ, ਉਨ੍ਹਾਂ ਵਿਚੋਂ ਇਕ ਨਿਰੰਜਣੀ ਫਿਰਕੇ ਦਾ ਆਗੂ ਆਕੁਲ ਦਾਸ ਸੀ। ਦੂਜੇ ਪਾਸੇ ਸਿੱਖ, ਮੁਖਬਰਾਂ ਨੂੰ ਸਬਕ ਸਿਖਾਉਣਾ (ਸੋਧਾ ਲਾਉਣਾ) ਚਾਹੁੰਦੇ ਸਨ। ਦੁਰਾਨੀ ਦੇ ਵਾਪਸ ਜਾਂਦਿਆਂ ਹੀ ਸਿੱਖ ਮੁਖੀਆਂ ਨੇ ਸਿੰਘ ਸਾਹਿਬ ਨਵਾਬ ਕਪੂਰ ਸਿੰਘ ਦੀ ਅਗਵਾਈ ਵਿੱਚ ਦੀਵਾਲੀ ਮੌਕੇ ਹੋਏ ਇਕੱਠ ਵਿਚ ਮੁਖਬਰਾਂ ਨੂੰ ਸਮਝਾਉਣ ਜਾਂ ਸਬਕ ਸਿਖਾਉਣ ਦਾ ਗੁਰਮਤਾ ਪਾਸ ਕਰ ਦਿੱਤਾ। ਉਸ ਸਮੇਂ ਦੇ ਪ੍ਰਮੁੱਖ ਸਿੱਖ ਸਰਦਾਰਾਂ ਜੱਸਾ ਸਿੰਘ ਆਹਲੂਵਾਲੀਆ, ਜੋ ਬੁੱਢਾ ਦਲ ਨਿਹੰਗ ਸਿੰਘਾਂ ਖਾਲਸਾ ਪੰਥ ਦੇ ਮੁਖੀ ਸਨ ਅਤੇ ਹੋਰ ਪ੍ਰਮੁੱਖ ਸਰਦਾਰਾਂ ਨੇ ਆਕੁਲ ਦਾਸ ਨੂੰ ਸਿੱਖਾਂ ਦਾ ਫੈਸਲਾ ਸੁਣਾ ਕੇ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਸ 'ਤੇ ਕੋਈ ਅਸਰ ਨਾ ਹੋਇਆ। ਦੂਜੇ ਪਾਸੇ ਅਹਿਮਦ ਸ਼ਾਹ ਭਾਰਤ 'ਤੇ ਛੇਵੇਂ ਹਮਲੇ ਦੀ ਤਿਆਰੀ ਕਰ ਕੇ ਰੁਹਤਾਸ ਵਿੱਚ ਪਹੁੰਚ ਚੁੱਕਾ ਸੀ। ਆਕੁਲ ਦਾਸ ਸਿੱਖਾਂ ਵਿਰੁੱਧ ਅਹਿਮਦ ਸ਼ਾਹ ਨੂੰ ਉਥੇ ਹੀ ਜਾ ਮਿਲਿਆ। ਸਿੱਖ ਮਲੇਰਕੋਟਲੇ ਲਾਗੇ ਦੇ ਪਿੰਡਾਂ ਵਿਚ ਇਕੱਠੇ ਹੋਣ ਲੱਗੇ। ਉਥੋਂ ਦੇ ਹਾਕਮ ਭੀਖਨ ਖਾਂ ਨੇ ਸਿੱਖਾਂ ਦੇ ਉਸ ਇਲਾਕੇ ਵਿਚ ਇਕੱਠੇ ਹੋਣ ਦੀ ਖਬਰ ਸਰਹਿੰਦ ਦੇ ਹਾਕਮ ਜ਼ੈਨ ਖਾਂ ਨੂੰ ਦਿੰਦੇ ਹੋਏ ਉਨ੍ਹਾਂ ਵਿਰੁੱਧ ਸਹਾਇਤਾ ਵੀ ਮੰਗੀ। ਜ਼ੈਨ ਖਾਂ, ਅਹਿਮਦ ਸ਼ਾਹ ਵੇਲੇ ਸਰਹਿੰਦ ਦਾ ਗਵਰਨਰ ਸੀ। ਉਸ ਨੇ ਅਹਿਮਦ ਸ਼ਾਹ ਨੂੰ ਮਾਲਵੇ ਵੱਲ ਕੂਚ ਕਰਨ ਦੀ ਬੇਨਤੀ ਕੀਤੀ। ਜਿਹੜੀ ਤੁਰੰਤ ਪ੍ਰਵਾਨ ਕਰਦੇ ਹੋਏ ਉਸ ਨੂੰ ਹੁਕਮ ਦਿੱਤਾ ਗਿਆ ਕਿ ਉਹ ਸਿੱਖਾਂ ਖ▲ਲਾਫ਼ ਜੰਗ ਛੇੜ ਕੇ ਉਨ੍ਹਾਂ ਨੂੰ ਉਲਝਾ ਲਵੇ ਅਤੇ ਉਥੋਂ ਹਿੱਲਣ ਨਾ ਦੇਵੇ। ਸਿੱਖਾਂ ਦਾ ਦਲ ਮਾਲੇਰਕੋਟਲੇ ਲਾਗੇ ਕੁੱਪ ਪਿੰਡ ਵਿਚ ਇਕੱਠਾ ਹੋ ਰਿਹਾ ਸੀ ਕਿ ਅਹਿਮਦ ਸ਼ਾਹ ਦੇ ਜਰਨੈਲਾਂ ਨੇ ਉਨ੍ਹਾਂ 'ਤੇ ਹੱਲਾ ਬੋਲ ਦਿੱਤਾ। ਤੀਹ ਹਜ਼ਾਰ ਸਿੰਘਾਂ ਦੇ ਦਲ ਤੋਂ ਇਲਾਵਾ ਬੱਚੇ ਅਤੇ ਇਸਤਰੀਆਂ ਵੀ ਉਥੇ ਮੌਜੂਦ ਸਨ। ਜ਼ੈਨ ਖਾਂ ਅਤੇ ਉਸ ਦੀਆਂ ਫੌਜਾਂ ਦਾ ਖਾਲਸਾ ਟਾਕਰਾ ਕਰ ਰਿਹਾ ਸੀ ਕਿ ਅਹਿਮਦ ਸ਼ਾਹ ਦਾ ਭਾਰੀ ਲਸ਼ਕਰ ਵੀ ਉਥੇ ਆਣ ਪੁੱਜਾ। ਸਿੰਘਾਂ ਨੇ ਇਸਤਰੀਆਂ ਤੇ ਬੱਚਿਆਂ ਨੂੰ ਘੇਰੇ ਵਿਚ ਲੈ ਕੇ ਅਤੇ ਮਨੁੱਖੀ ਕਿਲ੍ਹਾ ਬਣਾ ਕੇ ਉਸ ਦਾ ਮੁਕਾਬਲਾ ਜਾਰੀ ਰੱਖਿਆ। ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ ਸਰਦਾਰ ਬਘੇਲ ਸਿੰਘ, ਸਰਦਾਰ ਸ਼ਾਮ ਸਿੰਘ, ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ, ਤਾਰਾ ਸਿੰਘ ਗੈਬਾ ਆਦਿ ਸਰਦਾਰ ਸਾਰੀ ਸਥਿਤੀ ਦੀ ਸਖਤ ਨਿਗਰਾਨੀ ਕਰ ਰਹੇ ਸਨ। ਉਹ ਜਿੱਥੇ ਵੀ ਮੋਰਚਾ ਕਮਜ਼ੋਰ ਪੈਂਦਾ ਦੇਖਦੇ, ਤੁਰੰਤ ਉਥੇ ਪਹੁੰਚ ਜਾਂਦੇ। ਲੜ ਰਹੀਆਂ ਫੌਜਾਂ ਨੂੰ ਨਾ ਕੇਵਲ ਹੱਲਾਸ਼ੇਰੀ ਦਿੰਦੇ ਬਲਕਿ ਆਪ ਅੱਗੇ ਹੋ ਕੇ ਦੁਸ਼ਮਣ ਦਾ

ਖਾਲਸਾ ਪੰਥ ਦੇ ਮੁਖੀ ਸਨ ਅਤੇ ਹੋਰ ਪ੍ਰਮੁੱਖ ਸਰਦਾਰਾਂ ਨੇ ਆਕੁਲ ਦਾਸ ਨੂੰ ਸਿੱਖਾਂ ਦਾ ਫੈਸਲਾ ਸੁਣਾ ਕੇ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਸ 'ਤੇ ਕੋਈ ਅਸਰ ਨਾ ਹੋਇਆ। ਦੂਜੇ ਪਾਸੇ ਅਹਿਮਦ ਸ਼ਾਹ ਭਾਰਤ 'ਤੇ ਛੇਵੇਂ ਹਮਲੇ ਦੀ ਤਿਆਰੀ ਕਰ ਕੇ ਰੁਹਤਾਸ ਵਿੱਚ ਪਹੁੰਚ ਚੁੱਕਾ ਸੀ। ਆਕੁਲ ਦਾਸ ਸਿੱਖਾਂ ਵਿਰੁੱਧ ਅਹਿਮਦ ਸ਼ਾਹ ਨੂੰ ਉਥੇ ਹੀ ਜਾ ਮਿਲਿਆ। ਸਿੱਖ ਮਲੇਰਕੋਟਲੇ ਲਾਗੇ ਦੇ ਪਿੰਡਾਂ ਵਿਚ ਇਕੱਠੇ ਹੋਣ ਲੱਗੇ। ਉਥੋਂ ਦੇ ਹਾਕਮ ਭੀਖਨ ਖਾਂ ਨੇ ਸਿੱਖਾਂ ਦੇ ਉਸ ਇਲਾਕੇ ਵਿਚ ਇਕੱਠੇ ਹੋਣ ਦੀ ਖਬਰ ਸਰਹਿੰਦ ਦੇ ਹਾਕਮ ਜ਼ੈਨ ਖਾਂ ਨੂੰ ਦਿੰਦੇ ਹੋਏ ਉਨ੍ਹਾਂ ਵਿਰੁੱਧ ਸਹਾਇਤਾ ਵੀ ਮੰਗੀ। ਜ਼ੈਨ ਖਾਂ, ਅਹਿਮਦ ਸ਼ਾਹ ਵੇਲੇ ਸਰਹਿੰਦ ਦਾ ਗਵਰਨਰ ਸੀ। ਉਸ ਨੇ ਅਹਿਮਦ ਸ਼ਾਹ ਨੂੰ ਮਾਲਵੇ ਵੱਲ ਕੂਚ ਕਰਨ ਦੀ ਬੇਨਤੀ ਕੀਤੀ। ਜਿਹੜੀ ਤੁਰੰਤ ਪ੍ਰਵਾਨ ਕਰਦੇ ਹੋਏ ਉਸ ਨੂੰ ਹੁਕਮ ਦਿੱਤਾ ਗਿਆ ਕਿ ਉਹ ਸਿੱਖਾਂ ਖ਼ਿਲਾਫ਼ ਜੰਗ ਛੇੜ ਕੇ ਉਨ੍ਹਾਂ ਨੂੰ ਉਲਝਾ ਲਵੇ ਅਤੇ ਉਥੋਂ ਹਿੱਲਣ ਨਾ ਦੇਵੇ। ਸਿੱਖਾਂ ਦਾ ਦਲ ਮਾਲੇਰਕੋਟਲੇ ਲਾਗੇ ਕੁੱਪ ਪਿੰਡ ਵਿਚ ਇਕੱਠਾ ਹੋ ਰਿਹਾ ਸੀ ਕਿ ਅਹਿਮਦ ਸ਼ਾਹ ਦੇ ਜਰਨੈਲਾਂ ਨੇ ਉਨ੍ਹਾਂ 'ਤੇ ਹੱਲਾ ਬੋਲ ਦਿੱਤਾ। ਤੀਹ ਹਜ਼ਾਰ ਸਿੰਘਾਂ ਦੇ ਦਲ ਤੋਂ ਇਲਾਵਾ ਬੱਚੇ ਅਤੇ ਇਸਤਰੀਆਂ ਵੀ ਉਥੇ ਮੌਜੂਦ ਸਨ। ਜ਼ੈਨ ਖਾਂ ਅਤੇ ਉਸ ਦੀਆਂ ਫੌਜਾਂ ਦਾ ਖਾਲਸਾ ਟਾਕਰਾ ਕਰ ਰਿਹਾ ਸੀ ਕਿ ਅਹਿਮਦ ਸ਼ਾਹ ਦਾ ਭਾਰੀ ਲਸ਼ਕਰ ਵੀ ਉਥੇ ਆਣ ਪੁੱਜਾ। ਸਿੰਘਾਂ ਨੇ ਇਸਤਰੀਆਂ ਤੇ ਬੱਚਿਆਂ ਨੂੰ ਘੇਰੇ ਵਿਚ ਲੈ ਕੇ ਅਤੇ ਮਨੁੱਖੀ ਕਿਲ੍ਹਾ ਬਣਾ ਕੇ ਉਸ ਦਾ ਮੁਕਾਬਲਾ ਜਾਰੀ ਰੱਖਿਆ। ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ ਸਰਦਾਰ ਬਘੇਲ ਸਿੰਘ, ਸਰਦਾਰ ਸ਼ਾਮ ਸਿੰਘ, ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ, ਤਾਰਾ ਸਿੰਘ ਗੈਬਾ ਆਦਿ ਸਰਦਾਰ ਸਾਰੀ ਸਥਿਤੀ ਦੀ ਸਖਤ ਨਿਗਰਾਨੀ ਕਰ ਰਹੇ ਸਨ। ਉਹ ਜਿੱਥੇ ਵੀ ਮੋਰਚਾ ਕਮਜ਼ੋਰ ਪੈਂਦਾ ਦੇਖਦੇ, ਤੁਰੰਤ ਉਥੇ ਪਹੁੰਚ ਜਾਂਦੇ। ਲੜ ਰਹੀਆਂ ਫੌਜਾਂ ਨੂੰ ਨਾ ਕੇਵਲ ਹੱਲਾਸ਼ੇਰੀ ਦਿੰਦੇ ਬਲਕਿ ਆਪ ਅੱਗੇ ਹੋ ਕੇ ਦੁਸ਼ਮਣ ਦਾ ਮੁਕਾਬਲਾ ਕਰਦੇ। ਇਹ ਬੇਜੋੜ ਯੁੱਧ ਸੀ, ਜਿਸ ਵਿਚ ਸਿੰਘਾਂ ਨੂੰ ਲੱਖਾਂ ਦੇ ਦੁਰਾਨੀ ਲਸ਼ਕਰ ਨਾਲ ਜੂਝਣਾ ਪੈ ਰਿਹਾ ਸੀ ਪਰ ਗੁਰੂ ਗੋਬਿੰਦ ਸਿੰਘ ਦੁਆਰਾ ਸਵਾ ਲੱਖ ਨਾਲ ਇਕ ਨੂੰ ਲੜਾਉਣ ਦੇ ਜੋਸ਼ ਵਿਚ ਹੀ ਉਹ ਦੁਸ਼ਮਣ ਨਾਲ ਅੜੇ ਹੋਏ ਸਨ। ਅਹਿਮਦ ਸ਼ਾਹ ਇਕ ਥਾਂ 'ਤੇ ਜੰਮ ਕੇ ਸਿੰਘਾਂ ਦਾ ਮੁਕਾਬਲਾ ਕਰਨਾ ਚਾਹੁੰਦਾ ਸੀ ਪਰ ਸਿੰਘਾਂ ਦੀ ਗਿਣਤੀ ਘੱਟ ਹੋਣ ਕਰਕੇ ਉਹ ਅਜਿਹੇ ਮੁਕਾਬਲੇ ਲਈ ਤਿਆਰ ਨਹੀਂ ਸਨ, ਦੂਜਾ ਉਨ੍ਹਾਂ ਦੇ ਦਲ ਨਾਲ ਇਸਤਰੀਆਂ ਅਤੇ ਬੱਚੇ ਵੀ ਸਨ, ਜਿਨ੍ਹਾਂ ਨੂੰ ਉਹ ਦੁਸ਼ਮਣ ਤੋਂ ਬਚਾ ਕੇ ਰੱਖਣਾ ਚਾਹੁੰਦੇ ਸਨ। ਘੇਰਾ ਬਣਾ ਕੇ ਜੂਝਦੇ ਹੋਏ ਉਹ ਅੱਗੇ ਨੂੰ ਵਧ ਰਹੇ ਸਨ ਅਤੇ ਇਹ ਲੜਾਈ ਖੁੱਲ੍ਹੇ ਇਲਾਕੇ ਦੀ ਜਗ੍ਹਾ ਪਿੰਡਾਂ ਵਿਚ ਹੋਣ ਲੱਗੀ। ਕੁੱਪ, ਕੁਤਬਾ-ਬਾਹਮਣੀ ਅਤੇ ਗਹਿਲ ਆਦਿ ਪਿੰਡਾਂ ਵਿਚ ਹੋਈ ਲੜਾਈ ਬਹੁਤ ਭਿਆਨਕ ਸੀ। ਰਾਤ ਪੈ ਜਾਣ ਕਾਰਨ ਲੜਾਈ ਕੁਝ ਸ਼ਾਂਤ ਹੋਈ ਤਾਂ ਸਿੰਘਾਂ ਨੇ ਸ਼ਾਮ ਵੇਲੇ ਰਹਿਰਾਸ ਮਗਰੋਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ। ਪਿੰਡਾਂ ਦੇ ਲੋਕ ਅਬਦਾਲੀ ਦੀਆਂ ਫੌਜਾਂ ਦੇ ਡਰ ਤੋਂ ਸਿੱਖਾਂ ਨੂੰ ਕੋਈ ਸਹਾਇਤਾ ਦੇਣ ਤੋਂ ਡਰ ਰਹੇ ਸਨ ਤਾਂ ਸਿੱਖਾਂ ਨੇ ਅੱਗੇ ਬਰਨਾਲੇ ਵੱਲ ਜਾਣ ਦਾ ਮਨ ਬਣਾ ਲਿਆ ਪਰ ਉਥੇ ਪੁੱਜਣ ਤੋਂ ਪਹਿਲਾਂ ਹੀ ਅਬਦਾਲੀ ਦੀਆਂ ਫੌਜਾਂ ਨੇ ਉਨ੍ਹਾਂ ਦਾ ਮਨੁੱਖੀ ਕਿਲ੍ਹੇ ਰੂਪੀ ਬਣਾਇਆ ਹੋਇਆ ਘੇਰਾ ਤੋੜ ਦਿੱਤਾ ਅਤੇ ਬੱਚਿਆਂ ਅਤੇ ਇਸਤਰੀਆਂ ਦਾ ਕਤਲੇਆਮ ਸ਼ੁਰੂ ਹੋ ਗਿਆ। ਬੱਚਿਆਂ ਅਤੇ ਇਸਤਰੀਆਂ ਸਮੇਤ ਲਗਭਗ ਤੀਹ ਤੋਂ ਪੈਂਤੀ ਹਜ਼ਾਰ ਸਿੱਖ ਇਸ ਲੜਾਈ ਵਿਚ ਸ਼ਹੀਦੀ ਪਾ ਗਏ। ਕੋਈ ਵੀ ਸਿੱਖ ਅਜਿਹਾ ਨਹੀਂ ਸੀ ਬਚਿਆ ਜਿਸ ਦੇ ਕੋਈ ਫੱਟ ਨਾ ਲੱਗਾ ਹੋਵੇ। ਹਰ ਸਿੰਘ ਨੇ ਆਪਣਾ ਪੂਰਾ ਤਾਣ ਲਾ ਕੇ ਇਹ ਯੁੱਧ ਲੜਿਆ ਅਤੇ ਸਿੰਘਾਂ 'ਤੇ ਕਾਬੂ ਨਾ ਪੈਂਦਾ ਵੇਖ ਕੇ ਅਹਿਮਦ ਸ਼ਾਹ ਬਰਨਾਲੇ ਵੱਲ ਚਲਾ ਗਿਆ। ਮੀਲਾਂ ਤੀਕ ਲੋਥਾਂ ਖਿੱਲਰੀਆਂ ਪਈਆਂ ਸਨ। ਸ਼ਹੀਦ ਹੋਏ ਸਿੰਘਾਂ ਦੇ ਸਿਰਾਂ ਦੇ 50 ਗੱਡੇ ਭਰ ਕੇ ਅਹਿਮਦ ਸ਼ਾਹ ਲਾਹੌਰ ਲੈ ਗਿਆ ਅਤੇ ਉਥੇ ਜਾ ਕੇ ਉਸ ਨੇ ਉਨ੍ਹਾਂ ਸਿਰਾਂ ਦੇ ਮੀਨਾਰ ਉਸਾਰ ਦਿੱਤੇ। ਵੱਡਾ ਘੱਲੂਘਾਰਾ ਦੇਸ਼ ਅਤੇ ਕੌਮ ਦੀ ਆਨ ਅਤੇ ਸ਼ਾਨ ਨੂੰ ਬਚਾਉਣ ਲਈ ਕੀਤੀਆਂ ਗਈਆਂ ਕੁਰਬਾਨੀਆਂ ਦਾ ਪ੍ਰਤੀਕ ਹੈ। ਅਜਿਹੇ ਯੋਧਿਆਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਵਿਰਾਸਤ 'ਤੇ ਮਾਣ ਕਰਦੇ ਹਾਂ।




ਇਸ ਘੱਲੂਘਾਰੇ ਵਿਚ ਸ਼ਹੀਦ ਹੋਏ ਸਿੰਘਾਂ, ਸਿੰਘਣੀਆਂ, ਭੁਜੰਗੀਆਂ ਦੀ ਯਾਦ ਵਿਚ ਕੁੱਪ-ਰਹੀੜੇ ਵਿੱਚ ਯਾਦਗਾਰ ਸਥਾਪਤ ਹੈ। ਇਥੇ 100 ਫੁੱਟ ਉੱਚਾ ਸ਼ਹੀਦੀ ਟਾਵਰ ਤਿਆਰ ਕੀਤਾ ਗਿਆ ਹੈ। ਇਸ ਉਪਰ 15 ਫੁੱਟ ਉੱਚਾ ਸਟੇਨਲੈਸ ਸਟੀਲ ਦਾ ਖੰਡਾ ਖਾਲਸੇ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਵਜੋਂ ਸੁਸ਼ੋਭਿਤ ਹੈ। ਦਸ ਏਕੜ ਵਿਚ ਇਹ ਯਾਦਗਾਰ ਹੈ। ਦੱਸਿਆ ਜਾਂਦਾ ਹੈ ਕਿ ਇਸ ਨੂੰ ਬਣਾਉਣ ਤੇ 20 ਕਰੋੜ ਰੁਪਏ ਖਰਚ ਹੋਏ ਹਨ। ਲੁਧਿਆਣਾ-ਮਾਲੇਰਕੋਟਲਾ ਮੇਨ ਸੜਕ ਤੋਂ ਥੋੜੀ ਹਟ ਕੇ ਬਣੀ ਇਹ ਮਾਣਮੱਤੀ ਯਾਦਗਾਰ ਇਥੇ ਆਉਣ ਵਾਲੇ ਯਾਤਰੀਆਂ, ਸੈਲਾਨੀਆਂ ਤੇ ਨਵੀਆਂ ਪੀੜ੍ਹੀਆਂ ਨੂੰ ਸਿੱਖ ਇਤਿਹਾਸ ਦਾ ਗੌਰਵ ਮਈ ਇਤਿਹਾਸ ਯਾਦ ਕਰਵਾਉਂਦੀ ਹੈ।

# ਸਿੱਖ ਰਾਜ

## ਕਿਵੇਂ ਬਣਿਆ?

ਲੇਖਕ : ਗਿ: ਸੋਹਣ ਸਿੰਘ 'ਸੀਤਲ'

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਉਹਦੀ ਲੋਥ ਜਲੰਧਰ ਖਾਨਪੁਰ ਵਿਚ ਦਫ਼ਨਾਈ ਗਈ। 30 ਅਕਤੂਬਰ, 1758 ਈ। ਨੂੰ ਦੀਵਾਲੀ ਸੀ। ਸਿੰਘ ਅੰਮ੍ਰਿਤਸਰ ਕੱਠੇ ਹੋਏ। ਸਭ ਸਰਦਾਰਾਂ ਨੇ ਗੁਰਮਤਾ ਕੀਤਾ, ਕਿ ਸ਼ਾਂਥਾਂ ਮੁਲਕ ਉੱਤੇ ਕਬਜ਼ਾ ' ਕੀਤਾ ਜਾਵੇ। ਅਦੀਨਾਬੇਗ ਦੇ ਮਰ ਜਾਣ ਕਰਕੇ ਦੁਆਬਾ ਜਲੰਧਰ ਖਾਲੀ ਪਿਆ ਸੀ।ਦਲ ਖਾਲਸਾ ਉਸ ਇਲਾਕੇ ਵਿਚ ਜਾ ਵੜਿਆ।ਅੱਗੋਂਅਦੀਨਾਬੇਗ ਦਾ ਪੁੱਤਰ ਹਸਨ ਬੇਗ ਤੇ ਦੀਵਾਨ ਬਿਸ਼ੰਬਰ ਦਾਸ ਫ਼ੌਜ ਲੈ ਕੇ ਟਾਕਰੇ 'ਤੇ ਆਏ। ਉੜਮੁੜ ਟਾਂਡਾ ਕੋਲ ਬੜੀ ਭਾਰੀ ਲੜਾਈ ਹੋਈ।

### ਉੜਮੁੜ ਟਾਂਡਾ ਦੀ ਲੜਾਈ ਬਿਸ਼ੰਬਰ ਕਤਲ

ਬਿਸ਼ੰਬਰ ਦਾਸ ਗੋਲੀ ਨਾਲ ਮਾਰਿਆ ਗਿਆ। ਉਸ ਦਾ ਸਿਰ ਵਢ ਕੇ ਸ: ਕਰੋੜਾ ਸਿੰਘ ਨੇ ਨਵਾਬ ਕਪੂਰ ਸਿੰਘ ਅੱਗੇ ਜਾ ਰੱਖਿਆਮ। ਬਿਸ਼ੰਬਰ ਦਾਸ ਦੀ ਫ਼ੌਜਮੈਦਾਨ ਵਿਚੋਂ ਹਾਰ ਕੇ ਨੱਸ ਗਈ।

### ਸਿੰਘਾਂ ਨੇ ਦੁਆਬਾ ਮੱਲ ਲਿਆ

ਸਿੰਘਾਂ ਨੇ ਸਾਰੇ ਦੁਆਬੇ ਉੱਤੇ ਕਬਜ਼ਾ ਕਰ ਲਿਆ। ਸਾਰਾਇਲਾਕਾ ਸਿੱਖ ਸਰਦਾਰਾਂ ਨੇ ਆਪਸ ਵਿਚ ਵੰਡ ਲਿਆ।

### ਸਿੰਘ ਮਾਝੇ ਵਿਚ

ਸਿੰਘਾਂ ਦੇ ਇਕ ਜੱਥੇ ਨੇ ਰਿਆੜਕੀ ਤੇ ਮਾਝੇ ਉੱਤੇ ਕਬਜ਼ਾ ਕਰ ਲਿਆ। ਲਾਹੌਰ ਦਾ ਹਾਕਮ ਖ਼ਵਾਜਾ ਮਿਰਜ਼ਾ ਸ਼ਹਿਰ ਵਿਚ ਸੀ ਤੇ ਉਦਾਲਾ ਸਾਰਾ ਸਿੰਘਾਂ ਨੇ ਲੁੱਟ ਲਿਆ ਜਾਂ ਮੱਲ ਲਿਆ ਸੀ। ਜਿਹੜੇ ਇਲਾਕੇ ਜਾਂ ਪਿੰਡ ਸਿੰਘਾਂ ਦੀ ਈਨ ਮੰਨ ਲੈਂਦੇ ਸਨ, ਉਹਨਾਂ ਨਾਲ ਸਿੰਘ ਸਰਦਾਰ ਬੜਾ ਚੰਗਾ ਵਰਤਾਉ ਕਰਦੇ ਤੇ ਜਿਹੜੇ ਅੱਗੋਂ ਆਕੜਦੇ, ਉਹਨਾਂ ਨੂੰ ਸੋਧਦੇ ਵੀ ਬੜੀ ਚੰਗੀ ਤਰਾਂ।

ਹਿੰਦੁਸਤਾਨ ਵਿਚ ਉਸ ਵੇਲੇ ਮਰਹੱਟਿਆਂ ਦੀ ਗੁੱਡੀ ਸਿਖਰ 'ਤੇ ਚੜੀ ਹੋਈ ਸੀ।ਉਹਨਾਂ ਦਾ ਥਾਪਿਆ ਲਾਹੌਰ ਦਾ ਹਾਕਮ ਅਦੀਨਾਬੇਗ ਮਰ ਗਿਆ, ਤਾਂ ਉਹ ਨਵੇਂ ਸਿਰਿਓਂ ਪੰਜਾਬ ਉੱਤੇ ਕਬਜ਼ਾ ਕਰਨ ਵਾਸਤੇ ਵਧੇ।

### ਮਰਹੱਟੇ ਫਿਰ ਪੰਜਾਬ ਵਿਚ

ਪੇਸ਼ਵਾ ਦਾ ਭੇਜਿਆਹੋਇਆ ਦੱਤਾ ਜੀ ਸਿੰਧੀਆਮਾਛੀਵਾੜੇ ਆ ਬੈਠਾ। ਉਸ ਦੇ ਹੁਕਮ ਨਾਲ ਸੰਭਾ ਜੀ ਸਿੰਧੀਆ ਨੇ ਲਾਹੌਰ ਉਤੇ ਕਬਜ਼ਾ ਕਰ ਲਿਆ। ਮਰਹੱਟਾ ਫ਼ੌਜਾਂ-ਸਣੇ ਮੁਲਤਾਨ-ਸਾਰੇ ਪੰਜਾਬ ਵਿਚ ਖਿੱਲਰ ਗਈਆਂ।

### ਅਹਿਮਦਖ਼ਾਂ ਸੂਬੇਦਾਰ ਲਾਹੌਰ

ਉਹਨਾਂ ਮਿਰਜ਼ਾ ਅਹਿਮਦਖ਼ਾਂ ਨੂੰ ਲਾਹੌਰ ਦਾ ਸੂਬੇਦਾਰ ਬਣਾਇਆ




ਤੇ ਸਾਲੇਹਖ਼ਾਂ ਨੂੰ ਮੁਲਤਾਨ ਦਾ। ਪੰਜਾਬ ਦਾ ਇਹ ਪਰਬੰਧ ਕਰ ਕੇ ਤੇ ਸੰਭਾ ਜੀ ਨੂੰ ਏਥੇ ਛੱਡ ਕੇ ਦੱਤਾ ਜੀ ਆਪ ਦਿੱਲੀ ਨੂੰ ਮੁੜ ਗਿਆ। ਅਮਲੀ ਤੌਰ 'ਤੇ ਦਿੱਲੀ ਉੱਤੇ ਉਸ ਵੇਲੇ ਮਰਹੱਟਿਆਂ ਦਾ ਕਬਜ਼ਾ ਸੀ।

ਦਿੱਲੀ ਵਿਚ ਦੋ ਧੜੇ ਸਨ। ਇਕ ਦਾ ਮੋਢੀ ਵਜ਼ੀਰ ਗ਼ਾਜ਼ੀਉੱਦੀਨਇਮਾਦੁਲ ਮੁਲਕ ਸੀ ਤੇ ਦੂੱਜੇ ਦਾ ਆਗੂ ਨਜੀਬੁੱਦੌਲਾਰੁਹੇਲਾਸੈਨਾਪਤੀ ਮਗਰਲੇ ਨੂੰ ਅਹਿਮਦ ਸ਼ਾਹ ਅਬਦਾਲੀ ਦੀ ਮਦਦ ਹਾਸਲ ਸੀ। ਸੋ ਵਜ਼ੀਰ ਨੇ ਮਰਹੱਟਿਆਂ ਨੂੰ ਮਦਦ ਵਾਸਤੇ ਬੁਲਾ ਲਿਆ। ਮਰਹੱਟੇ ਦਿੱਲੀ ਵਿਚ ਆ ਗਏ, ਤਾਂ ਨਜੀਬੁੱਦੌਲਾ ਨੱਸ ਕੇ ਸ਼ੁਕਰਤਾਲ ਜਾ ਵੜਿਆ।

### ਮਰਹੱਟੇ ਦਿੱਲੀ ਵਿਚ

ਮਰਹੱਟਾਫ਼ੌਜ ਨੇ ਉਸ ਨੂੰ ਸ਼ੁਕਰਤਾਲ ਵਿਚ ਘੇਰ ਲਿਆ। ਓਥੋਂ ਨਜੀਬੁੱਦੌਲਾ ਨੇ ਅਬਦਾਲੀ ਨੂੰ ਮਦਦ ਵਾਸਤੇ ਚਿੱਠੀ ਲਿਖੀ।

ਕਿਸ਼ਤ - 53

### ਅਬਦਾਲੀ ਨੂੰ ਸੱਦਾ

ਦਿੱਲੀ ਤੋਂ ਬਾਦਸ਼ਾਹ ਆਲਮਗੀਰ ਸਾਨੀ (ਦੂਜਾ) ਨੇ ਵੀ ਅਬਦਾਲੀ ਨੂੰ ਲਿਖਿਆ, ਕਿ ਜੇ ਸਮੇਂ ਸਿਰ ਆਪ ਨੇ ਸਹਾਇਤਾ ਨਾ ਕੀਤੀ, ਤਾਂ ਮੈਨੂੰ ਵਜ਼ੀਰ ਕਤਲ ਕਰ ਦੇਵੇਗਾ। ਸ਼ਹਿਜ਼ਾਦਾ ਤੈਮੂਰ ਨੂੰ ਮਰਹੱਟਿਆਂ ਨੇ ਪੰਜਾਬ ਵਿਚੋਂ ਕੱਢ ਦਿੱਤਾ ਸੀ। ਏਸ ਗੱਲ ਦਾ ਅਬਦਾਲੀ ਨੂੰ ਬੜਾ ਗੁੱਸਾ ਸੀ। ਉਹਨੇ ਆਪਣੇ ਜਰਨੈਲ ਜਹਾਨ ਖ਼ਾਂ ਨੂੰ ਫ਼ੌਜ ਦੇ ਕੇ ਭੇਜਿਆ ਸੀ, ਪਰ ਉਹ ਮਰਹੱਟਿਆਂ ਤੇ ਸਿੱਖਾਂ ਤੋਂ ਹਾਰ ਕੇ ਮੁੜ ਗਿਆ ਸੀ।

### ਅਬਦਾਲੀ ਦਾ ਪੰਜਵਾਂ ਹਮਲਾ

ਸੋ ਗੁੱਸਾ ਖਾ ਕੇਅਹਿਮਦ ਸ਼ਾਹ ਅਬਦਾਲੀ ਆਪ ਸੱਠ ਹਜ਼ਾਰਫ਼ੌਜ ਲੈ ਕੇ ਚੜ੍ਹਿਆ। ਮਰਹੱਟੇ ਜਰਨੈਲ ਉਸਦੇ ਪਹੁੰਚਣ ਤੋਂ ਪਹਿਲਾਂ ਹੀ ਪੰਜਾਬ ਛੱਡ ਕੇ ਦਿੱਲੀ ਨੂੰ ਚਲੇ ਗਏ।

### ਅਬਦਾਲੀ ਲਾਹੌਰ ਪੁੱਜਾ ਕਰੀਮਦਾਦ ਖ਼ਾਂ ਸੂਬੇਦਾਰ

ਖ਼ਾਲੀ ਲਾਹੌਰ ਉੱਤੇ ਅਬਦਾਲੀ ਨੇ ਅਕਤੂਬਰ (1759 ਈ।) ਵਿਚ ਕਬਜ਼ਾ ਆ ਕੀਤਾ। ਲਾਹੌਰ ਦਾ ਸੂਬੇਦਾਰ ਉਸਨੇ ਆਪਣੇ ਵਜ਼ੀਰ ਸ਼ਾਹਵਲੀਖ਼ਾਂ ਦੇ ਭਤੀਜੇ ਕਰੀਮਦਾਦਖ਼ਾਂ ਨੂੰ ਬਣਾਇਆ। ਜਲੰਧਰ ਦੀ ਫ਼ੌਜਦਾਰੀ ਰਾਜਾ ਘੁਮੰਡ ਚੰਦ ਕਾਂਗੜੇ ਵਾਲੇ ਦੇ ਹਵਾਲੇ ਕੀਤੀ ਗਈ।

ਪੰਜਾਬ ਦਾ ਇਹ ਪਰਬੰਧ ਕਰ ਕੇ ਅਬਦਾਲੀ ਦਿੱਲੀ ਵੱਲ ਤੁਰਿਆ ਤੇ 27 ਨਵੰਬਰ ਨੂੰ ਸਰਹਿੰਦ ਜਾ ਪੁੱਜਾ। ਏਸੇ ਵੇਲੇ ਦਿੱਲੀ ਦੇ ਵਜ਼ੀਰਗਾਜ਼ੀਉੱਦੀਨ ਨੇ ਬਾਦਸ਼ਾਹ ਆਲਮਗੀਰ

### ਦਿੱਲੀ ਦਾ ਬਾਦਸ਼ਾਹ ਕਤਲ

(29 ਨਵੰਬਰ) ਤੇ ਇੰਤਜ਼ਾਮੁੱਦੌਲਾ (30 ਨਵੰਬਰ)-ਦੋਹਾਂਨੂੰ ਕਤਲ ਕਰ ਦਿੱਤਾ। ਤਖ਼ਤ ਉੱਤੇ ਸ਼ਾਹੀ ਘਰਾਣੇ ਦੇ ਇਕ ਸ਼ਹਿਜ਼ਾਦੇ ਨੂੰ ਬਿਠਾ ਦਿੱਤਾ। ਨਜੀਬੁੱਦੌਲਾਦਾ ਪਿੱਛਾ ਛੱਡ ਕੇ ਦੱਤਾ ਜੀ ਅਬਦਾਲੀ ਵੱਲ ਵਧਿਆ।

### ਤਰਾਵੜੀ ਦੀ ਲੜਾਈ

24 ਦਸੰਬਰ ਨੂੰ ਅਬਦਾਲੀਤਰਾਵੜੀ ਜਾ ਪੁੱਜਾ। ਏਥੇ ਮਰਹੱਟਿਆਂ ਨਾਲ ਉਸ ਦੀ ਪਹਿਲੀ ਮੁਠਭੇੜ ਹੋਈ। ਲਗਭਗ ਚਾਰ ਸੌ ਮਰਹੱਟੇ ਮਾਰੇ ਗਏ ਤੇ ਬਾਕੀ ਹਾਰ ਕੇ ਪਿੱਛੇ ਹਟ ਗਏ

### ਅਬਦਾਲੀ ਜਮਨਾ ਤੋਂ ਪਾਰ

ਅਬਦਾਲੀ ਜਮਨਾ ਤੋਂ ਪਾਰ ਹੋਇਆ, ਤਾਂ ਸਹਾਰਨਪੁਰ ਉਸ ਨੂੰ ਨਜੀਬੁੱਦੌਲਾ ਵੀ ਆ ਮਿਲਿਆ।

• ਬਾਕੀ ਅਗਲੇ ਅੰਕ ਵਿੱਚ

# ਅਨੰਦ ਸਾਹਿਬ ਬਾਣੀ ਵਿਚ ਸਦੀਵੀ ਅਨੰਦ ਦਾ ਸੰਕਲਪ

ਲੇਖਕ : ਡਾਕਟਰ ਰਜਿੰਦਰ ਸਿੰਘ

ਅਨੰਦ ਮਨ ਦੀ ਵਕਤੀ ਖ਼ੁਸ਼ੀ ਦੀ ਲਹਿਰ ਨਹੀਂ ਹੈ । ਇਹ ਸਹਿਜ ਅਵਸਥਾ ਨਾਲ ਸੰਬੰਧਿਤ ਸਦੀਵੀ ਵਿਗਾਸ ਹੈ । ਇਹ ਕਰਤਾਰੀ ਸਿਰਜਣਾ ਦੇ ਵਿਰਾਟ ਅਤੇ ਵਚਿੱਤਰ ਰੂਪ ਦੇ ਵਿਸਮਾਦ ਨਾਲ ਜੁੜਿਆ ਹੋਇਆ ਹੈ ।ਅਨੰਦ ਸਾਹਿਬ ਬਾਣੀ ਰੂਹਾਨੀ ਅਨੰਦ ਦੇ ਸੰਕਲਪ ਨੂੰ ਰੂਪਮਾਨ ਕਰਦੀ ਹੈ ।ਇਹ ਅਨੰਦ ਦੁਨਿਆਵੀ ਪਦਾਰਥਾਂ ਦੇ ਭੰਡਾਰੀਕਰਨ, ਭੋਗਵਾਦ ਦੀ ਬਿਰਤੀ, ਮਨੋਰੰਜਨ ਤੇ ਖਾਣਪੀਣ ਦੇ ਸੁਆਦਾਂ ਤੋਂ ਪਾਰ ਨਾਮ ਰੱਤੇ ਹਿਰਦਿਆਂ ਵਿਚ ਵਿਗਸਦਾ ਹੈ ।ਅਨੰਦ ਸਾਹਿਬ ਦੀ ਬਾਣੀ ਮਨੁੱਖ ਨੂੰ ਸੰਸਾਰ ਵਿਚ ਆਪਣੀ ਭੂਮਿਕਾ ਦੀ ਸਾਰਥਿਕਤਾ ਪ੍ਰਤੀ ਸੁਚੇਤ ਕਰਦੀ ਹੈ ।ਜੀਵਨ ਦੇ ਮਨੋਰਥ ਨੂੰ ਸਮਝਣ ਅਤੇ ਸਫਲ ਕਰਨ ਲਈ ਗੁਰੂ ਤੋਂ ਮਿਲੀ 'ਦਿਬ ਦਿਝਸਟਿ' ਦੇ ਮਹੱਤਵ ਨੂੰ ਸਥਾਪਿਤ ਕਰਦੀ ਹੈ ।

**ਏ ਸਰੀਰਾ ਮੇਰਿਆ ਇਸੁ ਜਗ ਮਹਿ**
**ਆਇ ਕੈ ਕਿਆ ਤੁਧੁ ਕਰਮ ਕਮਾਇਆ**
(ਅੰਗ : 922)

ਮਨੁੱਖ ਦੀਆਂ ਅੱਖਾਂ ਅੱਗੇ ਭੋਗਵਾਦੀ ਮਾਨਸਿਕਤਾ, ਵੈਰ-ਵਿਰੋਧ, ਭੇਦ-ਭਾਵ ਦੇ ਪਏ ਪਰਦੇ ਕਾਰਨ ਪੈਦਾ ਹੋਇਆ ਅੰਧ (ਅਸਲੀਅਤ ਨਾ ਦੇਖ ਸਕਣ ਦੀ ਅਸਮਰੱਥਾ) ਤੋਂ ਪਾਰ ਪਾਉਣ ਲਈ ਸਤਿਗੁਰੂ ਦੀ ਸਿੱਖਿਆ ਅਤਿ ਜ਼ਰੂਰੀ ਹੈ:

**'ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ**
**ਸਤਿਗੁਰਿ ਮਿਲਿਐ ਦਿਬ ਦਿਝਸਟਿ ਹੋਈ**
(ਅੰਗ : 922)

ਗੁਰੂ ਅਮਰਦਾਸ ਜੀ ਨੇ ਮਨੁੱਖੀ ਮਾਨਸਿਕਤਾ ਦੀਆਂ ਸਮੱਸਿਆਵਾਂ ਨੂੰ ਸਮਝਿਆ । ਮਨ ਦੀ ਖ਼ੁਸ਼ੀ ਲਈ ਚੁਸਤੀਆਂ-ਚਲਾਕੀਆਂ ਅਤੇ ਵਿਲਾਸਤਾ ਵਿਚ ਗ੍ਰਸੇ ਮਨੁੱਖ ਨੂੰ ਸਦੀਵੀ ਅਨੰਦ ਦੀ ਪ੍ਰਾਪਤੀ ਦਾ ਭੇਦ ਦੱਸਿਆ ।ਸਦੀਵੀ ਅਨੰਦ ਦੀ ਪ੍ਰਾਪਤੀ ਦਾ ਆਧਾਰ ਗੁਰੂ ਪ੍ਰਤੀ ਸਨਮੁੱਖਤਾ ਅਤੇ ਅਕਾਲ ਪੁਰਖ ਦੀ ਪ੍ਰੇਮਾ ਭਗਤੀ 'ਚ ਵਿਆਪਕ ਹੈ ।ਅਨੰਦ ਸਾਹਿਬ ਅਨੁਸਾਰ ਭਗਤੀ ਇਕ ਰਸਮ ਨਹੀਂ ਜੀਵਨ ਜਾਚ ਨਾਲ ਸੰਬੰਧਿਤ ਹੈ . ਇਹ 'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐਸੁ' (ਅੰਗ : 918) ਦੀ ਅਵਸਥਾ ਹੈ । ਮਨੁੱਖ ਦੀ ਸਮੁੱਚੀ ਜ਼ਿੰਦਗੀ ਬੰਦਗੀ ਅਤੇ ਪਰਉਪਕਾਰ ਦੇ ਰਾਹ 'ਤੇ ਤੁਰਦੀ ਹੈ ।

ਅਨੰਦ ਸਾਹਿਬ ਨੇ 'ਭਗਤਾ ਕੀ ਚਾਲ ਨਿਰਾਲੀ' ਦਾ ਬਿੰਬ ਸਿਰਜ ਕੇ ਇਸ ਨੂੰ ਸੰਸਾਰਕ ਸੋਚ ਦੇ ਲਾਲਸਾ ਅਤੇ ਹੰਕਾਰ ਭਰੇ ਤੌਰ-ਤਰੀਕਿਆਂ ਤੋਂ ਨਿਖੇੜ ਕੇ ਇਸ ਦੀ ਮਹੱਤਤਾ ਨੂੰ ਸਥਾਪਿਤ ਕੀਤਾ ਹੈ . ਇਹ ਖੰਡੇ ਤੋਂ ਤਿੱਖੇ ਅਤੇ ਵਾਲ ਤੋਂ ਬਰੀਕ ਰਾਹ ਉੱਤੇ ਤੁਰਨ ਸਮਾਨ ਬੇਹੱਦ ਬਿਖਮ ਕਾਰਜ ਹੈ:

**ਚਾਲਾ ਨਿਰਾਲੀ ਭਗਤਾਹ ਕੇਰੀ**
**ਬਿਖਮ ਮਾਰਗਿ ਚਲਣਾਸੁ**
**ਲਬੁ ਲੋਭੁ ਅਹੰਕਾਰੁ ਤਜਿ**
**ਤਿਝਸਨਾ ਬਹੁਤੁ ਨਾਹੀ ਬੋਲਣਾ**
**ਖੰਨਿਅਹੁ ਤਿਖੀ ਵਾਲਹੁ**
**ਨਿਕੀ ਏਤੁ ਮਾਰਗਿ ਜਾਣਾ**
(ਅੰਗ : 918-19)

'ਭਗਤਾ ਕੀ ਚਾਲ ਨਿਰਾਲੀ' ਸੰਸਾਰ ਤੋਂ ਉਪਰਾਮਤਾ ਨਹੀਂ ਹੈ . ਇਹ ਸੰਸਾਰ ਦੇ ਵਿਕਾਰਾਂ ਤੋਂ ਉਪਰਾਮਤਾ ਹੈ ।ਸਿੱਖ ਧਰਮ ਸਮਾਜ ਤੇ ਸਮੁੱਚੀ ਮਾਨਵਤਾ ਪ੍ਰਤੀ ਜ਼ਿੰਮੇਵਾਰੀ ਦੇ ਅਹਿਸਾਸ ਨਾਲ ਭਰਿਆ ਹੋਇਆ ਹੈ । ਗੁਰੂ ਅਮਰਦਾਸ ਜੀ ਅਨੁਸਾਰ ਉਹ ਵਸਤੂਆਂ ਅਤੇ ਵਰਤਾਰੇ, ਜੋ ਅਕਾਲ ਪੁਰਖ ਦੀ ਯਾਦ ਵਿਸਾਰ ਦੇਣ ਦਾ ਕਾਰਨ ਬਣਦੇ ਹਨ, ਮਾਇਆ ਹਨ । ਜੋ ਜਗਿਆਸੂ ਸੰਸਾਰ 'ਚ ਰਹਿੰਦੇ ਹੋਏ ਵੀ ਅਕਾਲ ਪੁਰਖ ਦੀ ਪ੍ਰੀਤ ਵਿਚ ਰੰਗੇ ਹੋਏ ਹਨ ਅਤੇ ਮਨੁੱਖਤਾ ਦੀ ਸੇਵਾ ਦਾ ਜਜ਼ਬਾ ਪਾਲ ਕੇ ਮਨ ਦੇ ਕੋਨਿਆਂ ਨੂੰ ਰੌਸ਼ਨ ਕਰਦੇ ਹਨ, ਉਹ ਮਾਇਆ ਵਿਚ ਗਲਤਾਨ ਨਹੀਂ ਹੁੰਦੇ ।ਅਜਿਹੇ ਗੁਰਮੁਖ ਆਪਣੀ ਨਿਰਮਲਤਾ ਬਰਕਰਾਰ ਰੱਖਦੇ ਹਨ ਅਤੇ ਪ੍ਰਭੂ ਨੂੰ ਪ੍ਰਾਪਤ ਕਰ ਲੈਂਦੇ ਹਨ ।

ਅਨੰਦ ਸਾਹਿਬ ਸੰਸਾਰ ਨੂੰ ਮਾਇਆ ਜਾਂ ਝੂਠ ਸਮਝਣ ਦੀ ਥਾਂ ਹਰਿ ਦਾ ਰੂਪ ਸਮਝ ਕੇ ਸਵੀਕਾਰ ਕਰਦਾ ਹੈ:

**ਏਹੁ ਵਿਸੁ ਸੰਸਾਰੁ ਤੁਮ ਦੇਖਦੇ**
**ਏਹੁ ਹਰਿ ਕਾ ਰੂਪੁ ਹੈ**
**ਹਰਿ ਰੂਪੁ ਨਦਰੀ ਆਇਆ**
(ਅੰਗ : 922)

ਸੰਸਾਰ ਨੂੰ ਹਰਿ ਕਾ ਰੂਪ ਮੰਨ ਕੇ ਸੰਸਾਰ ਤੋਂ ਭੱਜਣ ਦੀ ਥਾਂ ਇਸ ਨੂੰ ਸੁੰਦਰ ਬਣਾਉਣਾ ਸਿੱਖ ਭਗਤੀ ਧਾਰਾ ਦਾ ਅਹਿਮ ਹਿੱਸਾ ਹੈ।ਸਿੱਖ ਲਈ ਸੰਸਾਰ 'ਚ ਸਭ ਤੋਂ ਕੀਮਤੀ ਵਡਮੁੱਲੇ ਰਤਨ ਸਮਾਨ ਗੁਰੂ ਦਾ ਸ਼ਬਦ ਹੈ । ਸਿੱਖ ਜਾਦੂ-ਟੂਣਿਆਂ, ਕਰਮ ਕਾਂਡਾਂ, ਸਰੀਰ ਨੂੰ ਕਸ਼ਟ ਦੇਣ ਵਾਲੀ ਤਪੱਸਿਆ ਦੀ ਥਾਂ 'ਦੂਖ ਰੋਗ ਸੰਤਾਪ' ਤੋਂ ਮੁਕਤੀ ਲਈ ਗੁਰੂ ਦੀ 'ਸਚੀ ਬਾਣੀ' ਦਾ ਓਟ-ਆਸਰਾ ਲੈਂਦਾ ਹੈ । ਅਨੰਦ ਸਾਹਿਬ ਅਕਾਲ ਪੁਰਖ ਦੇ 'ਸਮਰਥ ਸਆਮੀ' ਦਾ ਬਿੰਬ ਸਥਾਪਿਤ ਕਰਦੀ ਹੈ . ਸੱਚੇ ਸਾਹਿਬ ਦੇ ਘਰ 'ਚ ਸਭ ਕੁਝ ਮੌਜੂਦ ਹੈ । ਉਸ ਦਾ ਨਾਂਅ ਮਨੁੱਖ ਦੀਆਂ ਸਭ ਭੁੱਖਾਂ (ਤ੍ਰਿਸ਼ਨਾਵਾਂ) ਮਿਟਾ ਦਿੰਦਾ ਹੈ . ਮਨੁੱਖ ਦੇ ਅੰਦਰਲਾ ਮੋਹ ਅਨੰਦ ਵਿਚ ਸਭ ਤੋਂ ਵੱਡੀ ਰੁਕਾਵਟ ਹੈ . ਗੁਰੂ ਦਾ ਸ਼ਬਦ ਮੋਹ ਨੂੰ ਸੰਤੋਖ ਵਿਚ ਪਲਟ ਦਿੰਦਾ ਹੈ ।ਮਨ ਨੂੰ ਸ਼ਾਂਤੀ ਨਾਲ ਭਰਪੂਰ ਕਰਦਾ ਹੈ ।ਇਸ ਤਰ੍ਹਾਂ ਸਦੀਵੀ ਪਰਮ ਅਨੰਦ ਦਾ ਦਰਵਾਜ਼ਾ ਖੁੱਲ੍ਹਦਾ ਹੈ:

**ਅੰਦਰਹੁ ਜਿਨ ਕਾ ਮੋਹੁ ਤੁਟਾ**
**ਤਿਨ ਕਾ ਸਬਦੁ ਸਚੈ ਸਵਾਰਿਆ**
**ਕਹੈ ਨਾਨਕੁ ਏਹੁ ਅਨੰਦੁ ਹੈ**
**ਆਨੰਦੁ ਗੁਰ ਤੇ ਜਾਣਿਆ .**
(ਅੰਗ : 917)

ਅਨੰਦ ਸਾਹਿਬ ਅਨੁਸਾਰ ਭਗਤੀ ਦਾ ਸੰਬੰਧ ਸਰੀਰ ਦੀ ਬਾਹਰਲੀ ਸੁੱਚਤਾ ਤੱਕ ਸੀਮਤ ਨਹੀਂ ਹੈ । ਇਹ ਤਨ ਦੀ ਜਲ 'ਚ ਅਤੇ ਮਨ ਦੀ ਗੁਰਬਾਣੀ ਦੇ ਸਰੋਵਰ 'ਚ ਡੁਬਕੀ ਲਾ ਕੇ ਤਨ ਅਤੇ ਮਨ ਦੋਵਾਂ ਦੀ ਪਵਿੱਤਰਤਾ ਨਾਲ ਸੰਬੰਧਿਤ ਹੈ । ਤਨ ਅਤੇ ਮਨ ਦੀ ਪਾਵਨਤਾ ਭਾਵ ਚੰਗਾ ਸੋਚਣਾ ਅਤੇ ਚੰਗਾ ਕਰਨਾ ਅਨੰਦ ਪੈਦਾ ਕਰਦਾ ਹੈ:

**ਜੀਅਹੁ ਨਿਰਮਲ ਬਾਹਰਹੁ ਨਿਰਮਲ**
**ਬਾਹਰਹੁ ਤ ਨਿਰਮਲ ਜੀਅਹੁ**
**ਨਿਰਮਲ ਸਤਿਗੁਰ ਤੇ ਕਰਣੀ ਕਮਾਣੀ**
**ਕੂੜ ਕੀ ਸੋਇ ਪਹੁਚੈ ਨਾਹੀ**
**ਮਨਸਾ ਸਚਿ ਸਮਾਣੀ** (ਅੰਗ : 919)

ਜਗਿਆਸੂ ਭੁੱਲ ਕੇ ਵੀ ਭੈੜਾ ਕੰਮ ਨਹੀਂ ਕਰਦਾ, ਜਿਸ ਕਰਕੇ ਪਛਤਾਵਾ ਹੋਵੇ ।ਉਹ ਗੁਰੂ ਦੇ ਉਪਦੇਸ਼ ਅਨੁਸਾਰ ਅਮਲ ਕਰਦਿਆਂ ਸਦਾ ਸੱਚ ਨਾਲ ਇਕਸੁਰ ਵਡਭਾਗੀ ਹੁੰਦਾ ਹੈ:

**ਐਸਾ ਕੰਮੁ ਮੂਲੇ ਨ ਕੀਚੈ**
**ਜਿਤੁ ਅੰਤਿ ਪਛੋਤਾਈਐ**
**ਸਤਿਗੁਰੂ ਕਾ ਉਪਦੇਸੁ ਸੁਣਿ**
**ਤੂ ਹੋਵੈ ਤੇਰੈ ਨਾਲੇ**
**ਕਹੈ ਨਾਨਕੁ ਮਨ ਪਿਆਰੇ**
**ਤੂ ਸਦਾ ਸਚੁ ਸਮਾਲੇ**
(ਅੰਗ : 917)

ਅਨੰਦ ਸਾਹਿਬ ਦੀ ਬਾਣੀ ਕੱਚੀ ਅਤੇ ਸੱਚੀ ਬਾਣੀ ਦਾ ਸਪੱਸ਼ਟ ਨਿਖੇੜਾ ਕਰਦੀ ਹੈ । ਇਲਾਹੀ ਹੁਕਮ 'ਚ ਵਿਚਰ ਰਹੇ ਸਤਿਗੁਰੂ ਦੀ ਬਾਣੀ ਸੱਚੀ ਹੈ ਅਤੇ ਮਾਨਵਤਾ ਲਈ ਜੀਵਨ ਮੁਕਤੀ ਦਾ ਦਰਵਾਜ਼ਾ ਖੋਲ੍ਹਦੀ ਹੈ । ਕੱਚੀ ਬਾਣੀ ਮਾਰਗ ਦਰਸ਼ਨ ਕਰਨ ਦੇ ਸਮਰੱਥ ਨਹੀਂ ਇਹ ਭਰਮ ਅਤੇ ਭੇਖ ਨਾਲ ਜੋੜ ਕੇ ਮਾਨਵਤਾ ਦੀ ਅਧੋਗਤੀ ਦਾ ਕਾਰਨ ਬਣਦੀ ਹੈ ।ਸਤਿਗੁਰੂ ਕਿਸੇ ਵਿਸ਼ੇਸ਼ ਵਰਗ ਦੀ ਥਾਂ ਸਮੁੱਚੀ ਮਾਨਵਤਾ ਨੂੰ ਗਲੇ ਨਾਲ ਲਗਾਉਣ ਅਤੇ ਬਾਣੀ ਨਾਲ ਜੁੜਨ ਲਈ ਆਵਾਜ਼ ਮਾਰਦਾ ਹੈ:

**ਆਵਹੁ ਸਿਖ ਸਤਿਗੁਰੂ ਕੇ**
**ਪਿਆਰਿਹੋ ਗਾਵਹੁ ਸਚੀ ਬਾਣੀ**
(ਅੰਗ : 920)

ਅਨੰਦ ਸਾਹਿਬ ਤਨ ਮਨ ਧਨ ਦਾ ਪ੍ਰੇਮ ਸਮਰਪਣ ਹੈ ।ਸੰਸਾਰ ਨੂੰ ਹਰਿ ਕਾ ਰੂਪ ਸਮਝ ਕੇ ਸਨੇਹ ਨਾਲ ਦੇਖਣ ਅਤੇ ਸੁਚੱਜੇ ਢੰਗ ਨਾਲ ਵਿਵਹਾਰ ਕਰਨ ਦੀ ਜੁਗਤ ਹੈ । ਜ਼ਿੰਦਗੀ ਕੁਦਰਤ ਅਤੇ ਮਨੁੱਖਤਾ ਨਾਲ ਇਕਸੁਰਤਾ ਦਾ ਸਾਜ਼ ਬਣ ਜਾਂਦੀ ਹੈ ।ਅਨੰਦ ਜੀਵਨ ਨੂੰ ਭਗਤੀ, ਪਾਵਨਤਾ, ਪਰਉਪਕਾਰ ਅਤੇ ਪ੍ਰੇਮ ਨਾਲ ਸੰਗੀਤਮਈ ਬਣਾਉਣ ਦੀ ਅਵਸਥਾ ਹੈ, ਜਿਥੇ ਜੀਵਨ ਦੇ ਸਗਲ ਮਨੋਰਥ ਪੂਰੇ ਹੋਣ ਦਾ ਚਾਅ ਵਿਗਸਦਾ ਹੈ।

# ਸੁਰੱਖਿਅਤ ਜੀਵਨ ਦੀਆਂ ਧੀਆਂ ਵੀ ਹੱਕਦਾਰ ਨੇ!

ਧੀਆਂ ਦੇ ਸੁਰੱਖਿਅਤ ਜੀਵਨ ਅਤੇ ਉਨ੍ਹਾਂ ਦੇ ਬੁਨਿਆਦੀ ਹੱਕਾਂ ਦੀ ਪ੍ਰਾਪਤੀ ਹਿਤ ਸਾਡੇ ਦੇਸ਼ ਅੰਦਰ ਸੰਨ 2008 ਤੋਂ ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਵੱਲੋਂ ਕੌਮੀ ਬਾਲੜੀ ਦਿਵਸ ਮਨਾਇਆ ਜਾ ਰਿਹਾ ਹੈ, ਜੋ ਬੱਚੀਆਂ ਦੀ ਦਸ਼ਾ ਸੁਧਾਰਨ ਲਈ ਅਤੇ ਲੋਕਾਂ ਦੀ ਰੂੜ੍ਹੀਵਾਦੀ ਮਾਨਸਿਕਤਾ ਨੂੰ ਹਲੂਣਾ ਦੇਣ ਲਈ ਇੱਕ ਸਾਰਥਿਕ ਉਪਰਾਲਾ ਹੈ। ਸਰਕਾਰ ਸਮਾਜ ਦੇ ਸਹਿਯੋਗ ਨਾਲ ਭਰੂਣ ਹੱਤਿਆ, ਧੀਆਂ ਨੂੰ ਲਾਵਾਰਿਸ ਛੱਡਣ, ਬਾਲੜੀਆਂ ਨਾਲ ਜਬਰ ਜਨਾਹ, ਬਾਲ ਵਿਆਹ ਅਤੇ ਹੋਰ ਸਮਾਜਿਕ ਕੁਰੀਤੀਆਂ ਨੂੰ ਜੜ੍ਹੋਂ ਖਤਮ ਲਈ ਵਚਨਬੱਧ ਹੈ। ਇਸੇ ਲਈ ਹਰ ਵਰ੍ਹੇ ਸਾਡੇ ਮੁਲਕ ਅੰਦਰ ਇਹ ਦਿਵਸ ਮਨਾਇਆ ਜਾਂਦਾ ਹੈ।

ਲੁਧਿਆਣਾ ਵਿੱਚ ਇੱਕ ਨਵਜੰਮੀ ਬੱਚੀ ਕੂੜੇ ਦੇ ਢੇਰ ਵਿੱਚ ਮਿਲਣ ਕਾਰਨ ਸ਼ਹਿਰ ਅਤੇ ਮੀਡੀਆ ਵਿੱਚ ਹਲਚਲ ਹੋਈ ਸੀ। ਬੱਚੀ ਦੇ ਮਾਪਿਆਂ ਨੇ ਉਸ ਨੂੰ ਧੀ ਹੋਣ ਕਾਰਨ ਲਾਵਾਰਿਸ ਛੱਡ ਦਿੱਤਾ ਸੀ। ਪਤਾ ਨਹੀਂ ਅਜਿਹੀ ਕਿਹੜੀ ਮਜਬੂਰੀ ਸੀ ਜਿਸ ਕਾਰਨ ਉਸਦੇ ਨਿਰਦਈ ਮਾਪਿਆਂ ਨੇ ਅਜਿਹੇ ਘਿਨਾਉਣੇ ਕਾਰੇ ਨੂੰ ਅੰਜਾਮ ਦਿੱਤਾ। ਪੂਰੀ ਯੋਜਨਾ ਨਾਲ ਇਹ ਕੰਮ ਕੀਤਾ ਗਿਆ ਸੀ ਤੇ ਬੱਚੀ ਦੇ ਬਚਣ ਦੀ ਕੋਈ ਉਮੀਦ ਨਹੀਂ ਸੀ ਪਰ ਇੱਕ ਭਲੇ ਪੁਰਸ਼ ਨੇ ਉਸਦੀ ਚੀਕ ਸੁਣੀ ਅਤੇ ਇਸਦੀ ਇਤਲਾਹ ਪੁਲਿਸ ਨੂੰ ਦਿੱਤੀ। ਕੂੜੇ ਦੇ ਢੇਰ ਵਿੱਚੋਂ ਬੱਚੀ ਨੂੰ ਕੱਢ ਕੇ ਹਸਪਤਾਲ ਪਹੁੰਚਾਇਆ ਗਿਆ। ਸਮੇਂ ਸਿਰ ਇਲਾਜ ਹੋ ਜਾਣ ਕਾਰਨ ਉਸ ਬੱਚੀ ਦੀ ਜਾਨ ਬਚ ਗਈ ਪਰ ਇਹ ਘਟਨਾ ਸਮਾਜ ਅਤੇ ਬੁੱਧੀਜੀਵੀਆਂ ਨੂੰ ਬਹੁਤ ਵੱਡੇ ਸਵਾਲ ਵੀ ਖੜ੍ਹੇ ਕਰ ਗਈ। ਅਗਰ ਇਹੀ ਬੱਚਾ ਲੜਕਾ ਹੁੰਦਾ ਤਾਂ ਸ਼ਾਇਦ ਉਹ ਮਾਪੇ ਉਸ ਨੂੰ ਕੂੜੇ ਦੇ ਢੇਰ ਵਿੱਚ ਇਸ ਤਰ੍ਹਾਂ ਲਾਵਾਰਿਸ ਛੱਡ ਕੇ ਨਾ ਜਾਂਦੇ। ਧੀ ਹੋਣ ਕਾਰਨ ਉਸ ਨੂੰ ਇੰਨੀ ਵੱਡੀ ਸਜ਼ਾ ਦਿੱਤੀ ਗਈ ਜਿਸ ਵਿੱਚ ਉਸਦਾ ਕੋਈ ਕਸੂਰ ਨਹੀਂ ਸੀ। ਕੀ ਪਤਾ ਉਹ ਕਲਪਨਾ ਚਾਵਲਾ, ਮਦਰ ਟੈਰੇਸਾ ਬਣੇਗੀ ਜਾਂ ਕਿਸੇ ਸੂਰਬੀਰ ਯੋਧੇ ਨੂੰ ਜਨਮ ਦੇਵੇਗੀ। ਹਰ ਰੋਜ਼ ਵਾਪਰਦੀਆਂ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਵਾਪਰਦੀਆਂ ਹਨ। ਕਿਧਰੇ ਧੀ ਕੁੱਤਿਆਂ ਸੂਰਾਂ ਦਾ ਖਾਣਾ ਬਣੀ ਮਿਲਦੀ ਹੈ ਅਤੇ ਕਿਤੇ ਕੂੜੇ ਢੇਰ ਜਾਂ ਝਾੜੀਆਂ ਵਿੱਚ ਫਸੀ ਮਿਲਦੀ ਹੈ। ਬੇਗਾਨਿਆਂ ਤੋਂ ਧੀਆਂ ਦੀ ਸੁਰੱਖਿਆ ਦੀ ਆਸ ਕਿਸ ਤਰ੍ਹਾਂ ਕੀਤੀ ਜਾਵੇ ਜਦ ਆਪਣੇ ਹੀ ਆਪਣੇ ਖੂਨ ਨੂੰ ਇਸ ਤਰ੍ਹਾਂ ਰੋਲਣ ਲੱਗੇ ਹਨ। ਅਜੋਕੇ ਮਨੁੱਖ ਦੀ ਸੋਚ ਨੂੰ ਕੀ ਹੋ ਗਿਆ ਹੈ ਜੋ ਆਪਣੇ ਬਿਗਾਨੇ ਦੀ ਪਰਖ ਕਰਨਾ ਭੁੱਲ ਗਈ ਹੈ। ਇਹ ਮੰਨਿਆ ਜਾਂਦਾ ਹੈ ਕਿ ਨਾਗਿਨ ਆਪਣੇ ਬੱਚਿਆਂ ਨੂੰ ਵੀ ਖਾ ਜਾਂਦੀ ਹੈ ਪਰ ਅਜੋਕਾ ਮਨੁੱਖ ਵੀ ਉਸੇ ਰਾਹ 'ਤੇ ਨਿੱਕਲ ਪਿਆ ਹੈ। ਅਜਿਹੀਆਂ ਰਿਪੋਰਟਾਂ ਤਸਵੀਰਾਂ ਸਮੇਤ ਸੋਸ਼ਲ ਮੀਡੀਆ 'ਤੇ ਨਸ਼ਰ ਹੋਈਆਂ ਹਨ ਕਿ ਬਹੁਤੇ ਦੇਸ਼ਾਂ ਵਿੱਚ ਮਨੁੱਖੀ ਭਰੂਣ ਨੂੰ ਭੋਜਨ ਦੇ ਤੌਰ 'ਤੇ ਖਾਧਾ ਜਾਣ ਲੱਗਾ ਹੈ। ਲੋਕ ਚਟਕਾਰੇ ਲੈਕੇ ਖਾਂਦੇ ਦਿਖਾਏ ਹਨ ਜੋ ਨਾਗਿਨ ਦਾ ਰੂਪ ਜਾਪਦੇ ਹਨ। ਇਹ ਕਿਹੋ ਜਿਹੀ ਆਧੁਨਿਕਤਾ ਹੈ ਜਿਸ ਨੇ ਇਨਸਾਨ ਨੂੰ ਸ਼ੈਤਾਨ ਬਣਾ ਕੇ ਰੱਖ ਦਿੱਤਾ। ਅਜਿਹੇ ਲੋਕ ਇਨਸਾਨੀਅਤ ਦੇ ਨਾਂਅ ਉੱਪਰ ਕਲੰਕ ਹਨ ਤੇ ਮਨੁੱਖਤਾ ਦਾ ਮੂੰਹ ਚਿੜਾਉਂਦੇ ਹਨ।

ਮਹਾਰਾਜਾ ਰਣਜੀਤ ਸਿੰਘ ਦਾ ਨਾਂਅ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ ਹੈ। ਉਹ ਹਰ ਵਰਗ ਦਾ ਹਰਮਨ ਪਿਆਰਾ ਰਾਜਾ ਹੋਇਆ ਹੈ। ਉਸਦੇ ਰਾਜ ਵਿੱਚ ਸਾਰੇ ਲੋਕ ਖੁਸ਼ਹਾਲ ਸਨ ਤੇ ਦੀਨ ਦੁਖੀਆਂ ਦੀ ਪੁਕਾਰ ਉਹ ਵਿਸ਼ੇਸ਼ ਤੌਰ 'ਤੇ ਸੁਣਦਾ ਸੀ। ਉਸਦੀ ਮਾਤਾ ਰਾਜ ਕੌਰ ਪੰਜਾਬ ਦੇ ਮਾਲਵੇ ਇਲਾਕੇ ਦੀ ਜੰਮਪਲ ਸੀ ਜਿਸ ਕਰਕੇ ਇਤਿਹਾਸ ਵਿੱਚ ਉਸ ਨੂੰ ਮਾਈ ਮਲਵੈਣ ਕਹਿਕੇ ਸੱਦਿਆ ਜਾਂਦਾ ਹੈ। ਉਸ ਸਮੇਂ ਨਵਜੰਮੀ ਧੀਆਂ ਨੂੰ ਮਾਰਨ ਦਾ ਆਮ ਰਿਵਾਜ ਸੀ। ਜ਼ਿਆਦਾ ਅਫੀਮ ਖਵਾਕੇ, ਪਾਣੀ ਵਿੱਚ ਡੋਬ ਕੇ ਮਾਰ ਦਿੱਤਾ ਜਾਂਦਾ ਸੀ ਜਾਂ ਘੜੇ ਵਿੱਚ ਪਾ ਕੇ ਧਰਤੀ ਵਿੱਚ ਦੱਬ ਦਿੱਤਾ ਜਾਂਦਾ ਸੀ। ਜਦੋਂ ਰਾਜ ਕੌਰ ਦਾ ਜਨਮ ਹੋਇਆ ਤਾਂ ਰਿਵਾਜ ਅਨੁਸਾਰ ਉਸਦੇ ਪਰਿਵਾਰ ਨੇ ਵੀ ਉਸ ਨੂੰ ਮਾਰਨ ਦੀ ਤਰਕੀਬ ਸੋਚੀ। ਉਸ ਨੂੰ ਵੀ ਘੜੇ ਵਿੱਚ ਪਾ ਕੇ ਧਰਤੀ ਵਿੱਚ ਜਦ ਦੱਬਣ ਲੱਗੇ ਤਾਂ ਅਚਨਚੇਤ ਬਾਹਰੋਂ ਆ ਕੇ ਕਿਸੇ ਪਰਿਵਾਰਕ ਮੈਂਬਰ ਨੇ ਉਸ ਬੱਚੀ ਨੂੰ ਘੜੇ ਵਿੱਚੋਂ ਬਾਹਰ ਕੱਢਿਆ ਤੇ ਸਾਰਿਆਂ ਨੂੰ ਬਹੁਤ ਲਾਹਨਤਾਂ ਪਾਈਆਂ। ਉਹ ਬੱਚੀ ਬਚ ਗਈ ਤੇ ਰਾਜ ਕੌਰ ਬਣ ਗਈ ਜਿਸਨੇ ਮਹਾਰਾਜਾ ਰਣਜੀਤ ਸਿੰਘ ਨੂੰ ਜਨਮ ਦਿੱਤਾ ਜੋ ਦੁਨੀਆਂ ਦੇ ਇਤਿਹਾਸ ਵਿੱਚ ਵੱਖਰੀ ਪਹਿਚਾਣ ਰੱਖਦੇ ਹਨ। ਜੇਕਰ ਉਸ ਸਮੇਂ ਰਾਜ ਕੌਰ ਨੂੰ ਮਾਰ ਦਿੱਤਾ ਜਾਂਦਾ ਤਾਂ ਕੀ ਅਜਿਹਾ ਮਹਾਨ ਰਾਜਾ ਪੈਦਾ ਹੁੰਦਾ। ਇਸੇ ਤਰ੍ਹਾਂ ਪਤਾ ਨਹੀਂ ਸਾਡੀ ਕਿਹੜੀ ਬੱਚੀ ਮਾਂ ਬਣਕੇ ਮਹਾਰਾਣਾ ਪ੍ਰਤਾਪ, ਸ. ਭਗਤ ਸਿੰਘ, ਡਾ. ਕਲਾਮ ਵਰਗੇ ਯੁਗ ਬਦਲੂ ਮਹਾਨ ਲੋਕਾਂ ਨੂੰ ਜਨਮ ਦੇਵੇ। ਸੋਚਣ ਦੀ ਹੀ ਗੱਲ ਹੈ ਅਗਰ ਮਹਾਨ ਲੋਕਾਂ ਦੀਆਂ ਮਾਵਾਂ ਨੂੰ ਜੰਮਣ ਸਾਰ ਮਾਰ ਦਿੱਤਾ ਜਾਂਦਾ ਤਾਂ ਮਹਾਨਤਾ ਦੀ ਮਿਸਾਲ ਕਿਸਨੇ ਬਣਨਾ ਸੀ। ਇਹੀ ਗੱਲ ਅਸੀਂ ਆਪਣੇ ਆਪ 'ਤੇ ਵੀ ਲਗਾਕੇ ਦੇਖ ਸਕਦੇ ਹਾਂ ਸਾਡੀਆਂ ਮਾਵਾਂ ਤੋਂ ਬਿਨਾਂ ਸਾਡਾ ਕੋਈ ਵਜੂਦ ਨਹੀਂ ਹੋਣਾ ਸੀ।



ਧੀਆਂ ਮਾਰਨ ਦੀ ਮੰਦਭਾਗੀ ਰੀਤ ਪ੍ਰਾਚੀਨ ਕਾਲ ਤੋਂ ਪ੍ਰਚਲਿਤ ਹੈ। ਗੁਰੂਆਂ ਪੀਰਾਂ ਤੇ ਸਮਾਜ ਸੁਧਾਰਕਾਂ ਨੇ ਸਮੇਂ ਸਮੇਂ 'ਤੇ ਇਸਦੇ ਖਿਲਾਫ ਅਵਾਜ਼ ਬੁਲੰਦ ਕੀਤੀ ਹੈ। ਸਿੱਖ ਰਹਿਤਨਾਮਿਆਂ ਵਿੱਚ ਗੁਰੂ ਸਾਹਿਬਾਨ ਵੱਲੋਂ ਕੁੜੀਮਾਰ ਨਾਲ ਵਰਤਣ ਦੀ ਸਖਤ ਮਨਾਹੀ ਹੈ। ਉਸ ਸਮੇਂ ਜੰਮਦੀ ਕੁੜੀ ਨੂੰ ਮਾਰਿਆ ਜਾਂਦਾ ਸੀ ਪਰ ਅਜੋਕੇ ਸਮੇਂ ਅੰਦਰ ਵਿਗਿਆਨ ਦੀ ਕਾਢ ਅਲਟਰਾਸਾਊਂਡ ਜੋ ਮਨੁੱਖੀ ਭਲੇ ਕੀਤੀ ਗਈ ਸੀ ਇਸਦਾ ਗਲਤ ਪ੍ਰਯੋਗ ਮਰੀ ਜ਼ਮੀਰ ਵਾਲੇ ਲੋਕਾਂ ਵੱਲੋਂ ਕੀਤਾ ਜਾਂਦਾ ਹੈ। ਸੰਨ 1979 ਵਿੱਚ ਅਲਟਰਾਸਾਊਂਡ ਦੀ ਆਮਦ ਦੇਸ਼ ਵਿੱਚ ਹੋਈ ਸੀ ਅਤੇ ਸੰਨ 1990 ਵਿੱਚ ਬੱਚੇ ਦੇ ਲਿੰਗ ਨਿਰਧਾਰਨ ਜਾਂਚ ਸ਼ੁਰੂ ਹੋ ਕੇ ਸਿਖਰ 'ਤੇ ਪਹੁੰਚ ਗਈ ਸੀ। ਗਰਭ ਵਿੱਚ ਪਲ ਰਹੇ ਬੱਚੇ ਦਾ ਲਿੰਗ ਅਸਾਨੀ ਨਾਲ ਪਤਾ ਲੱਗ ਜਾਂਦਾ ਹੈ ਤੇ ਬੱਚੀ ਹੋਣ ਦੀ ਸੂਰਤ ਵਿੱਚ ਉਸ ਨੂੰ ਗਰਭ ਵਿੱਚ ਹੀ ਮਾਰਿਆ ਜਾਂਦਾ ਹੈ ਜਾਂ ਫਿਰ ਧੀ ਕੂੜੇ ਦੇ ਢੇਰਾਂ ਜਾਂ ਝਾੜੀਆਂ ਵਿੱਚ ਜ਼ਿੰਦਗੀ ਮੌਤ

**ਲੇਖਕ : ਡਾ. ਗੁਰਤੇਜ ਸਿੰਘ**

ਦੀ ਲੜਾਈ ਲੜਦੀ ਹੋਈ ਮਿਲਦੀ ਹੈ। ਸੰਸਾਰ ਵਿੱਚ ਭਰੂਣ ਹੱਤਿਆ ਅੱਜ ਭਿਆਨਕ ਰੂਪ ਧਾਰਨ ਕਰ ਚੁੱਕੀ ਹੈ। ਪੜ੍ਹੇ ਲਿਖੇ ਅਗਾਂਹਵਧੂ ਕਹਾਉਂਦੇ ਲੋਕ ਇਸ ਸ਼ਰਮਨਾਕ ਕਾਰੇ ਨੂੰ ਸਰੇਆਮ ਅੰਜਾਮ ਦੇ ਰਹੇ ਹਨ।

ਦੇਸ਼ ਪੱਧਰ 'ਤੇ ਸੰਨ 1901 ਵਿੱਚ ਪੁਰਸ਼ ਔਰਤ ਅਨੁਪਾਤ 1000:972 ਸੀ ਜੋ ਲਗਾਤਾਰ ਡਿਗਦਾ ਜਾ ਰਿਹਾ ਹੈ। ਸੌ ਸਾਲ ਬਾਅਦ ਭਾਵ ਸੰਨ 2001 ਇਹ ਅਨੁਪਾਤ 1000:933 ਰਹਿ ਗਿਆ ਹੈ। ਸੰਨ 2011 ਦੀ ਜਨਗਣਨਾ ਅਨੁਸਾਰ ਦੇਸ਼ ਪੱਧਰ 'ਤੇ 1000:940 ਅਨੁਪਾਤ ਪਾਇਆ ਗਿਆ ਹੈ। ਇਸ ਤਰ੍ਹਾਂ ਦੇਸ਼ ਵਿੱਚ 3.7 ਕਰੋੜ ਔਰਤਾਂ ਦੀ ਘਾਟ ਹੈ। ਪੰਜਾਬ ਅਤੇ ਹਰਿਆਣਾ ਵਿੱਚ ਇਹ ਅਨੁਪਾਤ ਕ੍ਰਮਵਾਰ 1000:846 ਅਤੇ 1000:830 ਹੈ। ਹਰਿਆਣਾ ਦੇ ਇੱਕ ਸੰਪਰਦਾਇ ਦੇ ਲੜਕਿਆਂ ਨੂੰ ਵਿਆਹ ਲਈ ਕੁੜੀ ਨਹੀਂ ਮਿਲ ਰਹੀ ਤੇ ਦੂਜੇ ਸੂਬਿਆਂ ਵਿੱਚ ਲੜਕੀਆਂ ਲਈ ਪਹੁੰਚ ਕਰਨੀ ਪੈ ਰਹੀ ਹੈ।

ਪੰਜਾਬ ਵਿੱਚ ਪਿਛਲੇ ਦਸ ਸਾਲਾਂ ਦੌਰਾਨ 781 ਬੱਚੀਆਂ ਲਾਪਤਾ ਹੋਈਆਂ ਹਨ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਤਿੰਨ ਸਾਲਾਂ ਦੇ ਅੰਕੜਿਆਂ ਅਨੁਸਾਰ ਦੇਸ਼ ਅੰਦਰ ਸੰਨ 2012 ਵਿੱਚ 76493, ਸੰਨ 2013 ਵਿੱਚ 77721 ਅਤੇ ਸੰਨ 2014 ਵਿੱਚ 73549 ਬੱਚਿਆਂ ਦੇ ਗੁੰਮ ਹੋਣ ਦੀ ਰਿਪੋਰਟ ਹੈ। ਪੁਲਿਸ ਅਜੇ ਵੀ ਇਹ ਪਤਾ ਲਗਾਉਣ ਵਿੱਚ ਅਸਮਰੱਥ ਹੈ ਕਿ ਆਖਿਰ ਇੰਨੀ ਵੱਡੀ ਗਿਣਤੀ ਵਿੱਚ ਗੁੰਮ ਹੋਏ ਬੱਚੇ ਕਿੱਥੇ ਹਨ। ਇੱਥੇ ਪੁਲਿਸ ਪ੍ਰਸ਼ਾਸਨ ਦਾ ਨਾਕਾਰਤਮਿਕ ਰਵੱਈਆ ਜੱਗ ਜ਼ਾਹਿਰ ਹੋਇਆ ਹੈ। ਸਿਰਫ ਅਮੀਰ ਘਰਾਂ ਦੇ ਬੱਚਿਆਂ ਦੇ ਮਾਮਲੇ ਵਿੱਚ ਹੀ ਮੁਸਤੈਦੀ ਦਿਖਾਈ ਜਾਂਦੀ ਹੈ। ਬਚਪਨ ਬਚਾਉ ਅੰਦੋਲਨ ਸੰਸਥਾ ਅਨੁਸਾਰ 50 ਫੀਸਦੀ ਗੁੰਮ ਬੱਚਿਆਂ ਦੀ ਰਿਪੋਰਟ ਹੀ ਕੌਮੀ ਅਪਰਾਧ ਰਿਕਾਰਡ ਬਿਊਰੋ ਕੋਲ ਪੁੱਜੀ ਹੈ। ਇੱਕ ਗੈਰ ਸਰਕਾਰੀ ਸੰਸਥਾ ਦੇ ਅਨੁਮਾਨ ਅਨੁਸਾਰ ਦੇਸ਼ ਅੰਦਰ ਵੱਖ ਵੱਖ ਥਾਂਵਾਂ 'ਤੇ ਹਰ ਰੋਜ਼ 271 ਬੱਚੇ ਲਾਵਾਰਸ ਛੱਡੇ ਜਾਂਦੇ ਹਨ ਜਿਨ੍ਹਾਂ ਵਿੱਚੋਂ 90 ਫੀਸਦੀ ਕੁੜੀਆਂ ਹੁੰਦੀਆਂ ਹਨ। ਲਾਵਾਰਿਸ ਥਾਂਵਾਂ ਤੋਂ ਚੁੱਕ ਕੇ ਇਨ੍ਹਾਂ ਨੂੰ ਅਨਾਥ ਆਸ਼ਰਮਾਂ ਵਿੱਚ ਪਹੁੰਚਾ ਦਿੱਤਾ ਜਾਂਦਾ ਹੈ। ਇਹ ਬੱਚੇ ਜ਼ਿਆਦਾਤਰ ਅਨਾਥ ਆਸ਼ਰਮਾਂ ਵਿੱਚ ਨਰਕਮਈ ਜ਼ਿੰਦਗੀ ਜਿਊਂਦੇ ਹਨ। ਉੱਥੇ ਤਾਇਨਾਤ ਵਾਰਡਨ ਜਾਂ ਹੋਰ ਅਮਲਾ ਇਨ੍ਹਾਂ ਨਾਲ ਜਾਨਵਰਾਂ ਵਰਗਾ ਸਲੂਕ ਕਰਦਾ ਹੈ। ਛੋਟੀਆਂ ਛੋਟੀਆਂ ਬੱਚੀਆਂ ਦਾ ਜਿਸਮਾਨੀ ਸ਼ੋਸ਼ਣ ਤਕ ਕੀਤਾ ਜਾਂਦਾ ਹੈ। ਮੀਡੀਆ ਨੇ ਅਜਿਹੇ ਅਣਗਿਣਤ ਕੇਸਾਂ ਦਾ ਖੁਲਾਸਾ ਕੀਤਾ ਹੈ।

ਲਗਭਗ ਦੋ ਦਹਾਕੇ ਪਹਿਲਾਂ ਬਰਨਾਲਾ ਜ਼ਿਲ੍ਹੇ ਦੇ ਪਿੰਡ ਮਹਿਲ ਕਲਾਂ ਵਿੱਚ ਉਸੇ ਪਿੰਡ ਦੇ ਰਸੂਖਦਾਰਾਂ ਨੇ ਸਕੂਲ ਪੜ੍ਹਦੀ ਕੁੜੀ ਨਾਲ ਜਬਰ ਜਿਨਾਹ ਕੀਤਾ ਸੀ ਤੇ ਲਾਸ਼ ਨੂੰ ਧਰਤੀ ਵਿੱਚ ਦੱਬ ਦਿੱਤਾ ਸੀ। ਪ੍ਰਸ਼ਾਸਨ ਨੇ ਉਸ ਸਮੇਂ ਸਾਰਾ ਜ਼ੋਰ ਦੋਸ਼ੀਆਂ ਨੂੰ ਬਚਾਉਣ ਲਈ ਲਗਾ ਦਿੱਤਾ ਸੀ। ਆਖਿਰ ਲੋਕ ਰੋਹ ਜਾਗਿਆ। ਐਕਸ਼ਨ ਕਮੇਟੀ ਦੇ ਨਾਲ ਲੋਕਾਈ ਹੋ ਤੁਰੀ ਤਾਂ ਜਾ ਕੇ ਲੰਮੇ ਸਮੇਂ ਬਾਅਦ ਦੋਸ਼ੀਆਂ ਨੂੰ ਸਜ਼ਾਵਾਂ ਹੋਈਆਂ ਸਨ ਪਰ ਉੱਚੀ ਰਾਜਨੀਤਕ ਪਹੁੰਚ ਕਾਰਨ ਐਕਸ਼ਨ ਕਮੇਟੀ ਦੇ ਆਗੂਆਂ ਨੂੰ ਝੂਠੇ ਮਾਮਲਿਆਂ ਵਿੱਚ ਫਸਾਇਆ ਗਿਆ ਸੀ। ਇਸ ਕੇਸ ਵਿੱਚ ਲੋਕ ਆਗੂ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਵਾਉਣ ਲਈ ਲੋਕ ਰੋਹ ਸੰਘਰਸ਼ ਦੇ ਰਾਹ 'ਤੇ ਸੀ ਸੰਨ 2019 ਵਿੱਚ ਕਿਤੇ ਜਾ ਕੇ ਉਸਦੀ ਸਜ਼ਾ ਰੱਦ ਹੋਈ।

ਯੂਨੀਸੈੱਫ ਦੀ ਤਾਜ਼ਾ ਰਿਪੋਰਟ ਅਨੁਸਾਰ ਭਾਰਤ ਵਿੱਚ 43 ਫ਼ੀਸਦੀ ਲੜਕੀਆਂ 19 ਸਾਲ ਦੀ ਉਮਰ ਤੋਂ ਪਹਿਲਾਂ ਹੀ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋ ਜਾਂਦੀਆਂ ਹਨ। 20 ਸਾਲ ਉਮਰ ਦੀਆਂ 10 ਲੜਕੀਆਂ ਵਿੱਚੋਂ ਇੱਕ ਨੂੰ ਜਿਸਮ ਨੁਚਵਾਉਣ ਲਈ ਮਜਬੂਰ ਤਕ ਕੀਤਾ ਜਾਂਦਾ ਹੈ। ਦੇਸ਼ ਦੀ ਰਾਜਧਾਨੀ ਦਿੱਲੀ, ਬੱਚਿਆਂ ਦੇ ਬੰਧੂਆ ਜਾਂ ਦੇਹ ਵਪਾਰ ਵਿੱਚ ਦੇਸ਼ ਵਿੱਚ ਪਹਿਲੇ ਸਥਾਨ 'ਤੇ ਹੈ। ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ ਸੰਨ 2014 ਵਿੱਚ ਬੱਚਿਆਂ ਪ੍ਰਤੀ 90 ਹਜ਼ਾਰ ਜੁਰਮਾਂ ਦੇ ਕੇਸ ਰਿਕਾਰਡ ਹੋਏ ਸਨ, ਜਿਨ੍ਹਾਂ ਵਿੱਚੋਂ 37 ਹਜ਼ਾਰ ਅਗਵਾ ਅਤੇ 14 ਹਜ਼ਾਰ ਦੁਸ਼ਕਰਮ ਦੇ ਕੇਸ ਸਨ। ਬੱਚਿਆਂ 'ਤੇ ਹੁੰਦੇ ਜ਼ੁਲਮਾਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ 50 ਫੀਸਦੀ ਵਾਧਾ ਹੋਇਆ ਹੈ।

ਧੀਆਂ ਦੀ ਸੁਰੱਖਿਆ ਲਈ ਲੋਕਾਂ ਨੂੰ ਖੁਦ ਅੱਗੇ ਆਉਣਾ ਪਵੇਗਾ। ਲੋਕਾਂ ਨੂੰ ਜਾਗਰੂਕ ਕਰਨ ਦੀ ਬਹੁਤ ਲੋੜ ਹੈ, ਪੜ੍ਹੇ ਲਿਖੇ ਅਨਪੜ੍ਹਾਂ ਨੂੰ ਜਗਾਉਣ ਦੀ ਅਹਿਮ ਜ਼ਰੂਰਤ ਹੈ। ਇਹ ਹੈਰਾਨੀਜਨਕ ਤੱਥ ਹੈ ਕਿ ਕੁੜੀ ਮਾਰਨ ਅਤੇ ਧੀ ਨੂੰ ਲਾਵਾਰਿਸ ਛੱਡਣ ਵਿੱਚ ਸਾਰੇ ਪੜ੍ਹੇ ਲਿਖੇ ਲੋਕ ਸ਼ਾਮਿਲ ਹਨ। ਸਮਾਜ ਅੰਦਰ ਅਜਿਹਾ ਮਾਹੌਲ ਸਿਰਜਣ ਦੀ ਲੋੜ ਹੈ ਤਾਂ ਜੋ ਧੀਆਂ ਉੱਪਰ ਹੁੰਦੇ ਜ਼ੁਲਮਾਂ ਦਾ ਅੰਤ ਹੋ ਸਕੇ। ਲੋਕੋ ਹੁਣ ਤਾਂ ਆਪਣੀ ਸੋਚ ਬਦਲੋ! ਦੁਨੀਆਂ ਚੰਦ 'ਤੇ ਪਹੁੰਚ ਗਈ ਤੇ ਅਸੀਂ ਅਜੇ ਵੀ ਰੂੜ੍ਹੀਵਾਦੀ ਖਿਆਲਾਂ ਵਿੱਚ ਉਲਝੇ ਹੋਏ ਹਾਂ। ਹੋਰ ਦੀ ਧੀ ਦੀ ਸੁਰੱਖਿਆ ਨਹੀਂ ਕਰ ਸਕਦੇ ਘੱਟੋ ਘੱਟ ਆਪਣੀ ਬੱਚੀ ਨੂੰ ਸੁਰੱਖਿਤ ਜਿਊਣ ਦਾ ਹੱਕ ਤਾਂ ਜ਼ਰੂਰ ਦਿਉ ਅਤੇ ਉਸ ਬੱਚੀ ਦੇ ਹਰ ਦਿਲ ਨੂੰ ਝੰਜੋੜਨ ਵਾਲੇ ਇਹ ਅਲਫਾਜ਼ "ਧੀ ਨਾਂ ਮੈਨੂੰ ਜਾਣੀ ਬਾਬਲਾ ਬਣ ਪੁੱਤ ਮੈਂ ਵੰਡਾਊਂ ਦੁੱਖ ਤੇਰੇ" ਸੁਣਨ ਦੀ ਜੁਰਅਤ ਜੁਟਾਈਏ।



# ਹਨੇਰੇ ਤੋਂ ਬਾਅਦ ਚਾਨਣ

ਕਰਨ ਦੇ ਪਾਪਾ ਸ਼ਿਵ ਇੱਕ ਫੈਕਟਰੀ ਵਿੱਚ ਕੰਮ ਕਰਦੇ ਸਨ। ਉਹ ਦੇਰ ਰਾਤ ਨੂੰ ਘਰ ਆਉਂਦੇ ਤਾਂ ਨਸ਼ੇ ਦੀ ਹਾਲਤ ਵਿੱਚ ਹੁੰਦੇ ਸਨ। ਸ਼ਰਾਬ ਪੀ ਕੇ ਘਰ ਆਉਣਾ ਸ਼ਿਵ ਦਾ ਰੋਜ਼ਾਨਾ ਦਾ ਕੰਮ ਸੀ। ਉਹ ਆਪਣੀ ਜ਼ਿਆਦਾਤਰ ਕਮਾਈ ਦਾ ਹਿੱਸਾ ਸ਼ਰਾਬ ਵਿੱਚ ਹੀ ਖ਼ਰਚ ਕਰਦਾ ਸੀ। ਜਿਸ ਕਾਰਨ ਘਰ ਦੇ ਖ਼ਰਚੇ ਪੂਰੇ ਨਹੀਂ ਪੈਂਦੇ ਸਨ। ਘਰ ਵਿੱਚ ਇਸ ਕਰਕੇ ਅਕਸਰ ਕਲੇਸ਼ ਰਹਿੰਦਾ ਸੀ। ਪੂਰਾ ਪਰਿਵਾਰ ਸ਼ਿਵ ਦੀ ਇਸ ਆਦਤ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਦਾ ਸੀ। ਪਰ ਸ਼ਿਵ ਨੂੰ ਕਿਸੇ ਦੀ ਕੋਈ ਪਰਵਾਹ ਨਹੀਂ ਸੀ। ਉਸ ਨੂੰ ਸਭ ਨੇ ਸਮਝਾ ਕੇ ਦੇਖ ਲਿਆ ਸੀ ਕਿ ਨਸ਼ੇ ਕਰਨਾ ਸਿਹਤ ਲਈ ਹੀ ਨਹੀਂ ਪਰਿਵਾਰਕ ਖ਼ੁਸ਼ੀਆਂ ਲਈ ਵੀ ਹਾਨੀਕਾਰਕ ਹੈ।

ਇੱਕ ਸ਼ਾਮ ਕਰਨ ਘਰ ਨਾ ਆਇਆ। ਪੂਰਾ ਪਰਿਵਾਰ ਪਰੇਸ਼ਾਨ ਸੀ। ਸ਼ਿਵ ਨੂੰ ਫੋਨ ਕੀਤਾ ਤਾਂ ਉਹ ਘਰ ਆਇਆ। ਅਜੇ ਉਸ ਨੇ ਕੋਈ ਨਸ਼ਾ ਨਹੀਂ ਸੀ ਕੀਤਾ। ਉਹ ਕਾਫ਼ੀ ਘਬਰਾਇਆ ਹੋਇਆ ਸੀ। ਆਂਢ ਗੁਆਂਢ ਵਿੱਚ ਪਤਾ ਕੀਤਾ, ਪਰ ਕਰਨ ਦਾ ਕੋਈ ਪਤਾ ਨਹੀਂ ਸੀ ਲੱਗ ਰਿਹਾ। ਉਸ ਨੂੰ ਨਾਲ ਦੇ ਮੈਦਾਨ ਵਿੱਚ ਦੇਖਿਆ ਜਿੱਥੇ ਕਿ ਉਹ ਆਪਣੇ ਦੋਸਤਾਂ ਨਾਲ ਖੇਡਣ ਜਾਂਦਾ ਸੀ, ਪਰ ਉਹ ਉੱਥੇ ਵੀ ਨਹੀਂ ਸੀ।

ਫਿਰ ਕਿਸੇ ਨੇ ਦੱਸਿਆ ਕਿ ਕਰਨ ਨੂੰ ਆਪਣੇ ਇੱਕ ਦੋਸਤ ਰਿੰਕੂ ਨਾਲ ਕੁਝ ਦੇਰ ਪਹਿਲਾਂ ਮੈਦਾਨ ਵਿੱਚ ਦੇਖਿਆ ਗਿਆ ਸੀ। ਤਦੇ ਕਰਨ ਦੇ ਪਿਤਾ ਦੇ ਫੋਨ ਦੀ ਘੰਟੀ ਵੱਜੀ ਤਾਂ ਫੋਨ ਪੁਲੀਸ ਥਾਣੇ ਤੋਂ ਸੀ। ਥਾਣਾ ਮੁਖੀ ਨੇ ਕਰਨ ਦੇ ਪਾਪਾ ਨੂੰ ਦੱਸਿਆ ਕਿ ਉਸ ਦਾ ਬੇਟਾ ਕੁਝ ਆਵਾਰਾ ਨਸ਼ੇੜੀ ਲੜਕਿਆਂ ਸਮੇਤ ਫੜਿਆ ਗਿਆ ਹੈ। ਸ਼ਿਵ ਥਾਣੇ ਪਹੁੰਚਿਆ ਤਾਂ ਪਤਾ ਲੱਗਾ ਕਿ ਕੁਝ ਲੜਕੇ ਜੋ ਨਸ਼ਾ ਕਰਦੇ ਤੇ ਵੇਚਦੇ ਹਨ, ਉਹ ਕਰਨ ਸਮੇਤ ਕਿਸੇ ਗੁਪਤ ਥਾਂ ਤੋਂ ਫੜੇ ਗਏ ਹਨ। ਕਰਨ ਦਾ ਦੋਸਤ ਰਿੰਕੂ ਹੀ ਉਸ ਨੂੰ ਇਸ ਥਾਂ ਲੈ ਕੇ ਆਇਆ ਸੀ। ਸ਼ਿਵ ਨੂੰ ਹੈਰਾਨੀ ਸੀ ਕਿ ਕਰਨ ਅਜਿਹੇ ਲੜਕਿਆਂ ਦੀ ਸੰਗਤ ਕਦੋਂ ਤੋਂ ਕਰਨ ਲੱਗਾ। ਅਸਲ ਵਿੱਚ ਸ਼ਿਵ ਦੀ ਹੀ ਆਦਤ ਕਾਰਨ ਕਰਨ ਬੁਰੀ ਸੰਗਤ ਦਾ ਸ਼ਿਕਾਰ ਹੋ ਗਿਆ ਸੀ। ਜਿਸ ਕਾਰਨ ਉਹ ਇਨ੍ਹਾਂ ਨਸ਼ੇੜੀ ਤੇ ਆਵਾਰਾ ਲੜਕਿਆਂ ਦੀ ਸੰਗਤ ਵਿੱਚ ਰਲ ਗਿਆ ਸੀ।

**ਲਿਖਤ : ਹਰਿੰਦਰ ਸਿੰਘ ਗੋਗਨਾ**
**ਸੰਪਰਕ: 98723-25860**

ਸ਼ਿਵ ਨੇ ਕਰਨ ਦੀ ਗੱਲ੍ਹ 'ਤੇ ਜ਼ੋਰਦਾਰ ਚਪੇੜ ਮਾਰਦਿਆਂ ਕਿਹਾ, "ਨਾਲਾਇਕ ਇਹ ਕੀ! ਤੂੰ ਨਸ਼ੇ ਕਰਦਾ ਐਂ। ਆਹ ਦਿਨ ਵਿਖਾਉਣ ਲਈ ਤੈਨੂੰ ਜਨਮ ਦਿੱਤਾ ਸੀ?"

ਕਰਨ ਰੋਣ ਲੱਗਾ ਤੇ ਫਿਰ ਬੇਝਿਜਕ ਹੋ ਕੇ ਬੋਲਿਆ, "ਪਾਪਾ, ਮੈਂ ਨਸ਼ੇ ਨਹੀਂ ਕਰਦਾ, ਪਰ ਅੱਜ ਇਸ ਸਭ ਕਿਸੇ ਲਈ ਤੁਸੀਂ ਹੀ ਜ਼ਿੰਮੇਵਾਰ ਹੋ...।"

"ਮੈਂ ਜ਼ਿੰਮੇਵਾਰ...?" ਸ਼ਿਵ ਗੁੱਸੇ ਵਿੱਚ ਬੋਲਿਆ।

"ਪਾਪਾ, ਤੁਸੀਂ ਰੋਜ਼ਾਨਾ ਘਰ ਸ਼ਰਾਬ ਪੀ ਕੇ ਆਉਂਦੇ ਹੋ। ਤੁਹਾਡੀ ਰੋਜ਼ਾਨਾ ਦੀ ਬਚੀ ਸ਼ਰਾਬ ਮੈਂ ਹੌਲੀ ਹੌਲੀ ਇੱਕ ਬੋਤਲ ਵਿੱਚ ਇਕੱਠੀ ਕਰ ਲੈਂਦਾ ਸੀ ਤੇ ਫਿਰ ਇਨ੍ਹਾਂ ਲੜਕਿਆਂ ਨੂੰ ਸਸਤੇ ਮੁੱਲ ਵਿੱਚ ਵੇਚ ਦਿੰਦਾ ਸੀ ਤਾਂ ਕਿ ਮੈਂ ਆਪਣੀ ਪੜ੍ਹਾਈ ਜਾਰੀ ਰੱਖ ਸਕਾਂ। ਤੁਸੀਂ ਤਾਂ ਮੈਨੂੰ ਕਈ ਵਾਰ ਕਹਿ ਚੁੱਕੇ ਸੀ ਕਿ ਕੀ ਰੱਖਿਆ ਹੈ ਪੜ੍ਹਾਈ ਵਿੱਚ? ਛੱਡ ਦੇ ਪੜ੍ਹਾਈ ਤੇ ਕੋਈ ਮਜ਼ਦੂਰੀ ਕਰ ਲੈ। ਪਰ ਮੈਂ ਪੜ੍ਹਨਾ ਚਾਹੁੰਦਾ ਸੀ। ਤੁਸੀਂ ਨਸ਼ੇ ਦੀ ਆਦਤ ਤੋਂ ਇੰਨਾ ਮਜਬੂਰ ਸੀ ਕਿ ਮੇਰੀ ਪੜ੍ਹਾਈ ਤੱਕ ਦਾ ਖਰਚਾ ਤੱਕ ਨਹੀਂ ਸੀ ਦੇ ਸਕਦੇ। ਹੁਣ ਮੈਂ ਕੀ ਕਰਦਾ। ਕਿਸ ਦੇ ਅੱਗੇ ਹੱਥ ਅੱਡਦਾ। ਅੱਜ ਜਦੋਂ ਮੈਂ ਇਨ੍ਹਾਂ ਲੜਕਿਆਂ ਨੂੰ ਸ਼ਰਾਬ ਵੇਚਣ ਆਇਆ ਤਾਂ ਪੁਲੀਸ ਨੇ ਮੈਨੂੰ ਵੀ ਫੜ ਲਿਆ...।" ਕਹਿ ਕੇ ਕਰਨ ਉੱਚੀ ਉੱਚੀ ਰੋਣ ਲੱਗਾ।

ਪੁਲੀਸ ਇੰਚਾਰਜ ਨੇ ਪਿਆਰ ਨਾਲ ਕਰਨ ਨੂੰ ਸਮਝਾਇਆ ਕਿ ਹਾਲਾਤ ਭਾਵੇਂ ਕੁਝ ਵੀ ਹੋਣ ਉਸ ਨੂੰ ਕਦੇ ਵੀ ਗਲਤ ਰਸਤਾ ਅਖ਼ਤਿਆਰ ਨਹੀਂ ਕਰਨਾ ਚਾਹੀਦਾ। ਫਿਰ ਸ਼ਿਵ ਨੂੰ ਕਿਹਾ ਕਿ ਉਹ ਇਸ ਘਟਨਾ ਤੋਂ ਕੁਝ ਸਿੱਖਿਆ ਲਵੇ।

ਉਸ ਰਾਤ ਸ਼ਿਵ ਨੇ ਘਰ ਆ ਕੇ ਸ਼ਰਾਬ ਨੂੰ ਹੱਥ ਤੱਕ ਨਾ ਲਗਾਇਆ। ਅੱਜ ਪਹਿਲੀ ਵਾਰ ਉਹ ਬਿਨਾਂ ਸ਼ਰਾਬ ਪੀਤੇ ਸੁੱਤਾ ਸੀ। ਉਸ ਨੂੰ ਅਹਿਸਾਸ ਹੋਇਆ ਕਿ ਮਨ ਦ੍ਰਿੜ ਹੋਵੇ ਤਾਂ ਨਸ਼ੇ ਛੱਡੇ ਵੀ ਜਾ ਸਕਦੇ ਹਨ। ਫਿਰ ਅਜਿਹਾ ਨਸ਼ਾ ਕੀ ਜਿਹੜਾ ਨਵੀਆਂ ਪੀੜ੍ਹੀਆਂ ਨੂੰ ਵੀ ਕੁਰਾਹੇ ਪਾ ਦੇਵੇ। ਉਸ ਨੇ ਆਪਣੇ ਪੂਰੇ ਪਰਿਵਾਰ ਵਿੱਚ ਬਹਿ ਕੇ ਸੰਕਲਪ ਕੀਤਾ ਕਿ ਅੱਜ ਤੋਂ ਬਾਅਦ ਉਹ ਕਦੇ ਵੀ ਕੋਈ ਨਸ਼ਾ ਨਹੀਂ ਕਰੇਗਾ।

ਅਗਲੀ ਸਵੇਰ ਜਦੋਂ ਸ਼ਿਵ ਜਾਗਿਆ ਤਾਂ ਪੂਰਾ ਪਰਿਵਾਰ ਉਸ ਦੇ ਆਲੇ ਦੁਆਲੇ ਬੈਠਾ ਖਿੜਖਿੜਾ ਕੇ ਗੱਲਾਂ ਕਰ ਰਿਹਾ ਸੀ। ਸਾਰੇ ਕਰਨ ਦੇ ਪਾਪਾ ਸ਼ਿਵ ਦੀਆਂ ਤਾਰੀਫ਼ਾਂ ਕਰ ਰਹੇ ਸਨ। ਸ਼ਿਵ ਨੂੰ ਇੰਜ ਲੱਗ ਰਿਹਾ ਸੀ ਜਿਵੇਂ ਉਸ ਨੇ ਆਪਣਾ ਖੋਇਆ ਸਨਮਾਨ ਫਿਰ ਤੋਂ ਪਾ ਲਿਆ ਹੈ। ਸਭ ਦੀ ਖ਼ੁਸ਼ੀ ਵੇਖ ਕੇ ਸ਼ਿਵ ਨੂੰ ਵੀ ਅਹਿਸਾਸ ਹੋ ਗਿਆ ਸੀ ਕਿ ਪਰਿਵਾਰ ਦੀ ਖ਼ੁਸ਼ੀ ਵਿੱਚ ਹੀ ਉਸ ਦੀ ਖ਼ੁਸ਼ੀ ਹੈ। ਉਸ ਨੂੰ ਇੰਜ ਜਾਪ ਰਿਹਾ ਸੀ ਜਿਵੇਂ ਲੰਬੇ ਹਨੇਰੇ ਤੋਂ ਬਾਅਦ ਘਰ ਵਿੱਚ ਚਾਨਣ ਹੋਇਆ ਹੋਵੇ।

ਲੇਖਕ: ਇੰਜ. ਦਰਸ਼ਨ ਸਿੰਘ ਭੁੱਲਰ
ਸੰਪਰਕ: 94714-28643

# ਤਰੱਕੀ ਅਤੇ ਅਵਾਮ ਦੀ ਖੁਸ਼ਹਾਲੀ



ਤਰੱਕੀ ਕੀ ਹੈ? ਇਹ ਸਵਾਲ ਡੈਰਨ ਏਸਮੋਗਲੂ, ਸਾਈਮਨ ਜੌਹਨਸਨ ਨੇ ਆਪਣੀ ਪੁਸਤਕ 'ਪਾਵਰ ਐਂਡ ਪ੍ਰੋਗਰੈਸ' ਦੀ ਭੂਮਿਕਾ ਵਿੱਚ ਉਠਾਇਆ ਹੈ। ਸਾਲ 2024 ਦਾ ਅਰਥਸ਼ਾਸਤਰ ਨੋਬੇਲ ਪੁਰਸਕਾਰ ਡੈਰਨ ਏਸਮੋਗਲੂ, ਸਾਈਮਨ ਜੌਹਨਸਨ ਅਤੇ ਜੇਮਜ਼ ਰੌਬਿਨਸਨ ਦੀ ਤਿੱਕੜੀ ਨੂੰ ਇਨ੍ਹਾਂ ਵੱਲੋਂ 'ਸੰਸਥਾਵਾਂ ਕਿਵੇਂ ਬਣਦੀਆਂ ਹਨ ਅਤੇ ਫਿਰ ਆਰਥਿਕ ਖੁਸ਼ਹਾਲੀ ਨੂੰ ਕਿਵੇਂ ਆਕਾਰ ਦਿੰਦੀਆਂ ਹਨ' ਦੇ ਵਿਸ਼ੇ 'ਤੇ ਕੀਤੇ ਅਧਿਐਨ ਲਈ ਮਿਲਿਆ ਹੈ। ਤਰੱਕੀ ਅਤੇ ਅਵਾਮ ਦੀ ਖੁਸ਼ਹਾਲੀ ਦੇ ਸਬੰਧ ਨੂੰ ਤਲਾਸ਼ਣ ਲਈ ਲੇਖਕਾਂ ਨੇ ਇਸ ਕਿਤਾਬ ਵਿੱਚ ਪਿਛਲੇ ਹਜ਼ਾਰ ਸਾਲਾਂ ਦੌਰਾਨ ਹੋਈ ਤਰੱਕੀ ਅਤੇ ਖੁਸ਼ਹਾਲੀ ਨਾਲ ਮਨੁੱਖ ਦੇ ਸੰਘਰਸ਼ ਦੀ ਗਾਥਾ ਬਿਆਨ ਕੀਤੀ ਹੈ।

ਅਸੀਂ ਭਾਵੇਂ ਖੁਸ਼ਹਾਲੀ ਦੇ ਅਵਾਮ ਤੱਕ ਆਪਣੇ ਆਪ ਪਹੁੰਚਣ ਦੀ ਧਾਰਨਾ ਪ੍ਰਤੀ ਕਿੰਨੇ ਵੀ ਆਸ਼ਾਵਾਦੀ ਕਿਉਂ ਨਾ ਹੋਈਏ ਪਰ ਇਹ ਖੁਸ਼ਫਹਿਮੀ ਹੀ ਹੈ। ਦਰਅਸਲ, ਹਜ਼ਾਰਾਂ ਸਾਲਾਂ ਦਾ ਇਤਿਹਾਸ ਅਤੇ ਸਮਕਾਲੀ ਵਰਤਾਰਾ ਇਹ ਗੱਲ ਚੰਗੀ ਤਰ੍ਹਾਂ ਸਾਫ ਕਰ ਦਿੰਦਾ ਹੈ ਕਿ ਨਵੀਆਂ ਤਕਨੀਕਾਂ ਆਪਮੁਹਾਰੇ ਅਵਾਮ ਤੱਕ ਖੁਸ਼ਹਾਲੀ ਨਹੀਂ ਪਹੁੰਚਾਉਂਦੀਆਂ। ਇਨ੍ਹਾਂ ਦਾ ਅਵਾਮ ਤੱਕ ਪਹੁੰਚਣਾ ਜਾਂ ਨਾ ਪਹੁੰਚਣਾ ਸਰਮਾਏ ਅਤੇ ਰਾਜਨੀਤੀ ਦੀ ਲੋੜ ਤੇ ਮਰਜ਼ੀ ਹੁੰਦੀ ਹੈ। ਨਵੀਆਂ ਕਾਢਾਂ ਦੇ ਸਿੱਟੇ ਵਜੋਂ ਆਈ ਖੁਸ਼ਹਾਲੀ ਲੋਕਾਂ ਕੋਲ ਕਦੇ ਵੀ ਖੁਦ ਚੱਲ ਕੇ ਨਹੀਂ ਆਉਂਦੀ ਅਤੇ ਨਾ ਹੀ ਸਭ ਨੂੰ ਨਸੀਬ ਹੁੰਦੀ ਹੈ।

ਡੈਰਨ ਏਸਮੋਗਲੂ ਅਤੇ ਸਾਈਮਨ ਜੌਹਨਸਨ ਅਨੁਸਾਰ ਮੱਧ ਯੁੱਗ ਅਤੇ ਸ਼ੁਰੂਆਤੀ ਆਧੁਨਿਕ ਕਾਲ ਦੌਰਾਨ ਖੇਤੀ ਵਿੱਚ ਜੋ ਤਕਨੀਕੀ ਸੁਧਾਰ ਆਏ, ਉਹ ਕਿਸਾਨੀ ਤੱਕ ਨਹੀਂ ਪਹੁੰਚੇ। ਸਮੁੰਦਰੀ ਜਹਾਜ਼ਰਾਨੀ ਨੇ ਵਪਾਰ ਵਿੱਚ ਵਾਧਾ ਵੀ ਕੀਤਾ ਅਤੇ ਯੂਰੋਪੀਅਨਾਂ ਦੇ ਖਜ਼ਾਨੇ ਵੀ ਭਰੇ ਪਰ ਨਾਲ ਹੀ ਇਨ੍ਹਾਂ ਹੀ ਜਹਾਜ਼ਾਂ ਨੇ ਅਫਰੀਕਨਾਂ ਨੂੰ ਗੁਲਾਮ ਬਣਾ ਕੇ ਵੀ ਢੋਇਆ। ਬਰਤਾਨੀਆ ਦੀਆਂ ਕੱਪੜਾ ਮਿੱਲਾਂ ਨੇ ਜੋ ਕ੍ਰਾਂਤੀ ਲਿਆਂਦੀ, ਉਸ ਨੇ ਬੇਸ਼ੁਮਾਰ ਦੌਲਤ ਪੈਦਾ ਕੀਤੀ ਪਰ ਪੂਰੇ ਸੌ ਸਾਲ ਕਾਮਿਆਂ ਦੀਆਂ ਉਜਰਤਾਂ 'ਚ ਵਾਧਾ ਨਹੀਂ ਹੋਇਆ ਬਲਕਿ ਇਸ ਦੇ ਉਲਟ ਕੰਮ ਕਰਨ ਦੇ ਘੰਟੇ ਵਧੇ ਅਤੇ ਹਾਲਾਤ ਦੋਵੀਂ ਥਾਈਂ- ਕਾਰਖਾਨਿਆਂ ਤੇ ਸ਼ਹਿਰਾਂ ਵਿੱਚ, ਹੌਲਨਾਕ ਸਨ। ਹੱਡ ਭੰਨਵੀਂ ਮਜ਼ਦੂਰੀ ਤੋਂ ਤਪੇ ਇੱਕ ਜੁਲਾਹੇ (ਵਿਵਰ) ਨੇ 1835 ਵਿੱਚ ਬਰਤਾਨੀਆ ਦੀ ਪਾਰਲੀਮੈਂਟਰੀ ਕਮੇਟੀ ਅੱਗੇ ਪੇਸ਼ ਹੋ ਕੇ ਕਿਹਾ ਸੀ, "ਜੇ ਆਦਮੀ ਤੋਂ ਬਿਹਤਰ ਕੰਮ ਕਰਨ ਵਾਲੀਆਂ ਮਸ਼ੀਨਾਂ ਦੀ ਇਜਾਦ ਕਰਨੀ ਹੀ ਹੈ ਤਾਂ ਰੱਬ ਦਾ ਵਾਸਤਾ, ਉਨ੍ਹਾਂ 'ਤੇ ਕੰਮ ਕਰਨ ਲਈ ਲੋਹੇ ਦੇ ਬੰਦੇ ਵੀ ਬਣਾਓ।"

ਜਦੋਂ ਮਸ਼ੀਨਾਂ ਦੀ ਆਮਦ ਨਾਲ ਉਦਯੋਗਕ ਯੁੱਗ ਸ਼ੁਰੂ ਹੋਇਆ ਤਾਂ ਮਜ਼ਦੂਰਾਂ 'ਤੇ ਨਿਗਰਾਨੀ ਕਰਨ ਦੀ ਲੋੜ ਮਹਿਸੂਸ ਹੋਈ। ਪੈਨਔਪਟੀਕੋਨ ਵਿਧੀ ਜੋ ਜਰਮੀ ਬੈਥਮ ਨੇ 1791 ਵਿੱਚ ਜੇਲ੍ਹਾਂ ਵਿੱਚ ਕੈਦੀਆਂ 'ਤੇ ਹਰ ਵਕਤ ਨਿਗਰਾਨੀ ਰੱਖਣ ਲਈ ਸੋਚੀ ਸੀ, ਉਸ ਨੂੰ ਉਦਯੋਗਕ ਯੁੱਗ ਆਉਣ ਤੋਂ ਬਾਅਦ ਕਾਰਖਾਨੇਦਾਰਾਂ ਦੁਆਰਾ ਮਜ਼ਦੂਰਾਂ ਉੱਪਰ ਦਮਨਕਾਰੀ ਨਿਗਰਾਨੀ ਲਈ ਅਪਣਾਇਆ। ਇਸ ਪਹੁੰਚ ਨੂੰ ਇਉਂ ਪੇਸ਼ ਕੀਤਾ ਗਿਆ ਕਿ ਇਸ ਤਰ੍ਹਾਂ ਦਾ ਵਰਕ ਕਲਚਰ ਸਰਬ ਹਿਤਕਾਰੀ ਹੈ; ਬਿਰਤਾਂਤ ਇੱਥੋਂ ਤੱਕ ਰਚਿਆ ਗਿਆ ਕਿ ਜੇ ਬਹੁਤਿਆਂ ਦੇ ਲਾਭ ਲਈ ਕੁਝ ਕੁ ਲੋਕਾਂ ਨੂੰ ਨਿਚੋੜ ਲਿਆ ਜਾਵੇ ਤਾਂ ਕੋਈ ਫਰਕ ਨਹੀਂ ਪੈਣ ਲੱਗਿਆ।

ਹੁਣ ਸਵਾਲ ਉੱਠ ਸਕਦਾ ਹੈ: ਕੀ ਉਦਯੋਗੀਕਰਨ ਦੇ ਸਾਨੂੰ ਫਾਇਦੇ ਨਹੀਂ ਹੋਏ? ਕੀ ਅਸੀਂ ਪਹਿਲੀਆਂ ਪੀੜ੍ਹੀਆਂ ਜਿਨ੍ਹਾਂ ਨੇ ਪੈਸੇ-ਪੈਸੇ ਲਈ ਹੱਡ ਭੰਨਵੀਂ ਮਿਹਨਤ ਕੀਤੀ ਤੇ ਭੁੱਖੇ ਵੀ ਮਰੇ, ਨਾਲੋਂ ਖੁਸ਼ਹਾਲ ਨਹੀਂ ਹਾਂ? ਬਿਨਾਂ ਸ਼ੱਕ ਅਸੀਂ ਆਪਣੇ ਪੁਰਖਿਆਂ ਨਾਲੋਂ ਹਰ ਤਰ੍ਹਾਂ ਬਿਹਤਰ ਹਾਂ। ਪੱਛਮੀ ਸਮਾਜ ਵਿੱਚ ਗਰੀਬ ਦਾ ਜੀਵਨ ਪੱਧਰ ਵੀ ਤਿੰਨ ਸਦੀਆਂ ਤੋਂ ਪਹਿਲਾਂ ਵਾਲੇ ਲੋਕਾਂ ਤੋਂ ਕਿਤੇ ਚੰਗਾ ਹੈ। ਅਸੀਂ ਸਿਹਤਮੰਦ ਤੇ ਲੰਮੀ ਜ਼ਿੰਦਗੀ ਬਤੀਤ ਕਰ ਰਹੇ ਹਾਂ। ਸਾਡੇ ਕੋਲ ਉਹ ਸਹੂਲਤਾਂ ਨੇ ਜਿਨ੍ਹਾਂ ਬਾਰੇ ਅੱਜ ਤੋਂ ਸੌ ਸਾਲ ਪਹਿਲਾਂ ਕਿਆਸ ਵੀ ਨਹੀਂ ਕੀਤਾ ਜਾ ਸਕਦਾ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੰਸਾਰ ਵਿੱਚ ਵਿਗਿਆਨੀਆਂ ਦੀਆਂ ਇਜਾਦ ਕੀਤੀਆਂ ਮਸ਼ੀਨਾਂ ਅਤੇ ਹੋਰ ਸੁੱਖ-ਸਹੂਲਤਾਂ ਨੇ ਮਨੁੱਖੀ ਜ਼ਿੰਦਗੀ ਬੇਹੱਦ ਸੁਖਾਲੀ ਕੀਤੀ ਹੈ ਪਰ ਕੀ ਇਹ ਕਦੀ ਸੋਚਿਆ ਹੈ ਕਿ ਇਹ ਸੁੱਖ ਆਮ ਆਦਮੀ ਦੀਆਂ ਬਰੂਹਾਂ 'ਤੇ ਪਹੁੰਚਿਆ ਕਿਵੇਂ ਹੈ?

ਜਿਵੇਂ ਸਾਰੀਆਂ ਬਿਮਾਰੀਆਂ ਜਾਨਲੇਵਾ ਨਹੀਂ ਹੁੰਦੀਆਂ, ਉਵੇਂ ਅਜਾਰੇਦਾਰੀ ਅਤੇ ਧਨ ਦਾ ਕੁਝ ਹੱਥਾਂ ਵਿੱਚ ਹੋਣਾ ਆਪਣੇ ਆਪ 'ਚ ਇਲਾਜ ਦਾ ਬੀਅ ਹੁੰਦਾ ਹੈ। ਜੋ ਹਾਲਾਤ ਮਨੁੱਖਾਂ ਦੇ ਇਕੱਠ ਨੂੰ ਦਬਾਉਂਦੇ ਹਨ, ਉਹ ਗਿਆਨ ਦੇ ਪ੍ਰਸਾਰ ਲਈ ਸੁਖਾਵੇਂ ਹਾਲਾਤ ਵੀ ਪੈਦਾ ਕਰਦੇ ਹਨ; ਆਖ਼ਿਰਕਾਰ ਮਨੁੱਖ ਨੂੰ ਆਜ਼ਾਦੀ ਦੀ ਚਿਣਗ ਲਾਉਣ ਵਿੱਚ ਸਹਾਈ ਹੁੰਦੀਆਂ ਹਨ। ਹਰ ਵੱਡੀ ਵਰਕਸ਼ਾਪ ਅਤੇ ਕਾਰਖਾਨਾ ਰਾਜਨੀਤਕ ਸਮਾਜ ਹੁੰਦਾ ਹੈ ਜਿਸ ਨੂੰ ਕੋਈ ਵੀ ਪ੍ਰਬੰਧ ਨਾ ਤਾਂ ਚੁੱਪ ਕਰਵਾ ਸਕਦਾ ਹੈ ਅਤੇ ਨਾ ਹੀ ਖਿੰਡਾ ਸਕਦਾ ਹੈ। ਜਦੋਂ ਕਾਮੇ ਕਾਰਖਾਨਿਆਂ ਅਤੇ ਸ਼ਹਿਰਾਂ ਵਿੱਚ ਇਕੱਤਰ ਹੋਏ ਤਾਂ ਸਾਂਝੇ ਹਿੱਤਾਂ ਦੀ ਗੱਲ ਚੱਲੀ ਅਤੇ ਉਨ੍ਹਾਂ ਨੇ ਆਰਥਿਕ ਵਿਕਾਸ ਤੋਂ ਹੋਣ ਵਾਲੇ ਲਾਭਾਂ ਵਿੱਚ ਜ਼ਿਆਦਾ ਭਾਗੀਦਾਰ ਹੋਣ ਦੀ ਮੰਗ ਕੀਤੀ। ਇਨ੍ਹਾਂ ਹਾਲਾਤਾਂ ਵਿੱਚੋਂ ਉਪਜੇ ਕਾਮਿਆਂ ਦੇ ਹੱਕਾਂ ਦੀ ਰਾਖੀ ਕਰਨ ਵਾਲੇ ਕਾਨੂੰਨਾਂ ਨੇ ਬਰਤਾਨੀਆਂ ਵਿੱਚ ਉਪਜ ਦੇ ਪ੍ਰਬੰਧ ਅਤੇ ਉਜਰਤਾਂ ਤੈਅ ਕਰਨ ਦੇ ਤਰੀਕੇ ਨੂੰ ਬਦਲ ਕੇ ਰੱਖ ਦਿੱਤਾ।

ਹੁਣ ਸੰਸਾਰ ਦੀ ਬਹੁਤ ਸਾਰੀ ਵਸੋਂ ਸਾਡੇ ਪੁਰਖਿਆਂ ਨਾਲੋਂ ਬਿਹਤਰ ਇਸ ਲਈ ਹੈ ਕਿਉਂਕਿ ਨਾਗਰਿਕਾਂ ਅਤੇ ਕਾਮਿਆਂ ਨੇ ਸ਼ੁਰੂਆਤੀ ਉਦਯੋਗਕ ਸਮਾਜ ਵਿੱਚ ਆਪਣੇ ਆਪ ਨੂੰ ਜਥੇਬੰਦ ਕਰ ਕੇ ਮਾੜੇ ਕੰਮ ਹਾਲਾਤ ਅਤੇ ਤਕਨੀਕ 'ਤੇ ਕੁਲੀਨ ਦਾਬੇ ਨੂੰ ਚੁਣੌਤੀ ਦਿੱਤੀ। ਇਸ ਤਰ੍ਹਾਂ ਤਕਨੀਕੀ ਉੱਨਤੀ ਦਾ ਫਲ਼ ਵੰਡਣ ਦਾ ਰਾਹ ਪੱਧਰਾ ਕੀਤਾ। ਸੋ, ਇਸ ਤਰੱਕੀ ਅਤੇ ਖੁਸ਼ਹਾਲੀ ਦੀ ਵੰਡ ਤੁਹਾਡੇ ਨਸੀਬ ਵਿੱਚ ਉਦੋਂ ਹੀ ਆਈ ਹੈ ਜਦੋਂ ਸਾਡੇ ਪੁਰਖਿਆਂ ਨੇ ਤਕਨੀਕ ਦੀ ਦਿਸ਼ਾ ਅਤੇ ਲਾਭਾਂ ਨੂੰ ਉਸ ਪ੍ਰਬੰਧਕੀ ਢਾਂਚੇ ਵਿੱਚੋਂ ਖਿਚਿਆ ਜੋ ਖਾਸ ਅਮੀਰਾਂ ਦੀ ਖਿਦਮਤ ਵਿੱਚ ਹੀ ਸੀ। ਪਲ ਭਰ ਲਈ ਸੋਚੋ, ਕੀ ਆਜ਼ਾਦੀ ਸਾਡੇ ਕੋਲ ਖੁਦ ਚੱਲ ਕੇ ਆਈ ਸੀ? ਨਹੀਂ। ਲੱਖਾਂ ਦੇਸ਼ ਵਾਸੀਆਂ ਨੇ ਆਪਣੀਆਂ ਜ਼ਿੰਦਗੀਆਂ ਕੁਰਬਾਨ ਕੀਤੀਆਂ ਤਾਂ ਕਿਤੇ ਜਾ ਕੇ ਆਜ਼ਾਦੀ ਮਿਲੀ ਸੀ।

ਡੈਰਨ ਏਸਮੋਗਲੂ ਅਤੇ ਸਾਈਮਨ ਜੌਹਨਸਨ ਆਪਣੀ ਗੱਲ ਖਤਮ ਕਰਦੇ ਹੋਏ ਲਿਖਦੇ ਹਨ ਕਿ ਇਤਿਹਾਸ ਨੇ ਭਾਵੇਂ ਸਭ ਕੁਝ ਸਾਡੇ ਸਾਹਮਣੇ ਨਿਖੇੜ ਕੇ ਰੱਖ ਦਿੱਤਾ ਹੈ ਪਰ ਅੱਜ ਅਸੀਂ ਫਿਰ ਉੱਥੇ ਹੀ ਜਾ ਖੜ੍ਹੇ ਹਾਂ ਜਿੱਥੇ 250 ਸਾਲ ਪਹਿਲਾਂ ਬਰਤਾਨੀਆ ਸੀ। ਜਰਮੀ ਬੈਥਮ ਦੀ ਕਾਰਖਾਨਿਆਂ ਅਤੇ ਦਫਤਰਾਂ ਵਿੱਚ ਨਿਗਰਾਨੀ ਰੱਖਣ ਵਾਲੀ ਪੈਨਔਪਟੀਕੋਨ ਵਿਧੀ ਨਵੇਂ ਸੰਦਾਂ ਸੀਸੀਟੀਵੀ, ਫਿੰਗਰ ਪ੍ਰਿੰਟ ਆਦਿ ਦੇ ਰੂਪ ਵਿੱਚ ਸਾਡਾ ਪਿੱਛਾ ਕਰ ਰਹੀ ਹੈ। ਅਸੀਂ ਸਮਝ ਨਹੀਂ ਰਹੇ ਕਿ ਕਾਰਖਾਨੇਦਾਰ ਮੁਨਾਫ਼ੇ ਲਈ ਸਾਡੇ ਘਰਾਂ ਅੰਦਰ ਵੜ ਗਏ ਹਨ। 'ਵਰਕ ਫਰੌਮ ਹੋਮ' ਦੇ ਰੁਝਾਨ ਨੂੰ ਅਸੀਂ ਬੜੇ ਮਜ਼ੇ ਨਾਲ ਲੈਂਦੇ ਹਾਂ ਪਰ ਇਸ ਨੇ ਸਾਡੀ ਨਵੀਂ ਪੀੜ੍ਹੀ ਨੂੰ ਬਿਨਾ ਨਾਗਾ ਚੌਵੀ ਘੰਟਿਆਂ ਲਈ ਗੁਲਾਮੀ ਦਿੱਤੀ ਹੈ। ਮਨੁੱਖ ਕੋਹਲੂ ਦਾ ਬੈਲ ਬਣ ਰਿਹਾ ਹੈ। ਕੰਮ ਦੇ ਘੰਟਿਆਂ ਵਿੱਚ ਕਾਨੂੰਨਨ ਵਾਧਾ ਕੀਤਾ ਜਾ ਰਿਹਾ ਹੈ। ਇਨਫੋਸਿਸ ਦੇ ਮਾਲਕ ਨੇ ਤਾਂ ਨੌਜਵਾਨਾਂ ਨੂੰ ਹਫਤੇ ਵਿੱਚ 70 ਘੰਟੇ ਕੰਮ ਕਰਨ ਦੀ ਵੀ ਵਕਾਲਤ ਕੀਤੀ ਹੈ! ਮਦਰਾਸ ਵਿੱਚ ਸੈਮਸੰਗ ਕੰਪਨੀ ਅਤੇ ਵਰਕਰਾਂ ਵਿੱਚ ਵਰਕਰ ਯੂਨੀਅਨ ਬਣਾਉਣ ਨੂੰ ਲੈ ਕੇ ਝਗੜਾ ਚੱਲ ਰਿਹਾ ਹੈ।

ਉਂਗਲਾਂ 'ਤੇ ਗਿਣਨ ਜੋਗਿਆਂ ਨੂੰ ਦਿੱਤੇ ਜਾਣ ਵਾਲੇ ਮੋਟੇ ਪੈਕਜਾਂ ਦੇ ਭਰਮ ਦੀ ਐਨਕ ਲਾਹ ਕੇ ਦੇਖੀਏ ਤਾਂ ਭਾਰਤ ਵਿੱਚ ਬਹੁ-ਕੌਮੀ ਕੰਪਨੀਆਂ ਔਸਤ ਤਨਖਾਹ ਕੇਵਲ 5 ਲੱਖ ਰੁਪਏ ਸਾਲਾਨਾ ਦਿੰਦੀਆਂ ਹਨ। ਘੱਟ ਤੋਂ ਘੱਟ ਖਰਚਾ ਕਰ ਕੇ ਵੱਧ ਤੋਂ ਵੱਧ ਮੁਨਾਫ਼ਾ ਕਰਨ ਦੀ ਹੋੜ ਹੈ। ਇਸੇ ਲਈ 2022 ਤੋਂ ਅਗਸਤ 2024 ਤੱਕ ਟੈਕ ਕੰਪਨੀਆਂ ਨੇ 4,28,449 ਨੌਜਵਾਨਾਂ ਨੂੰ ਘਰੀਂ ਤੋਰ ਦਿੱਤਾ ਹੈ। ਸਰਕਾਰਾਂ ਵੀ ਖਰਚੇ ਘੱਟ ਕਰਨ ਦੇ ਰੁਝਾਨ ਵਿੱਚ ਨੌਕਰੀਆਂ ਅਤੇ ਪੈਨਸ਼ਨਾਂ ਤੋਂ ਹੱਥ ਖੜ੍ਹੇ ਕਰ ਰਹੀਆਂ ਹਨ।

ਅੱਜ ਫਿਰ 'ਤਰੱਕੀ' ਮੁੱਠੀ ਭਰ ਨਿਵੇਸ਼ਕਾਂ ਨੂੰ ਹੀ ਮਾਲਾਮਾਲ ਕਰ ਰਹੀ ਹੈ; ਕਾਬਲ ਅਤੇ ਹੱਕਦਾਰ ਲੋਕ ਲਾਚਾਰ ਤੇ ਲਾਭਾਂ ਤੋਂ ਵਾਂਝੇ ਹਨ। ਨਾ-ਬਰਾਬਰੀ ਸਾਡੇ ਮੂਹਰੇ ਖੜ੍ਹੀ ਹੈ। ਕੀ ਕਾਰਨ ਹੈ ਕਿ ਖੇਤੀ ਕਰਨ ਵਾਲਾ ਕਿਸਾਨ ਕਮਜ਼ੋਰ ਹੈ ਪਰ ਖੇਤੀ ਨੂੰ ਬੀਜ, ਖਾਦਾਂ, ਦਵਾਈਆਂ, ਮਸ਼ੀਨਰੀ ਮੁਹੱਈਆ ਕਰਨ ਵਾਲੇ ਕਰੋੜਪਤੀ? ਨੌਕਰੀਪੇਸ਼ਾ ਮਨੁੱਖ ਕੋਲੋਂ ਸਾਰੀ ਉਮਰ ਵਿੱਚ ਇੱਕ ਮਕਾਨ ਵੀ ਕਿਉਂ ਨਹੀਂ ਬਣ ਰਿਹਾ?

ਅਜਿਹਾ ਬਿਰਤਾਂਤ ਸਿਰਜਿਆ ਜਾ ਚੁੱਕਿਆ ਹੈ ਕਿ ਅਸੀਂ ਅੰਨ੍ਹੇਵਾਹ ਆਸ਼ਾਵਾਦੀ ਅਤੇ ਕੁਲੀਨ ਪੱਖੀ ਯੁੱਗ ਦੇ ਹਾਮੀ ਹੋ ਗਏ ਹਾਂ। ਇਸੇ ਲਈ ਹੁਣ ਆਮ ਹੀ ਸੁਣਨ ਨੂੰ ਮਿਲਦਾ ਹੈ ਕਿ ਯੂਨੀਅਨ-ਬਾਜ਼ੀ ਤਰੱਕੀ ਵਿੱਚ ਅੜਿੱਕੇ ਡਾਹੁੰਦੀ ਹੈ ਪਰ ਅਵਾਮ ਦੇ ਹਿੱਸੇ ਜੋ ਤਰੱਕੀ ਆਈ ਹੈ, ਉਹ ਲੋਕਾਂ ਦੇ ਏਕੇ ਅਤੇ ਯੂਨੀਅਨਾਂ ਦੀ ਬਦੌਲਤ ਹੀ ਆਈ ਹੈ। ਅੜਿੱਕਾ ਯੂਨੀਅਨਾਂ ਨਹੀਂ ਬਲਕਿ ਯੂਨੀਅਨਾਂ ਦੇ ਮੋਹਰੀਆਂ ਦੇ ਕਿਰਦਾਰ ਵਿੱਚ ਆਈ ਅਨੈਤਿਕਤਾ ਹੈ, ਬਿਲਕੁੱਲ ਉਵੇਂ ਜਿਵੇਂ ਰਾਜਨੀਤਕ ਪਾਰਟੀਆਂ ਵਿੱਚ ਗਿਰਾਵਟ ਆਈ ਹੈ।

ਹੁਣ ਅਸੀਂ ਜਿਸ ਦਿਸ਼ਾ ਵੱਲ ਜਾ ਰਹੇ ਹਾਂ, ਉਹ ਤਰੱਕੀ ਤਾਂ ਹੋ ਸਕਦੀ ਹੈ ਪਰ ਖੁਸ਼ਹਾਲੀ ਨਹੀਂ। ਵੱਡੇ ਫੈਸਲੇ ਕਰਨ ਵਾਲੇ ਲੋਕ ਹੀ ਤਰੱਕੀ ਦੇ ਨਾਂ 'ਤੇ ਹੋ ਰਹੀ ਤਬਾਹੀ ਵੱਲ ਪਿੱਠ ਕਰੀ ਬੈਠੇ ਹਨ। ਲੋੜ ਤਰੱਕੀ ਅਤੇ ਤਕਨੀਕ ਦੀ ਨਵੀਂ ਅਤੇ ਸੰਗਤੀ (incluisve) ਦ੍ਰਿਸ਼ਟੀ ਉਭਾਰਨ ਦੀ ਹੈ ਤਾਂ ਜੋ ਖੁਸ਼ਹਾਲੀ ਅਵਾਮ ਤੱਕ ਪਹੁੰਚ ਸਕੇ। ਜਿਵੇਂ 19ਵੀਂ ਸਦੀ ਵਿੱਚ ਹੋਇਆ ਸੀ, ਰਵਾਇਤੀ ਬੁੱਧੀ ਦੇ ਸਨਮੁੱਖ ਕਾਟਵੀਆਂ ਦਲੀਲਾਂ ਅਤੇ ਸੰਸਥਾਵਾਂ ਦਾ ਉਭਰਨਾ ਜ਼ਰੂਰੀ ਹੈ।

ਲਿਖਤ : ਅਮਨਦੀਪ ਸਿੰਘ, ਸੰਪਰਕ : +1-508-243-8846

# ਭਵਿੱਖਬਾਣੀ



ਨਰਿੰਦਰ ਨੇ ਕੰਪਿਊਟਰ ਸਕਰੀਨ 'ਤੇ ਇੱਕ ਵਾਰ ਫਿਰ ਦੇਖਿਆ। ਇੱਕ ਵਾਰ ਨਹੀਂ ਉਸ ਨੇ ਪਿਛਲੇ ਕੁਝ ਮਿੰਟਾਂ ਵਿੱਚ ਹਜ਼ਾਰ ਵਾਰ ਸਕਰੀਨ 'ਤੇ ਉੱਕਰੇ ਨੰਬਰਾਂ ਨੂੰ ਦੇਖਿਆ ਸੀ ਜਿਸ 'ਤੇ ਉਸ ਦੀ ਮੌਤ ਦਾ ਸਮਾਂ ਉੱਕਰਿਆ ਹੋਇਆ ਸੀ। ਉਸ ਦੇ ਦਿਲ ਵਿੱਚ ਡੋਬੂੰ ਪੈ ਰਹੇ ਸਨ ਤੇ ਉਸ ਨੂੰ ਇੰਝ ਲੱਗ ਰਿਹਾ ਸੀ ਕਿ ਉਹ ਕਿਸੇ ਡੂੰਘੇ ਕਾਲੇ ਖੂਹ ਵਿੱਚ ਡਿੱਗਦਾ ਜਾ ਰਿਹਾ ਹੈ ਤੇ ਮਰਨ ਤੋਂ ਪਹਿਲਾਂ ਹੀ ਮਰ ਰਿਹਾ ਹੈ। ਮੌਤ ਜੋ ਕਿ ਅਟੱਲ ਸਚਾਈ ਹੈ। ਹਰ ਇੱਕ ਸ਼ੈਅ, ਜਿਸ ਦਾ ਜਨਮ ਹੋਇਆ ਹੈ, ਨੇ ਅੰਤ ਮਿੱਟੀ ਵਿੱਚ ਸਮਾ ਜਾਣਾ ਹੈ। ਮਿੱਟੀ ਵਿੱਚੋਂ ਉਪਜਿਆ ਮਿੱਟੀ ਦਾ ਬਾਵਾ ਤੇ ਅੰਤ ਮਿੱਟੀ ਵਿੱਚ ਹੀ ਬਿਨਸ ਜਾਣ ਵਾਲਾ।

ਅਸੀਂ ਸਭ ਸਿਤਾਰਿਆਂ ਦੀ ਧੂੜ ਦਾ ਹੀ ਅੰਸ਼ ਹਾਂ ਤੇ ਅੰਤ ਨੂੰ ਸਿਤਾਰਿਆਂ ਦੀ ਧੂੜ ਵਿੱਚ ਹੀ ਮਿਲ ਜਾਣਾ ਹੈ ਜਾਂ ਫਿਰ ਜਿਸ ਨੇ ਚੰਗੇ ਕਰਮ ਕੀਤੇ ਹਨ, ਉਹ ਇੱਕ ਸਿਤਾਰਾ ਬਣ ਕੇ ਚਮਕਦਾ ਰਹਿੰਦਾ ਹੈ, ਰਹਿੰਦੀ ਦੁਨੀਆ ਉਸ ਨੂੰ ਯਾਦ ਰੱਖਦੀ ਹੈ।

ਉਸ ਨੇ ਅਜਿਹਾ ਕੀ ਕੀਤਾ ਕਿ ਜਿਸ ਨਾਲ ਦੁਨੀਆ ਉਸ ਨੂੰ ਯਾਦ ਰੱਖੇ? ਉਲਟਾ ਆਪਣੇ ਕਿੱਤੇ ਦਾ ਗਲਤ ਉਪਯੋਗ ਕੀਤਾ। ਉਸ ਨੇ ਮਸਨੂਈ ਬੁੱਧੀ ਰਾਹੀਂ ਅਨੁਮਾਨ ਲਗਾਇਆ ਹੋਇਆ ਆਪਣੀ ਮੌਤ ਦਾ ਸਮਾਂ ਦੇਖ ਲਿਆ ਸੀ। ਮਸਨੂਈ ਬੁੱਧੀ ਇੰਨੀ ਸਮਰੱਥ ਹੋ ਚੁੱਕੀ ਸੀ ਕਿ ਕਿਸੇ ਦੀ ਵੀ ਮੌਤ ਦਾ 99% ਸਹੀ ਅਨੁਮਾਨ ਲਗਾ ਸਕਦੀ ਸੀ ਪਰ ਅਜਿਹਾ ਸਿਰਫ਼ ਪ੍ਰਯੋਗਾਤਮਕ ਤੌਰ 'ਤੇ ਕੀਤਾ ਜਾਂਦਾ ਸੀ ਜਾਂ ਫਿਰ ਸਮਾਜ ਦੇ ਕਿਸੇ ਵਰਗ ਦਾ ਸਾਂਝਾ ਅਨੁਮਾਨ ਲਗਾਉਣ ਲਈ ਤਾਂ ਜੋ ਸਿਹਤ ਵਿਭਾਗ ਲੋਕਾਂ ਨੂੰ ਆਪਣੀ ਸਿਹਤ ਦਾ ਖਿਆਲ ਰੱਖਣ ਲਈ ਜਾਗਰੂਕ ਕਰ ਸਕੇ।

ਉਸ ਨੇ ਇਹ ਕੀ ਕੀਤਾ? ਮਸਨੂਈ ਬੁੱਧੀ ਨੂੰ ਹੈਕ ਕਰਕੇ ਉਸ ਦੇ ਨਿਯਮਾਂ ਨੂੰ ਤੋੜ ਕੇ ਆਪਣੀ ਹੀ ਮੌਤ ਦਾ ਅਨੁਮਾਨ ਲਗਾ ਲਿਆ ਸੀ। ਉਸ ਸੋਚ ਰਿਹਾ ਸੀ, "ਉਹ ਕਿਹੜੀ ਮਨਹੂਸ ਘੜੀ ਸੀ ਜਦੋਂ ਆਪਣੀ ਮੌਤ ਬਾਰੇ ਜਾਣਨ ਦਾ ਫ਼ਤੂਰ ਉਸ ਦੇ ਦਿਮਾਗ਼ ਵਿੱਚ ਚੜ੍ਹ ਗਿਆ ਸੀ।...ਤੇ ਹੁਣ ਉਸ ਨੂੰ ਇਸ ਦਾ ਨਤੀਜਾ ਭੁਗਤਣਾ ਪੈਣਾ ਹੈ ਪਰ ਉਹ ਤਾਂ ਅਜੇ ਸਿਰਫ਼ ਪੰਤਾਲੀ ਵਰ੍ਹਿਆਂ ਦਾ ਹੀ ਹੈ ਤੇ ਉਹ ਇੰਨੀ ਜਲਦੀ ਕਿਵੇਂ ਮਰ ਸਕਦਾ ਹੈ ਜਿਵੇਂ ਕਿ ਮਸਨੂਈ ਬੁੱਧੀ ਦੱਸ ਰਹੀ ਸੀ। ਕਿਤੇ ਨਾ ਕਿਤੇ ਅੰਕੜਿਆਂ ਵਿੱਚ ਕੋਈ ਕਮੀ ਰਹਿ ਗਈ ਹੋਣੀ ਏ।" ਉਸ ਨੇ ਕਈ ਵਾਰ ਚੈੱਕ ਕੀਤਾ। ਸਭ ਅੰਕੜੇ ਸਹੀ ਸਨ। ਉਸ ਦੀ ਸਿਹਤ ਦੇ ਰਿਕਾਰਡ, ਜੀਨੋਮ ਤੇ ਸ਼ਖ਼ਸੀਅਤ ਬਾਰੇ ਸਭ ਤੱਥ ਸਹੀ ਸਨ।

"ਜੇ ਸਭ ਅੰਕੜੇ ਸਹੀ ਸਨ ਤਾਂ ਫਿਰ ਉਸ ਦੀ ਮੌਤ ਦਾ ਸਮਾਂ ਵੀ ਸਹੀ ਹੀ ਹੋਵੇਗਾ! ਇਹ ਕੀ? ਕੀ ਉਹ ਸੱਚਮੁੱਚ ਹੀ ਇੱਕ ਸਾਲ ਨੂੰ ਮਰ ਜਾਵੇਗਾ? ਅਜੇ ਤਾਂ ਉਸ ਨੇ ਬਹੁਤ ਕੰਮ ਕਰਨੇ ਹਨ। ਉਸ ਦੇ ਪਰਿਵਾਰ ਦਾ ਕੀ ਹੋਵੇਗਾ? ਉਸ ਦੇ ਬੱਚੇ ਛੋਟੇ ਹਨ। ਉਸ ਕੋਲ ਇੰਨੀ ਦੌਲਤ ਵੀ ਨਹੀਂ ਕਿ ਉਸ ਦੇ ਮਰਨ ਤੋਂ ਬਾਅਦ ਉਹ ਆਰਾਮ ਨਾਲ ਸੁਖੀ ਜ਼ਿੰਦਗੀ ਬਤੀਤ ਕਰ ਸਕਣਗੇ।"

ਫਿਰ ਉਸ ਨੂੰ ਧਿਆਨ ਆਇਆ ਕਿ ਉਸ ਦਾ ਜੀਵਨ-ਬੀਮਾ ਤਾਂ ਹੈ ਹੀ ਤੇ ਉਸ ਦੀ ਕੰਪਨੀ ਵੱਲੋਂ ਗਰੁੱਪ ਬੀਮੇ ਵਿੱਚੋਂ ਵੀ ਕੁਝ ਪੈਸੇ ਮਿਲ ਜਾਣਗੇ। ਇਹ ਸੋਚ ਕੇ ਉਸ ਨੂੰ ਥੋੜ੍ਹੀ ਤਸੱਲੀ ਹੋਈ। ਫਿਰ ਉਸ ਦੇ ਦਿਮਾਗ਼ ਵਿੱਚ ਡਾਕਟਰੀ ਟੈਸਟ ਕਰਵਾਉਣ ਦਾ ਵਿਚਾਰ ਆਇਆ। ਉਹ ਡਾਕਟਰ ਕੋਲ ਪਹੁੰਚ ਗਿਆ। ਉਸ ਨੇ ਆਪਣੇ ਸਾਰੇ ਟੈਸਟ ਕਰਵਾਏ।

ਸਭ ਸਹੀ ਸਨ। ਉਸ ਨੂੰ ਫੇਰ ਵੀ ਤਸੱਲੀ ਨਾ ਹੋਈ। ਉਹ ਦੂਜੇ ਡਾਕਟਰ ਕੋਲ ਗਿਆ। ਸਭ ਕੁਝ ਸਹੀ ਸੀ ਪਰ ਇਹ ਕੀ ਉਸ ਨੇ ਆਪਣੇ ਆਪ ਨੂੰ ਇੱਕ ਨਵਾਂ ਰੋਗ ਲਾ ਲਿਆ, ਚਿੰਤਾ ਰੋਗ। ਚਿੰਤਾ ਦੇ ਨਾਲ ਉਸ ਦਾ ਬਲੱਡ-ਪ੍ਰੈੱਸ਼ਰ ਵਧਣ ਲੱਗ ਪਿਆ। ਉਸ ਨੇ ਸੋਚਿਆ ਸੀ ਕਿ ਉਸ ਨੂੰ ਆਪਣੀ ਮੌਤ ਬਾਰੇ ਜਾਣ ਕੇ ਕੋਈ ਚਿੰਤਾ ਨਹੀਂ ਹੋਵੇਗੀ, ਕੋਈ ਡਰ ਨਹੀਂ ਲੱਗੇਗਾ ਪਰ ਅਜਿਹਾ ਨਹੀਂ ਹੋਇਆ। ਚਿੰਤਾ ਤੇ ਡਰ ਉਸ ਦੇ ਦਿਲੋਂ-ਦਿਮਾਗ਼ ਵਿੱਚ ਘਰ ਕਰ ਕੇ ਬੈਠ ਗਏ। ਹਰ ਵਕਤ ਉਸ ਨੂੰ ਆਪਣੀ ਮੌਤ ਦਾ ਡਰ ਹੀ ਸਤਾਈ ਜਾਂਦਾ ਸੀ। ਉਸ ਦਾ ਮਨ ਕੀਤਾ ਕਿ ਆਪਣੇ ਆਪ ਨੂੰ ਕਿਸੇ ਸੁਰੱਖਿਅਤ ਕਮਰੇ ਵਿੱਚ ਬੰਦ ਕਰ ਲਵੇ।ਫਿਰ ਉਸ ਨੇ ਅਜਿਹਾ ਹੀ ਕੀਤਾ। ਆਪਣੇ ਆਪ ਨੂੰ ਘਰ ਵਿੱਚ ਅਲੱਗ ਕਰ ਲਿਆ। ਉਸ ਦੀ ਪਤਨੀ ਤੇ ਬੱਚੇ ਇਕਦਮ ਬਹੁਤ ਘਬਰਾ ਗਏ।

ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਸ ਨਾਲ ਇਕਦਮ ਇਹ ਕੀ ਭਾਣਾ ਵਾਪਰ ਗਿਆ? ਡਾਕਟਰਾਂ ਦਾ ਵਿਚਾਰ ਸੀ ਕਿ ਉਸ ਨੂੰ ਡਿਪਰੈਸ਼ਨ ਹੋ ਗਿਆ ਹੈ। ਉਹ ਸਿਰਫ਼ ਦਵਾਈਆਂ ਦੇ ਸਕਦੇ ਸਨ ਜਾਂ ਕਾਉਂਸਲਿੰਗ ਕਰ ਸਕਦੇ ਸਨ ਪਰ ਨਰਿੰਦਰ ਕੁਝ ਵੀ ਕਰਨ ਨੂੰ ਤਿਆਰ ਨਹੀਂ ਸੀ। ਦਿਨੋਂ-ਦਿਨ ਉਸ ਦੀ ਹਾਲਤ ਖ਼ਰਾਬ ਹੁੰਦੀ ਜਾ ਰਹੀ ਸੀ। ਬਿਸਤਰੇ 'ਤੇ ਲੰਮਾ ਪਿਆ ਉਹ ਸਿਫ਼ਰ ਵੱਲ ਅਪਲਕ ਦੇਖਦਾ ਰਹਿੰਦਾ ਸੀ ਤੇ ਆਪਣੀ ਮੌਤ ਦੇ ਦਿਨ ਦਾ ਇੰਤਜ਼ਾਰ ਕਰਦਾ ਰਹਿੰਦਾ ਸੀ। ਇੱਕ ਦਿਨ ਇੰਝ ਸਿਫ਼ਰ ਵੱਲ ਦੇਖਦਿਆਂ ਉਸ ਦੀਆਂ ਅੱਖਾਂ ਅੱਡੀਆਂ ਹੀ ਰਹਿ ਗਈਆਂ ਤੇ ਉਸ ਦੇ ਸਾਹ ਰੁਕ ਗਏ। ਬਲੱਡ-ਪ੍ਰੈੱਸ਼ਰ ਵਧਣ ਕਰਕੇ ਉਸ ਨੂੰ ਸਟ੍ਰੋਕ ਹੋ ਗਿਆ ਸੀ। ਮਸਨੂਈ ਬੁੱਧੀ ਨੇ ਉਸ ਦੀ ਮੌਤ ਦਾ ਇੱਕ ਸਾਲ ਬਾਅਦ ਅਨੁਮਾਨ ਲਾਇਆ ਸੀ ਪਰ ਉਹ ਤਿੰਨ ਮਹੀਨੇ ਦੇ ਅੰਦਰ ਹੀ ਪੂਰਾ ਹੋ ਗਿਆ।




# ਹਰ ਦਿਨ ਆਪਣਾ ਉਤਸ਼ਾਹ ਆਪ ਬਣਾਓ

ਕੁੱਝ ਮਹੀਨੇ ਪਹਿਲਾਂ ਇੱਕ ਆਟੋ-ਮੋਬਾਇਲ ਸੇਲਜ਼ਮੈਨ ਨੇ ਮੈਨੂੰ ਸਫਲਤਾ ਦਿਵਾਉਣ ਵਾਲੀਆਂ ਤਕਨੀਕਾਂ ਦੇ ਬਾਰੇ ਦੱਸਿਆ। ਇਹ ਤਕਨੀਕ ਬਹੁਤ ਵਧੀਆ ਸੀ। ਇਨ੍ਹਾਂ ਨੂੰ ਪੜ੍ਹੋ।

'ਸਾਡੇ ਕੰਮ ਦਾ ਇੱਕ ਵੱਡਾ ਹਿੱਸਾ ਹੈ ਟੈਲੀਫੋਨ ਕਰਨਾ; ਸੇਲਜ਼ਮੈਨ ਨੇ ਦੱਸਿਆ, 'ਜਿਸ ਵਿਚ ਅਸੀਂ ਦੋ ਘੰਟੇ ਤਾਂਈਂ ਆਪਣੇ ਸੰਭਾਵਿਤ ਗ੍ਰਾਹਕਾਂ ਨਾਲ ਫੋਨ ਕਰਕੇ ਡਿਮਾਨਸਟ੍ਰੇਸ਼ਨ ਲਈ ਮੁਲਾਕਾਤ ਲਈ ਸਮਾਂ ਲੈਂਦੇ ਹਾਂ। ਜਦੋਂ ਮੈਂ ਤਿੰਨ ਸਾਲ ਪਹਿਲਾਂ ਕਾਰ ਵੇਚਣਾ ਸੂਰੁ ਕੀਤਾ ਤਾਂ ਮੈਨੂੰ ਇਥੇ ਹੀ ਸਭ ਤੋਂ ਜ਼ਿਆਦਾ ਮੁਸ਼ਕਿਲ ਆਉਂਦੀ ਸੀ। ਮੈਂ ਸ਼ਰਮੀਲਾ ਅਤੇ ਡਰਿਆ ਹੋਇਆ ਰਹਿੰਦਾ ਅਤੇ ਮੈਂ ਜਾਣਦਾ ਸੀ ਕਿ ਮੇਰੀ ਆਵਾਜ ਫੋਨ ਤੇ ਕਿਸ ਤਰ੍ਹਾਂ ਸੁਣਾਈ ਦਿੰਦੀ ਹੋਵੇਗੀ। ਸਾਹਮਣੇ ਵਾਲੇ ਬੰਦੇ ਲਈ ਇਹ ਬੋਲਣਾ ਸੁਭਾਵਿਕ ਹੀ ਹੁੰਦਾ ," ਸੌਰੀ ਇਸ ਵਿਚ ਮੇਰੀ ਕੋਈ ਦਿਲਚਾਲਸੀ ਨਹੀਂ ਹੈ " ਅਤੇ ਇਸਤੋਂ ਬਾਦ ਉਹ ਫੋਨ ਕੱਟ ਦਿੰਦਾ ਸੀ। 'ਹਰ ਸੋਮਵਾਰ ਦੀ ਸਵੇਰ ਨੂੰ ਸਾਡੇ ਸੇਲਜ਼ ਮੈਨੇਜਰ ਇੱਕ ਸੇਲਜ਼ ਮੀਟਿੰਗ ਲੈਂਦੇ ਸਨ। ਇਹ ਮੀਟਿੰਗ ਬਹੁਤ ਪ੍ਰੇਰਣਾਦਾਇਕ ਹੋਇਆ ਕਰਦੀ ਸੀ ਅਤੇ ਇਸ ਨਾਲ ਮੈਨੂੰ ਕਾਫ਼ੀ ਪ੍ਰੇਰਣਾ ਮਿਲਦੀ ਅਤੇ ਇਸਦਾ ਨਤੀਜ਼ਾ ਇਹ ਹੁੰਦਾ ਕਿ ਸੋਮਵਾਰ ਨੂੰ ਮੈਂ ਹਫਤੇ ਦੇ ਕਿਸੇ ਹੋਰ ਦਿਨ ਦੇ ਮੁਕਾਬਲੇ ਜਿਆਦਾ ਡਿਮਾਨਸਟ੍ਰੇਸ਼ਨ ਹਾਸਿਲ ਕਰਨ ਵਿੱਚ ਸਫਲ ਹੁੰਦਾ। ਪਰ ਸਮੱਸਿਆ ਇਹ ਸੀ ਕਿ ਸੋਮਵਾਰ ਦੀ ਮੇਰੀ ਪ੍ਰੇਰਣਾ ਮੰਗਲਵਾਰ ਤਾਂਈ ਖਤਮ ਹੋ ਜਾਂਦੀ ਅਤੇ ਬਾਕੀ ਹਫਤੇ ਮੇਰਾ ਪ੍ਰਦਰਸ਼ਨ ਇੱਕ ਵਾਰੀ ਫਿਰ ਨਿਰਾਸ਼ਾਂਜਨਕ ਹੋਇਆ ਕਰਦਾ ਸੀ।



'ਤਦੋਂ ਮੇਰੇ ਦਿਮਾਗ ਅੰਦਰ ਇਕ ਵਿਚਾਰ ਆਇਆ। ਜੇਕਰ ਮੇਰਾ ਸੇਲਜ਼ ਮੈਨੇਜਰ ਮੈਨੂੰ ਪ੍ਰੇਰਿਤ ਕਰ ਸਕਦਾ ਹੈ, ਤਾਂ ਮੈਂ ਆਪਣੇ ਆਪ ਨੂੰ ਕਿਉ ਨਹੀਂ ਪ੍ਰੇਰਿਤ ਕਰ ਸਕਦਾ? ਕਿਉ ਨਾ ਫੋਨ ਕਾਲ ਕਰਨ ਤੋਂ ਪਹਿਲਾਂ ਆਪਣੇ-ਆਪ ਨੂੰ ਇਕ ਪ੍ਰੇਰਕ ਭਾਸ਼ਣ ਦਿਆ। ਉਸ ਦਿਨ ਮੈਂ ਨਿਰਣਾ ਲਿਆ ਕਿ ਮੈਂ ਕੋਸ਼ਿਸ਼ ਕਰਕੇ ਵੇਖਾਂਗਾ। ਕਿਸੇ ਨੂੰ ਦੱਸੇ ਬਗੈਰ ਮੈਂ ਖਾਲੀ ਮੈਦਾਨ ਵਿਚ ਗਿਆ ਅਤੇ ਇਕ ਖਾਲੀ ਕਾਰ ਵਿਚ ਬੈਠ ਗਿਆ। ਓਥੇ ਕੁੱਝ ਦੇਰ ਬੈਠਕੇ ਮੈਂ ਆਪਣੇ ਆਪ ਨਾਲ ਗੱਲਾਂ ਕੀਤੀਆਂ। ਮੈਂ ਆਪਣੇ-ਆਪ ਨੂੰ ਦੱਸਿਆ, 'ਮੈਂ ਇਕ ਚੰਗਾ ਕਾਰ ਸੇਲਜ਼ਮੈਨ ਹਾਂ ਅਤੇ ਮੇਰਾ ਬਿਜ਼ਨਸ ਚੰਗਾ ਚੱਲ ਰਿਹਾ ਹੈ। ਜਿਨ੍ਹਾਂ ਲੋਕਾਂ ਨੂੰ ਫੋਨ ਕਰ ਰਿਹਾ ਹਾਂ ਉਨ੍ਹਾਂ ਨੂੰ ਇਨ੍ਹਾਂ ਕਾਰਾਂ ਦੀ ਲੋੜ ਹੈ ਅਤੇ ਮੈਂ ਇਨ੍ਹਾਂ ਨੂੰ ਵੇਚਣ ਜਾ ਰਿਹਾ ਹਾਂ।'

'ਸ਼ੁਰੂ ਤੋਂ ਹੀ ਇਹ ਆਤਮ-ਪ੍ਰੇਰਕ ਤਕਨੀਕ ਸਫਲ ਹੋਈ। ਮੈਨੂੰ ਇਨ੍ਹਾਂ ਚੰਗਾ ਲੱਗਿਆ ਕਿ ਮੈਨੂੰ ਫੋਨ ਕਰਨ ਵਿਚ ਜ਼ਰਾਂ ਵੀ ਝਿਜਕ ਨਹੀਂ ਹੋਈ। ਮੈਂ ਫੋਨ ਕਰਨ ਲਈ ਉਤਸੁਕ ਹੋਣ ਲੱਗਾ। ਅੱਜ ਕੱਲ੍ਹ ਮੈਂ ਖਾਲੀ ਪਲਾਟ ਵਿੱਚ ਖਾਲੀ ਕਾਰ ਅੰਦਰ ਬੈਠ ਕੇ ਆਪਣੇ ਆਪ ਨੂੰ ਪ੍ਰੇਰਣਾ ਨਹੀਂ ਦਿੰਦਾ, ਪਰ ਮੈਂ ਹੁਣ ਵੀ ਇਸ ਤਕਨੀਕ ਦਾ ਇਸਤੇਮਾਲ ਕਰਦਾ ਹਾਂ। ਕਿਸੇ ਵੀ ਨੰਬਰ ਨੂੰ ਡਾਇਲ ਕਰਨ ਤੋਂ ਪਹਿਲਾਂ ਮੈਂ ਆਪਣੇ ਆਪ ਨੂੰ ਇਹ ਯਾਦ ਦਿਲਾਉਂਦਾ ਹਾਂ ਕਿ ਮੈਂ ਇਕ ਵਧਿਆ ਸੇਲਜ਼ਮੈਨ ਹਾਂ ਅਤੇ ਮੈਂ ਸਫਲ ਹੋਣ ਜਾ ਰਿਹਾ ਹਾਂ ਤੇ ਮੈਨੂੰ ਕਾਮਯਾਬੀ ਮਿਲਦੀ ਹੈ।'

-ਡੇਵਿਡ ਜੇ. ਸ਼ਵਾਰਜ਼

## ਅੱਜ ਦਾ ਸ਼ਬਦ

# ਪਗਡੰਡੀ



ਪਗਡੰਡੀ ਸ਼ਬਦ ਦੋ ਸ਼ਬਦਾਂ ਪਗ ਅਤੇ ਡੰਡੀ ਦੇ ਮੇਲ਼ ਤੋਂ ਬਣਿਆ ਹੈ। ਇਸ ਵਿੱਚ ਪਗ ਦਾ ਅਰਥ ਹੈ-ਪੈਰ ਅਤੇ ਡੰਡੀ ਦਾ ਅਰਥ ਹੈ-ਰਸਤਾ।ਇਸ ਤਰ੍ਹਾਂ ਪਗਡੰਡੀ ਦਾ ਅਰਥ ਹੈ-ਪੈਰਾਂ ਨਾਲ਼ ਪਾਈ ਲੀਹ ਜਾਂ ਰਸਤਾ। ਪਗਡੰਡੀ ਇੱਕ ਤੰਗ ਜਿਹਾ ਰਸਤਾ ਹੁੰਦਾ ਹੈ ਜਿਸ ਉੱਤੇ ਇੱਕੋ ਸਮੇਂ ਇੱਕ ਜਾਂ ਦੋ ਵਿਅਕਤੀ ਹੀ ਚੱਲ ਸਕਦੇ ਹਨ ਪਰ ਅੱਗੜ-ਪਿੱਛੜ ਚੱਲ ਕੇ ਜ਼ਿਆਦਾ ਗਿਣਤੀ ਆਦਮੀ ਵੀ ਪਗਡੰਡੀ 'ਤੇ ਤੁਰ ਸਕਦੇ ਹਨ। ਪਗਡੰਡੀ 'ਤੇ ਸਿਰਫ ਪੈਦਲ ਹੀ ਤੁਰਿਆ ਜਾ ਸਕਦਾ ਹੈ, ਰਥ ਜਾਂ ਗੱਡਾ ਆਦਿ ਸਾਧਨ ਨਹੀਂ ਚੱਲ ਸਕਦੇ। ਪਗਡੰਡੀ ਲੋਕਾਂ ਦੇ ਚੱਲਣ ਲਈ ਕੋਈ ਨਿਰਧਾਰਤ ਕੀਤਾ ਰਸਤਾ ਨਹੀਂ ਹੁੰਦਾ ਸਗੋਂ ਲੋਕ ਆਪਣੀ ਸੌਖ ਲਈ ਜਿਸ ਥਾਂ ਵਿੱਚੋਂ ਲੰਘਣਾ ਸ਼ੁਰੂ ਕਰ ਦਿੰਦੇ ਹਨ ਉੱਥੇ ਪੈਰਾਂ ਨਾਲ਼ ਇੱਕ ਲੀਹ ਬਣ ਜਾਂਦੀ ਹੈ ਜਿਸ ਨੂੰ ਪਗਡੰਡੀ ਕਿਹਾ ਜਾਂਦਾ ਹੈ।

## ਦਿਮਾਗ਼ੀ ਕਸਰਤ




## ਬਿੰਦੂ ਮਿਲਾਓ



## ਰਸਤਾ ਲੱਭੋ





## ਇੰਡੋਨੇਸ਼ਿਆ ਦੇ ਡਾਇਵਿੰਗ ਲਈ ਪ੍ਰਸਿੱਧ 1500 ਟਾਪੂ ਪਰ ਸਿਰਫ਼ ਚਾਰ ਉੱਤੇ ਹੀ ਰਹਿੰਦੇ ਹਨ ਲੋਕ

ਇਹ ਫੋਟੋ ਇੰਡੋਨੇਸ਼ਿਆ ਦੇ ਟਾਪੂ ਸਮੂਹ ਰਾਜਾ ਅੰਪਤ ਰੇਜੇਂਸੀ ਦੀ ਹੈ। ਇਸ ਸਮੂਹ 'ਚ ਤਕਰੀਬਨ 1500 ਟਾਪੂ ਹਨ, ਜਿਨ੍ਹਾਂ ਵਿੱਚ ਚਾਰ ਟਾਪੂ ਵੈਜੋ , ਮਿਸੂਲ , ਸਾਲਵਾਤੀ ਅਤੇ ਬਤਾਂਤਾ ਸਭ ਤੋਂ ਵੱਡੇ ਹਨ ਅਤੇ ਇਸ ਉੱਤੇ ਹੀ ਲੋਕ ਰਹਿੰਦੇ ਹਨ। ਇਨ੍ਹਾਂ ਚਾਰ ਟਾਪੂਆਂ ਦੀ ਵਜ੍ਹਾ ਕਰਕੇ ਹੀ ਇਸ ਪੂਰੇ ਸਮੂਹ ਨੂੰ ਰਾਜਾ ਅੰਪਤ ਯਾਨੀ ਚਾਰ ਰਾਜਾ ਕਹਿੰਦੇ ਹਨ। ਇਥੇ ਪੰਛੀਆਂ ਅਤੇ ਪਾਣੀ ਦੇ ਜੀਵ ਜੰਤੂਆਂ ਦੀ ਅਨੇਕ ਪ੍ਰਜਾਤੀਆਂ ਵੀ ਪਾਈ ਜਾਂਦੀਆਂ ਹਨ। ਇਹ ਖੇਤਰ ਡਾਇਵਿੰਗ ਲਈ ਵਿਸ਼ਵ ਪ੍ਰਸਿੱਧ ਹੈ। ...

## ਸ਼ਬਦ ਲੱਭੋ

ਕੀ ਤੁਸੀਂ ਹੇਠਾਂ ਦਿੱਤੇ ਚਿੱਤਰ 'ਚ ਦਿੱਤੇ ਗਏ ਸ਼ਬਦਾਂ ਦਾ ਪਤਾ ਲੱਗਾ ਸਕਦੇ ਹੋ... ?

| | | | | | | | | | | | |
|---|---|---|---|---|---|---|---|---|---|---|---|
| R | O | C | K | E | C | O | N | G | O | G | M |
| R | H | O | N | E | D | A | N | U | B | E | A |
| O | R | I | N | O | C | O | D | V | I | N | A |
| M | E | O | N | I | K | T | I | G | R | I | S |
| S | O | M | M | E | L | J | O | R | D | A | N |
| T | H | A | M | E | S | E | A | D | I | G | E |
| I | A | Z | A | M | B | E | Z | I | Y | A | E |
| C | N | N | G | R | E | Y | V | E | E | R | U |
| E | E | D | A | L | A | A | G | O | L | A | P |
| Z | L | D | U | N | M | N | T | A | L | A | H |
| O | E | B | A | S | A | G | N | A | O | G | R |
| R | D | R | E | R | Z | T | H | Y | W | A | A |
| N | A | E | O | G | O | Z | L | U | E | N | T |
| P | R | B | R | E | N | E | E | K | A | O | E |
| E | T | H | U | D | S | O | N | O | S | N | S |
| K | A | M | A | G | U | B | A | N | G | I | G |

ADIGE
AGANO
AMAZON
BUG
CEDAR
CONGO
DAL
DANUBE
DART
DVINA
ELBE
EUPHRATES
ODER
ORANGE
ORINOCO
PARANA
PEK
RED
RHINE
RHONE
ROCK
ROE
SEINE
SOMME
GREY
HUANG
HUDSON
INDUS
JORDAN
KAMA
LENA
MAAS
MEKONG
MEON
NIAGARA
NILE
TANANA
TAW
THAMES
TIGRIS
UBANGI
VOLGA
YANGTZE
YELLOW
YUKON
ZAMBEZI
ZORN



# ਸਿਰਜਣਾਤਮਕਤਾ ਬਨਾਮ ਨਕਾਰਾਤਮਕਤਾ

ਲੇਖਕ: ਡਾ. ਹੀਰਾ ਸਿੰਘ ਭੂਪਾਲ

ਜਿੱਥੇ ਸਿਰਜਣਾਤਮਕਤਾ ਹੋਵੇਗੀ ਉੱਥੇ ਨਕਾਰਾਤਮਕਤਾ ਕਦੇ ਨਹੀਂ ਹੋਵੇਗੀ, ਪਰ ਜੇਕਰ ਰੱਤੀ ਭਰ ਵੀ ਮਨੁੱਖ ਵਿੱਚ ਜਾਂ ਆਲੇ-ਦੁਆਲੇ ਨਕਾਰਾਤਮਕਤਾ ਹੋਵੇਗੀ ਤਾਂ ਉੱਥੇ ਸਿਰਜਣਾਤਮਕਤਾ ਖੰਭ ਲਾ ਕੇ ਉਡਾਰੀ ਮਾਰ ਜਾਵੇਗੀ। ਇਹ ਦੋਵੇਂ ਸ਼ਬਦ ਇੱਕ ਦੂਜੇ ਦੇ ਵਿਰੋਧੀ ਹਨ। ਸਿਰਜਣਾਤਮਕਤਾ ਤੋਂ ਭਾਵ ਹੈ ਕਿ ਕਿਸੇ ਵੀ ਕਿਸਮ ਦੀ ਸਕਾਰਾਤਮਕਤਾ ਨਾਲ ਕੁਝ ਸਾਰਥਕ ਸਿਰਜਣਾ, ਉਪਜਾਉਣਾ, ਉਤਪਤੀ ਕਰਨਾ, ਨਿਰਮਾਣ ਕਰਨਾ ਆਦਿ। ਜਿੱਥੇ ਸਾਰਥਕ ਸਿਰਜਣਾ ਹੋਵੇਗੀ, ਉੱਥੇ ਖ਼ੁਸ਼ੀਆਂ ਤੇ ਹਾਸੇ ਖ਼ੁਸ਼ੀਆਂ-ਖੇੜੇ ਵੀ ਜਰੂਰ ਹੋਣਗੇ। ਨਕਾਰਾਤਮਕਤਾ ਜਾਂ ਸਕਾਰਾਤਮਕਤਾ ਵਿੱਚ ਸਿਰਫ਼ 'ਨ' ਅਤੇ 'ਸ' ਦਾ ਫ਼ਰਕ ਹੈ, ਪਰ ਕਿਸੇ ਵੀ ਇਨਸਾਨ, ਪਰਿਵਾਰ ਅਤੇ ਸੰਸਥਾ 'ਤੇ ਇਸ ਫ਼ਰਕ ਦਾ ਬਹੁਤ ਗੰਭੀਰ ਤੇ ਸੰਗੀਨ ਅਸਰ ਪੈਂਦਾ ਹੈ। ਇਹ ਸਮੁੱਚੇ ਤੌਰ 'ਤੇ ਕਿਸੇ ਦੇ ਨਜ਼ਰੀਏ 'ਤੇ ਨਿਰਭਰ ਕਰਦਾ ਹੈ। ਸਾਡਾ ਨਜ਼ਰੀਆ ਹੀ ਸਾਡੇ ਉਤਪੰਨ ਹੋ ਰਹੇ ਵਿਚਾਰਾਂ ਨੂੰ ਸੇਧ ਦਿੰਦਾ ਹੈ। ਇਹ ਸੇਧ ਤੁਹਾਨੂੰ ਰਾਜਾ ਵੀ ਬਣਾ ਸਕਦੀ ਹੈ ਤੇ ਇਹੋ ਸੇਧ ਤੁਹਾਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ 'ਚ ਵੀ ਜਕੜ ਸਕਦੀ ਹੈ। ਇਹ ਤੁਹਾਡੇ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਆਪਣੇ ਦਿਮਾਗ਼ ਨੂੰ ਕਿਸ ਰਸਤੇ ਪਾਉਣਾ ਹੈ। ਮਨੁੱਖੀ ਦਿਮਾਗ਼ ਦੋ ਤਰ੍ਹਾਂ ਦਾ ਹੁੰਦਾ ਹੈ: ਇੱਕ ਅਵਚੇਤਨ ਤੇ ਦੂਜਾ ਸੁਚੇਤ! ਇਹ ਦੋਵੇਂ ਘੱਟ ਹੀ ਇੱਕ ਦੂਜੇ ਨਾਲ ਮਿਲ ਕੇ ਚਲਦੇ ਹਨ। ਆਪਾਂ ਰੋਜ਼ਮਰ੍ਹਾ ਦੀ ਜ਼ਿੰਦਗੀ 'ਚ ਅਕਸਰ ਹੀ ਅਜਿਹੇ ਲੋਕਾਂ ਨੂੰ ਮਿਲਦੇ ਹਾਂ ਜੋ ਮੂੰਹ 'ਚ ਕੁਝ ਹੋਰ ਬੋਲਦੇ ਹਨ ਤੇ ਉਨ੍ਹਾਂ ਦੇ ਦਿਮਾਗ਼ 'ਚ ਕੁਝ ਹੋਰ ਚੱਲਦਾ ਹੈ। ਸਾਡਾ ਅਵਚੇਤਨ ਮਨ ਚੌਵੀ ਘੰਟੇ ਕੰਮ ਕਰਦਾ ਹੈ। ਇਹ ਰਾਤ ਨੂੰ ਜ਼ਿਆਦਾ ਕਿਰਿਆਸ਼ੀਲ ਹੁੰਦਾ ਹੈ ਅਤੇ ਸਾਰੇ ਦਿਨ ਦੇ ਕੀਤੇ ਚੰਗੇ ਮਾੜੇ ਕੰਮਾਂ ਅਤੇ ਵਿਚਾਰਾਂ ਦਾ ਹਿਸਾਬ ਕਰਦਾ ਰਹਿੰਦਾ ਹੈ। ਜੋ ਲੋਕ ਲੋੜ ਤੋਂ ਵਧੇਰੇ ਸੋਚਦੇ ਹਨ, ਹੱਦੋ ਵੱਧ ਜਜ਼ਬਾਤੀ ਅਤੇ ਸੰਵੇਦਨਸ਼ੀਲ ਹੁੰਦੇ ਹਨ ਜਾਂ ਫਿਰ ਦੂਜਿਆਂ ਪ੍ਰਤੀ ਮਾੜੀਆਂ ਭਾਵਨਾਵਾਂ ਰੱਖਦੇ ਹਨ ਜਾਂ ਕਿਸੇ ਨਾਲ ਕੋਈ ਗ਼ੈਰ-ਕਾਨੂੰਨੀ ਵਿਹਾਰ ਅਤੇ ਬੇਇਨਸਾਫ਼ੀ ਕਰਦੇ ਹਨ, ਅਜਿਹੇ ਇਨਸਾਨਾਂ ਦਾ ਅਵਚੇਤਨ ਮਨ ਉਨ੍ਹਾਂ ਨੂੰ ਰਾਤ ਵੇਲੇ ਚੈਨ ਨਾਲ ਸੌਣ ਨਹੀਂ ਦਿੰਦਾ। ਕਈ ਅੱਧੀ ਰਾਤ ਨੂੰ ਨੀਂਦ ਦਾ ਖੁੱਲ੍ਹ ਜਾਂਦੀ ਹੈ ਜਿਸ ਨੂੰ ਡਾਕਟਰੀ ਭਾਸ਼ਾ 'ਚ ਇਨਸੋਮਨੀਆ ਕਿਹਾ ਜਾਂਦਾ ਹੈ। ਇਹ ਬਿਮਾਰੀ ਅੱਜਕੱਲ੍ਹ ਦੁਨੀਆ ਦੇ ਹਰ ਕੋਨੇ ਵਿੱਚ ਅਮਰ ਵੇਲ ਵਾਂਗ ਪਸਰ ਰਹੀ ਹੈ।

ਸਿਰਜਣਾ ਉੱਥੇ ਹੀ ਉਪਜਦੀ ਹੈ ਜਿੱਥੇ ਸਰਬੱਤ ਦੇ ਭਲੇ ਦੀ ਅਰਦਾਸ ਹੋਵੇ, ਅਪਣੱਤ ਹੋਵੇ, ਸੱਚੀ ਨੀਅਤ ਤੇ ਮਨ 'ਚ ਨਿਰਮਲਤਾ ਹੋਵੇ, ਦਿਲੋਂ ਕੀਤੀ ਕਿਸੇ ਦੀ ਪ੍ਰਸ਼ੰਸ਼ਾ ਹੋਵੇ, ਵਡਿਆਈ ਤੇ ਸਿਫ਼ਤ ਹੋਵੇ। ਇਹ ਸਭ ਸੁਭ ਵਿਚਾਰ ਅਤੇ ਕਰਮ ਮਿਲ ਕੇ ਉਹ ਤਰੰਗਾਂ ਉਤਪੰਨ ਕਰਦੇ ਹਨ ਜਿਸ ਨਾਲ ਸਕਾਰਾਤਮਕਤਾ ਅਤੇ ਸਿਰਜਣਾ ਦੀ ਪੈਦਾਵਾਰ ਹੁੰਦੀ ਹੈ, ਜਿਸ ਵਿੱਚ ਕਿਸੇ ਪਰਿਵਾਰ, ਮੁਹੱਲੇ, ਸੂਬੇ, ਦੇਸ਼ ਅਤੇ ਸੰਸਾਰ ਤੱਕ ਨੂੰ ਬਦਲਣ ਦੀ ਆਸ ਤੇ ਸਮਰੱਥਾ ਦਾ ਆਗਾਜ਼ ਹੁੰਦਾ ਹੈ। ਇਤਿਹਾਸ ਇਸ ਦਾ ਗਵਾਹ ਹੈ। ਵੱਡੇ ਵੱਡੇ ਅੰਦੋਲਨਾਂ ਦੀ ਜਿੱਤ ਅਤੇ ਯੁੱਗ ਪਲਟਾਊ ਖੋਜਾਂ ਆਮ ਲੋਕਾਂ ਦੀ ਹੀ ਦੇਣ ਹਨ।

ਮਨੁਖੱਤਾ ਦੀ ਨਾਂਹ-ਪੱਖੀ ਸੋਚ, ਬਦਲਾਖੋਰੀ, ਅਣਮਨੁੱਖੀ ਰਵੱਈਆ, ਬੇਰਹਿਮ ਨਜ਼ਰੀਆ ਆਦਿ ਸਿਰਜਣਾਤਮਕਤਾ ਨੂੰ ਘੁਣ ਵਾਂਗ ਲੱਗ ਗਿਆ ਹੈ, ਜਿਸ ਨੇ ਇਸ ਨੂੰ ਕਾਫ਼ੀ ਢਾਹ ਲਾਈ ਹੈ। ਚੱਲ ਰਹੇ ਦੌਰ ਅਤੇ ਹਾਲਾਤ ਨੇ ਮਨੁਖੱਤਾ ਦੀ ਬੌਧਿਕ ਸੰਪਤੀ ਦਾ ਆਪਣੇ ਕੋਲ ਬੈਅਨਾਮਾ (ਰਜਿਸਟਰੀ) ਕਰ ਲਿਆ ਹੈ। ਸਿਰਜਣਾ ਲਈ ਦਿਮਾਗ਼ ਤੇ ਮਨ ਨੂੰ ਸ਼ਾਂਤ ਤੇ ਆਜ਼ਾਦ ਰੱਖਣਾ ਲਾਜ਼ਮੀ ਹੈ। ਇਹ ਉਪਜਾਊ ਦਿਮਾਗ਼ ਦੀ ਪਹਿਲੀ ਲੋੜ ਹੈ। ਭੌਤਿਕਤਾਵਾਦੀ, ਸਾਹਮਣੇ ਵਾਲੇ ਨੂੰ ਛੋਟਾ ਜਾਂ ਹੀਣਭਾਵਨਾ ਵਾਲੀ ਸੋਚ, ਅਣਮਨੁੱਖੀ ਵਰਤੀਰਾ, ਇੱਕ ਦੂਜੇ ਤੋਂ ਅੱਗੇ ਵਧਣ ਅਤੇ ਲਤਾੜਨ ਵਾਲੀ ਸੋਚ ਕਾਰਨ ਦਿਮਾਗ਼ੀ ਪੱਧਰ 'ਤੇ ਮਚੀ ਹਲਚਲ ਨੇ ਕਈ ਮਾਨਸਿਕ ਬਿਮਾਰੀਆਂ, ਉਦਾਸੀਨਤਾ ਅਤੇ ਤਣਾਅ ਵਰਗੀਆਂ ਅਲਾਮਤਾਂ ਵਿੱਚ ਚੋਖਾ ਵਾਧਾ ਕੀਤਾ ਹੈ। ਇਹ ਸਭ ਸਕਾਰਾਤਮਕ ਤੇ ਉਸਾਰੂ ਵਿਚਾਰਾਂ ਦੀ ਉਪਜ 'ਚ ਵੱਡਾ ਅੜਿੱਕਾ ਹਨ। ਇਨ੍ਹਾਂ ਵਿਚਾਰਾਂ ਤੋਂ ਬਿਨਾਂ ਕਿਸੇ ਵੀ ਕਿਸਮ ਦੀ ਸਿਰਜਣਾ ਨਾਮੁਮਕਿਨ ਹੈ। ਉਚਿਤ ਅਤੇ ਸਾਰਥਕ ਵਿਚਾਰ ਹੀ ਸਿਰਜਣਾਤਮਕਤਾ ਦਾ ਬੁਨਿਆਦੀ ਅਤੇ ਮੌਲਿਕ ਆਧਾਰ ਹਨ। ਇਹ ਇੰਝ ਹੀ ਹੈ ਜਿਵੇਂ ਕਿਸੇ ਫਸਲ ਦੇ ਬੀਜ ਨੂੰ ਉੱਗਣ ਲਈ ਵਿਸ਼ੇਸ਼ ਮੌਸਮ ਭਾਵ ਤਾਪਮਾਨ ਅਤੇ ਹੋਰ ਲੋੜੀਂਦੀਆਂ ਪਰਿਸਥਿਤੀਆਂ ਜ਼ਰੂਰੀ ਹਨ, ਚੰਗੇ ਬੀਜ ਹੀ ਭਰਪੂਰ ਫਸਲ ਹੋਣ ਦਾ ਆਧਾਰ ਹਨ।

ਸੋਚਣ ਦੀ ਗੁਣਵੱਤਾ, ਪ੍ਰੇਰਨਾ, ਉਤਸੁਕਤਾ, ਜਜ਼ਬਾ, ਅਸਫਲਤਾ ਪ੍ਰਤੀ ਸਹਿਣਸ਼ੀਲਤਾ, ਸਮੱਸਿਆਵਾਂ ਪ੍ਰਤੀ ਨਜ਼ਰੀਆ, ਜੋਖ਼ਮ ਲੈਣ, ਗ਼ਲਤੀਆਂ ਤੋਂ ਸਿੱਖਣਾ ਆਦਿ ਸਿਰਜਣਾਤਮਕਤਾ ਦੇ ਹੁਨਰ ਨੂੰ ਵਿਕਸਤ ਕਰਨ ਵਿੱਚ ਵਧੇਰੇ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਂਦੇ ਹਨ। ਸਾਡੇ ਵਿਚਾਰ ਅਤੇ ਸੋਚ ਹੀ ਸਾਡੀ ਸ਼ਖ਼ਸੀਅਤ ਦੀ ਉਸਾਰੀ ਕਰਦੀ ਹੈ। ਦੂਜਿਆਂ ਤੋਂ ਵੱਖਰੇ ਹੋਣ ਲਈ ਇਨਸਾਨ ਨੂੰ ਹਾਂ-ਪੱਖੀ, ਸ਼ਾਂਤ ਅਤੇ ਸਹਿਜ ਸੁਭਾਅ ਦਾ ਹੋਣਾ ਜ਼ਰੂਰੀ ਹੈ। ਨਾਂਹ-ਪੱਖੀ ਵਿਅਕਤੀ ਕਦੇ ਵੀ ਅੰਦਰੂਨੀ ਤੌਰ 'ਤੇ ਸੰਤੁਸ਼ਟ ਅਤੇ ਖ਼ੁਸ਼ ਨਹੀਂ ਹੋ ਸਕਦਾ। ਸੰਸਾਰਕ ਭਾਵਨਾਵਾਂ ਅਤੇ ਇੱਛਾਵਾਂ ਦੀ ਤੀਬਰਤਾ 'ਤੇ ਕਾਬੂ ਪਾਉਣਾ ਲਾਜ਼ਮੀ ਹੈ ਜੋ ਮਨ ਦੀ ਇਕਾਗਰਤਾ ਦੇ ਰਸਤੇ 'ਚ ਰੁਕਾਵਟ ਪੈਦਾ ਕਰਦੇ ਹਨ। ਖ਼ੁਸ਼ਹਾਲ ਜ਼ਿੰਦਗੀ ਲਈ ਖ਼ੁਦ 'ਤੇ ਭਰੋਸਾ ਕਰਨ ਦਾ ਹੁਨਰ ਬਹੁਤ ਅਹਿਮ ਹੈ, ਨਹੀਂ ਤਾਂ ਨਿਰਾਸ਼ਤਾ, ਉਦਾਸੀਨਤਾ ਅਤੇ ਤਣਾਅ ਵਰਗੀਆਂ ਜੋਕਾਂ ਜੁੜਨ 'ਚ ਦੇਰੀ ਨਹੀਂ ਲੱਗਦੀ। ਹਾਂ-ਪੱਖੀ ਸੋਚ ਵਾਲਾ ਇਨਸਾਨ ਛੇਤੀ ਕੀਤੇ ਨਾ ਤਾਂ ਘਬਰਾਉਂਦਾ ਹੈ ਤੇ ਨਾ ਹੀ ਖ਼ੁਸ਼ੀ 'ਚ ਖੀਵਾ ਹੁੰਦਾ ਹੈ, ਸਗੋਂ ਲੰਮੇ ਰਾਹਾਂ ਦਾ ਪਾਂਧੀ ਬਣ ਕੇ ਜ਼ਿੰਦਗੀ ਦਾ ਲੁਤਫ਼ ਮਾਣਦਾ ਹੈ। ਸੁਸਤੀ, ਦਲਿੱਦਰ ਤੇ ਢਿੱਲਾ ਸਰੀਰ ਅਤੇ ਹਰ ਸਮੇ ਰੋਂਦੇ ਰਹਿਣਾ ਆਦਿ ਨਾਂਹ-ਪੱਖੀ ਤੇ ਨਕਾਰਾਤਮਕ ਵਿਅਕਤੀਆਂ ਦੀਆਂ ਨਿਸ਼ਾਨੀਆਂ ਹਨ।

ਅਚਨਚੇਤ ਅਤੇ ਇਕਦਮ ਮਿਲੀ ਪ੍ਰਸ਼ੰਸਾ, ਪ੍ਰਸਿੱਧੀ, ਨੁਕਤਾਚੀਨੀ ਅਤੇ ਆਲੋਚਨਾ ਨੂੰ ਅੱਖੋਂ ਪਰੋਖੇ ਕਰਨਾ ਹੀ ਇੱਕ ਸਿਆਣੇ, ਸੂਝਵਾਨ ਅਤੇ ਕਾਬਿਲ ਇਨਸਾਨ ਦੇ ਸਫ਼ਲ ਹੋਣ ਦੀ ਪਹਿਲੀ ਨਿਸ਼ਾਨੀ ਹੈ। ਆਸ਼ਾਵਾਦੀ ਤੇ ਉਸਾਰੂ ਇਨਸਾਨ ਮਾਨਸਿਕ ਅਤੇ ਬੌਧਿਕ ਤੌਰ 'ਤੇ ਵਧੇਰੇ ਨਰੋਏ ਹੋਣ ਦੇ ਨਾਲ ਨਾਲ ਦੂਸਰਿਆਂ ਦੀ ਹੋ ਰਹੀ ਤਰੱਕੀ 'ਤੇ ਖ਼ੁਸ਼ ਹੁੰਦੇ ਹਨ, ਨਾ ਕਿ ਕੋਲੇ ਵਾਂਗ ਧੁਖ਼ਦੇ ਅਤੇ ਸੜਦੇ ਹਨ। ਇਹੋ ਜਿਹੇ ਲੋਕ ਕੁਦਰਤ ਅਤੇ ਅਸਲੀਅਤ ਦੇ ਵਧੇਰੇ ਨੇੜੇ ਹੁੰਦੇ ਹਨ। ਇਹੀ ਲੋਕ ਕਿਸੇ ਨਾ ਕਿਸੇ ਤਰ੍ਹਾਂ ਦੀ ਸਿਰਜਣਾ ਕਰਦੇ ਹਨ ਜੋ ਸਮਾਜ ਲਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਬਣਦਾ ਯੋਗਦਾਨ ਪਾਉਂਦੇ ਹਨ। ਈਰਖਾ ਅਤੇ ਨਫ਼ਰਤ ਕਰਨ ਵਾਲੇ ਇਨਸਾਨ ਹਰ ਵਕ਼ਤ ਅਲੋਚਨਾ ਅਤੇ ਤਣਾਅ 'ਚ ਰਹਿਣ ਲਈ ਮਜਬੂਰ ਰਹਿੰਦੇ ਹਨ। ਉਹ ਆਪਣਾ ਆਲਾ-ਦੁਆਲਾ ਨਾਂਹ-ਪੱਖੀ ਤਰੰਗਾਂ ਨਾਲ ਭਰ ਦਿੰਦੇ ਹਨ। ਇਹੋ ਜਿਹੇ ਮਾਹੌਲ 'ਚ ਸਿਰਜਣਾ ਦਾ ਉਪਜਣਾ ਨਾਮੁਮਕਿਨ ਹੋ ਜਾਂਦਾ ਹੈ। ਇੱਕ ਹੱਲਾਸ਼ੇਰੀ ਹੀ ਹੈ ਜੋ ਕਿਸੇ ਅਸੰਭਵ ਕੰਮ ਨੂੰ ਸੰਭਵ 'ਚ ਬਦਲਣ ਲਈ ਸੋਨੇ 'ਤੇ ਸੁਹਾਗੇ ਵਾਂਗ ਕੰਮ ਕਰਦੀ ਹੈ। ਇੱਕ ਮੁੱਠੀ ਚੱਕ ਲੈ ਦੂਜੀ ਤਿਆਰ ਵਾਂਗ ਇੱਛਾਵਾਂ ਤੇ ਦੁੱਖ-ਤਕਲੀਫ਼ਾਂ ਦਾ ਆਉਣ ਜਾਣ ਹਰ ਮਨੁੱਖ ਦੀ ਜ਼ਿੰਦਗੀ 'ਚ ਰਹਿੰਦਾ ਹੈ। ਕੋਈ ਵੀ ਸ਼ਖ਼ਸ ਇਨ੍ਹਾਂ ਨੂੰ ਕਾਬੂ ਨਹੀਂ ਕਰ ਸਕਿਆ, ਪਰ ਮਾਨਸਿਕ ਤੌਰ 'ਤੇ ਮਜ਼ਬੂਤ ਵਿਅਕਤੀ ਇਨ੍ਹਾਂ ਨੂੰ ਇੰਝ ਸਰ ਕਰ ਜਾਂਦਾ ਹੈ ਜਿਵੇਂ ਝੱਖੜ ਸੁੱਕੇ ਤੇ ਟੁੱਟੇ ਪੱਤਿਆਂ ਨੂੰ ਛਿਣ 'ਚ ਹੀ ਦਰੱਖ਼ਤ ਤੋਂ ਕੋਹਾਂ ਦੂਰ ਕਿਸੇ ਅਗਿਆਤ ਥਾਂ 'ਤੇ ਲੈ ਜਾਂਦਾ ਹੈ। ਨਿਰਾਸ਼ਤਾ ਅਤੇ ਨਕਾਰਾਤਮਕਤਾ ਰੂਪੀ ਪੌੜੀ ਦਾ ਆਖ਼ਰੀ ਟੰਬਾ ਖ਼ੁਦਕੁਸ਼ੀ ਹੀ ਹੈ। ਦਿਨੋ ਦਿਨ ਇਸ ਪੌੜੀ ਦੇ ਟੰਬੇ ਘਟਦੇ ਜਾਂਦੇ ਹਨ। ਉਮੀਦ ਅਤੇ ਚੰਗਾ ਹੋਣ ਦੀ ਕਲਪਨਾ, ਨਿਰਾਸ਼ਤਾ ਅਤੇ ਨਕਾਰਾਤਮਕਤਾ ਨੂੰ ਦੂਰ ਕਰਨ 'ਚ ਸਹਾਈ ਹੁੰਦੀ ਹੈ। ਦੁਨੀਆਦਾਰੀ 'ਚ ਕਿਸੇ ਵੀ ਇਨਸਾਨ ਦੀ ਕੁਦਰਤ ਵੱਲੋਂ ਨਿਵਾਜ਼ੀ ਹੋਈ ਕਲਾ, ਹੁਨਰ ਅਤੇ ਯੋਗਤਾ ਨੂੰ ਕੁਝ ਸਮੇਂ ਲਈ ਰੋਕਿਆ ਜਾਂ ਅੱਖੋਂ ਪਰੋਖੇ ਕੀਤਾ ਜਾ ਸਕਦਾ ਹੈ, ਪਰ ਵਕਤ ਨਾਲ ਇਹ ਕਿਸੇ ਨਾ ਕਿਸੇ ਰੂਪ 'ਚ ਆਪਣੇ ਆਪ ਸ੍ਰਿਸ਼ਟੀ ਵਿੱਚ ਹੋਰ ਨਿਖਰਕੇ ਵਧੇਰੇ ਛਾਪ ਛੱਡੇਗੀ ਬਸ਼ਰਤੇ ਹੌਂਸਲਾ ਅਤੇ ਸਕਾਰਾਤਮਕਤਾ ਬਰਕਰਾਰ ਰੱਖੀ ਜਾਵੇ। ਇਸੇ ਲਈ ਕਿਹਾ ਜਾਂਦਾ ਹੈ ਕਿ ਸਮੁੰਦਰਾਂ ਨੂੰ ਕਦੇ ਨੱਕੇ ਨਹੀਂ ਲੱਗਦੇ।

# ਇਜ਼ਰਾਈਲ ਅਤੇ ਗਾਜ਼ਾ ਵਿਚਕਾਰ ਜੰਗਬੰਦੀ ਦੀ ਸਮੀਖਿਆ

ਲੇਖਕ: ਕਰਨਲ ਡਾ. ਦਲਵਿੰਦਰ ਸਿੰਘ ਗਰੇਵਾਲ

ਕਤਰ, ਮਿਸਰ ਅਤੇ ਸੰਯੁਕਤ ਰਾਜ ਅਮਰੀਕਾ ਦੀ ਵਿਚੋਲਗੀ ਰਾਹੀਂ ਹਮਾਸ ਅਤੇ ਇਜ਼ਰਾਈਲ ਜੰਗਬੰਦੀ ਦੇ ਸਮਝੌਤੇ 'ਤੇ ਦਸਤਖਤ ਹੋ ਗਏ ਹਨ। ਕਤਰ ਦੇ ਪ੍ਰਧਾਨ ਮੰਤਰੀ ਸ਼ੇਖ ਮੁਹੰਮਦ ਬਿਨ ਅਬਦੁਲ ਰਹਿਮਾਨ ਬਿਨ ਜਾਸਿਮ ਅਲ ਥਾਨੀ ਨੇ 15 ਜਨਵਰੀ, 2025 ਨੂੰ ਐਲਾਨ ਕੀਤਾ ਕਿ ਇਹ ਸਮਝੌਤਾ 19 ਜਨਵਰੀ, 2025 ਤੋਂ ਲਾਗੂ ਹੋਵੇਗਾ। ਇਤਿਹਾਸਕ ਸਮਝੌਤੇ ਵਿਚ ਕਤਰ-ਮਿਸਰ ਦੀ ਵਿਚੋਲਗੀ ਤਹਿਤ ਪਹਿਲੇ ਦਿਨ ਇਜ਼ਰਾਇਲੀ ਬੰਧਕਾਂ ਦੇ ਪਹਿਲੇ ਸਮੂਹ ਵਿਚ 33 ਬੰਧਕ ਇਜ਼ਰਾਇਲੀਆਂ ਦੀ ਅਤੇ 2,000 ਫਲਸਤੀਨੀ ਕੈਦੀਆਂ ਦੀ ਰਿਹਾਈ ਅਤੇ ਗਾਜ਼ਾ ਤੋਂ ਇਜ਼ਰਾਇਲੀ ਫੌਜਾਂ ਦੀ ਵਾਪਸੀ ਸ਼ਾਮਲ ਹੈ ਜਿਸ ਨਾਲ ਗਾਜ਼ਾ ਵਿਚ ਬੰਦੂਕਾਂ ਸ਼ਾਂਤ ਹੋ ਜਾਣ ਦੀ ਸੰਭਾਵਨਾ ਹੈ। ਸਮਝੌਤੇ ਅਨੁਸਾਰ ਲਗਭਗ 600 ਮਾਨਵਤਾਵਾਦੀ ਸਹਾਇਤਾ ਟਰੱਕਾਂ ਨੂੰ ਰੋਜ਼ਾਨਾ ਅਧਾਰ 'ਤੇ ਪੱਟੀ ਵਿਚ ਜਾਣ ਦੀ ਆਗਿਆ ਦਿੱਤੀ ਜਾਵੇਗੀ। ਫਲਸਤੀਨੀ ਇਲਾਕੇ ਵਿਚ ਜੰਗ ਤੋਂ ਬਾਅਦ ਮੁੜ ਉਸਾਰੀ ਦੇ ਯਤਨ ਵੀ ਸ਼ਾਮਿਲ ਹਨ, ਜਿੱਥੇ 7 ਅਕਤੂਬਰ, 2023 ਤੋਂ ਲਗਾਤਾਰ ਇਜ਼ਰਾਇਲੀ ਬੰਬਾਰੀ ਵਿਚ 70 ਪ੍ਰਤੀਸ਼ਤ ਤੋਂ ਵੱਧ ਇਮਾਰਤਾਂ ਢਹਿ-ਢੇਰੀ ਹੋ ਗਈਆਂ ਹਨ। ਸਮਝੌਤੇ ਦੇ ਸੱਤਵੇਂ ਦਿਨ, 25 ਜਨਵਰੀ ਨੂੰ ਅੰਦਰੂਨੀ ਤੌਰ 'ਤੇ ਵਿਸਥਾਪਤ ਫਲਿਸਤੀਨੀਆਂ ਨੂੰ ਉੱਤਰੀ ਗਾਜ਼ਾ ਵਾਪਸ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ। ਇਜ਼ਰਾਈਲ ਦੀ ਗਾਜ਼ਾ ਪੱਟੀ ਵਿਚ ਫਲਿਸਤੀਨੀਆਂ ਵਿਰੁੱਧ ਲੜਾਈ ਨੂੰ 467 ਦਿਨ ਹੋ ਗਏ ਹਨ। 7 ਅਕਤੂਬਰ, 2023 ਨੂੰ ਫਲਸਤੀਨੀ ਗਰੁੱਪ ਹਮਾਸ ਦੀ ਅਗਵਾਈ ਵਾਲੇ ਦੱਖਣੀ ਇਜ਼ਰਾਈਲ 'ਤੇ ਹਮਲਿਆਂ ਤੋਂ ਬਾਅਦ ਇਜ਼ਰਾਇਲੀ ਹਮਲਾ ਸ਼ੁਰੂ ਹੋਇਆ ਸੀ, ਜਿਸ ਦੌਰਾਨ 15 ਮਹੀਨਿਆਂ ਵਿਚ 1100 ਤੋਂ ਵੱਧ ਲੋਕ ਮਾਰੇ ਗਏ, ਅਤੇ ਲਗਭਗ 240 ਨੂੰ ਬੰਦੀ ਬਣਾ ਲਿਆ ਗਿਆ ਸੀ। ਬਹੁਤ ਸਾਰੇ ਬੰਦੀਆਂ ਨੂੰ ਜਾਂ ਤਾਂ ਨਵੰਬਰ 2023 ਵਿਚ ਕੈਦੀ ਅਦਲਾ-ਬਦਲੀ ਵਿਚ ਰਿਹਾਅ ਕੀਤਾ ਗਿਆ ਸੀ ਜਾਂ ਬਾਅਦ ਵਿਚ ਇਜ਼ਰਾਇਲੀ ਹਮਲਿਆਂ ਦੌਰਾਨ ਮਾਰੇ ਗਏ ਸਨ। ਇਜ਼ਰਾਈਲ ਨੇ ਬਾਅਦ ਵਿਚ ਹਵਾਈ ਹਮਲਾ ਸ਼ੁਰੂ ਕੀਤਾ ਅਤੇ ਗਾਜ਼ਾ ਉਤੇ 2007 ਤੋਂ ਲਾਗੂ ਆਪਣੀ ਨਾਕਾਬੰਦੀ ਨੂੰ ਹੋਰ ਸਖ਼ਤ ਕਰ ਦਿੱਤਾ। ਪਿਛਲੇ 15 ਮਹੀਨਿਆਂ ਵਿਚ ਗਾਜ਼ਾ ਵਿਚ ਜੰਗ ਦੌਰਾਨ ਲਗਪਗ 46,707 ਲੋਕ ਮਾਰੇ ਗਏ, ਜਿਨ੍ਹਾਂ ਵਿਚ 18,000 ਦੇ ਕਰੀਬ ਬੱਚੇ ਸ਼ਾਮਲ ਹਨ ਅਤੇ 110,265 ਲੋਕ ਜ਼ਖ਼ਮੀ ਹੋਏ ਹਨ। ਬਹੁਤ ਸਾਰੇ ਵਿਸ਼ਲੇਸ਼ਕਾਂ ਅਤੇ ਅਧਿਕਾਰ ਸਮੂਹਾਂ ਦਾ ਮੰਨਣਾ ਹੈ ਕਿ ਮਾਰੇ ਗਏ ਲੋਕਾਂ ਦੀ ਅਸਲ ਗਿਣਤੀ ਇਸ ਤੋਂ ਕਿਤੇ ਵੱਧ ਹੈ। ਵਿਸ਼ਵ-ਵਿਆਪੀ ਨਿੰਦਾ ਅਤੇ ਅੰਤਰਰਾਸ਼ਟਰੀ ਸੰਗਠਨਾਂ ਅਤੇ ਅਧਿਕਾਰ ਸਮੂਹਾਂ ਦੀਆਂ ਬੇਨਤੀਆਂ ਦੇ ਬਾਵਜੂਦ, ਇਜ਼ਰਾਈਲ ਨੇ ਘੇਰਾਬੰਦੀ ਵਾਲੇ ਐਨਕਲੇਵ 'ਤੇ ਸਮੂਹਿਕ ਸਜ਼ਾ ਦੀ ਮੁਹਿੰਮ ਜਾਰੀ ਰੱਖੀ ਹੈ, ਜਿੱਥੇ ਅੱਧੀ ਆਬਾਦੀ 18 ਸਾਲ ਤੋਂ ਘੱਟ ਉਮਰ ਦੀ ਹੈ। ਵਰਲਡ ਹੈਲਥ ਆਰਗੇਨਾਈਜ਼ੇਸ਼ਨ ਅਨੁਸਾਰ, ਜ਼ਖਮੀ ਹੋਏ ਲਗਪਗ 22,500 ਲੋਕਾਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਫਲਸਤੀਨੀ ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਦੀ ਏਜੰਸੀ੍ਰਉਿ ਅਨੁਸਾਰ, ਇਜ਼ਰਾਈਲ ਦੀ ਨਾਕਾਬੰਦੀ ਕਾਰਨ ਹਰ ਰੋਜ਼ 10 ਬੱਚੇ ਅਪਰੇਸ਼ਨਾਂ ਅਤੇ ਅੰਗ ਕੱਟੇ ਜਾਣ ਕਰਕੇ ਇੱਕ ਜਾਂ ਦੋਵੇਂ ਲੱਤਾਂ ਗੁਆ ਦਿੰਦੇ ਹਨ। ਮ੍ਰਿਤਕਾਂ ਦੀ ਪੁਸ਼ਟੀ ਹੋਣ ਤੋਂ ਇਲਾਵਾ ਹਜ਼ਾਰਾਂ ਲੋਕਾਂ ਦੇ ਮਲਬੇ ਹੇਠ ਦੱਬੇ ਹੋਣ ਦਾ ਖਦਸ਼ਾ ਹੈ। ਗਾਜ਼ਾ ਵਿਚ ਲਗਭਗ 19 ਲੱਖ ਲੋਕ ਬੇਘਰ ਹੋ ਗਏ ਹਨ, ਜਿਨ੍ਹਾਂ ਵਿਚੋਂ ਲਗਭਗ 80 ਫੀਸਦੀ ਅਸਥਾਈ ਪਨਾਹਗਾਹਾਂ ਵਿਚ ਕੱਪੜਿਆਂ ਜਾਂ ਠੰਢ ਤੋਂ ਸੁਰੱਖਿਆ ਦੇ ਬਿਨਾ ਰਹਿ ਰਹੇ ਹਨ। ਇਕ ਵਿਸ਼ਲੇਸ਼ਣ ਦੇ ਅਨੁਸਾਰ, ਉੱਤਰੀ ਗਾਜ਼ਾ ਵਿਚ 70% ਅਤੇ ਗਾਜ਼ਾ ਸ਼ਹਿਰ ਵਿਚ 74% ਇਮਾਰਤਾਂ ਦੇ ਨੁਕਸਾਨੇ ਜਾਣ ਜਾਂ ਨਸ਼ਟ ਹੋਣ ਦੀ ਸੰਭਾਵਨਾ ਹੈ। 23 ਲੱਖ ਫਲਿਸਤੀਨੀਆਂ ਦੇ ਘਰ ਖੰਡਰ ਵਿਚ ਬਦਲ ਗਏ ਹਨ। ਗਾਜ਼ਾ ਦੀ 90 ਫੀਸਦੀ ਤੋਂ ਵੱਧ ਆਬਾਦੀ ਜੰਗ ਕਾਰਨ ਬੇਘਰ ਹੋ ਗਈ ਹੈ। ਸੰਯੁਕਤ ਰਾਸ਼ਟਰ ਦੀਆਂ ਏਜੰਸੀਆਂ ਦਾ ਅੰਦਾਜ਼ਾ ਹੈ ਕਿ ਤਕਰੀਬਨ ਪੰਜ ਲੱਖ ਲੋਕ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਹਨ। ਗਾਜ਼ਾ ਦੇ ਅਧਿਕਾਰੀਆਂ ਨੇ ਕਿਹਾ ਕਿ ਗਾਜ਼ਾ ਪੱਟੀ ਵਿਚ ਆਸਰੇ ਵਜੋਂ ਵਰਤੇ ਜਾ ਰਹੇ 13,5000 ਟੈਂਟਾਂ ਵਿਚੋਂ ਲਗਭਗ 1,10,000 ਖਰਾਬ ਹੋ ਚੁੱਕੇ ਹਨ ਅਤੇ ਵਰਤੋਂ ਲਈ ਯੋਗ ਨਹੀਂ ਹਨ। ਮਲਬੇ ਹੇਠ ਆਉਣ ਕਾਰਨ ਮਾਰੇ ਗਏ ਲੋਕਾਂ ਦਾ ਕੁਝ ਪਤਾ ਨਹੀਂ ਲੱਗ ਸਕਿਆ। ਫਲਸਤੀਨ ਦੀ ਵਾਤਾਵਰਣ ਗੁਣਵੱਤਾ ਅਥਾਰਟੀ ਦੇ ਅਨੁਸਾਰ, ਗਾਜ਼ਾ 'ਤੇ ਅੰਦਾਜ਼ਨ 85,000 ਟਨ ਵਿਸਫੋਟਕ ਸੁੱਟੇ ਗਏ ਹਨ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਦੇ ਅਨੁਸਾਰ, ਮਾਹਿਰਾਂ ਨੇ ਭਵਿੱਖਬਾਣੀ ਕੀਤੀ ਹੈ ਕਿ ਬੰਬ ਧਮਾਕਿਆਂ ਕਾਰਨ ਤਬਾਹ ਹੋਈਆਂ ਇਮਾਰਤਾਂ ਦੇ 420 ਲੱਖ ਟਨ ਤੋਂ ਵੱਧ ਦੇ ਮਲਬੇ ਨੂੰ ਸਾਫ਼ ਕਰਨ ਵਿਚ ਇੱਕ ਦਹਾਕੇ ਤੋਂ ਵੱਧ ਸਮਾਂ ਲੱਗ ਸਕਦਾ ਹੈ। ਮਲਬੇ ਨੂੰ ਸਾਫ਼ ਕਰਨ ਦੇ ਨਾਲ-ਨਾਲ ਅਣਪਛਾਤੇ ਬੰਬਾਂ ਨਾਲ ਨਜਿੱਠਣ ਦਾ ਖ਼ਤਰਾ ਵੀ ਬਰਕਰਾਰ ਹੈ। ਫਲਿਸਤੀਨੀਆਂ ਤੋਂ ਇਲਾਵਾ ਇਜ਼ਰਾਈਲ ਦਾ ਵੀ ਨੁਕਸਾਨ ਹੋਇਆ ਹੈ। 31 ਦਸੰਬਰ 2024 ਤੱਕ ਦੇ ਅੰਕੜਿਆਂ ਅਨੁਸਾਰ ਇਜ਼ਰਾਈਲ ਦੇ 987 ਸੁਰੱਖਿਆ ਕਰਮੀ ਅਤੇ 982 ਨਾਗਰਿਕ ਮਾਰੇ ਗਏ ਅਤੇ 13,500 ਇਜ਼ਰਾਇਲੀ ਜ਼ਖਮੀ ਹੋਏ ਹਨ। 251 ਜਣਿਆਂ ਨੂੰ ਕੈਦੀ ਬਣਾਇਆ ਗਿਆ ਜਾਂ ਅਗਵਾ ਕਰ ਲਿਆ ਗਿਆ ਹੈ। ਕਈ ਫਲਿਸਤੀਨੀਆਂ ਨੇ ਅਲ ਜਜ਼ੀਰਾ ਨੂੰ ਦੱਸਿਆ ਕਿ ਉਹ ਮੌਕਾ ਮਿਲਣ 'ਤੇ ਆਪਣੇ ਕਸਬਿਆਂ ਅਤੇ ਪਿੰਡਾਂ ਨੂੰ ਵਾਪਸ ਜਾਣ ਦੀ ਯੋਜਨਾ ਬਣਾ ਰਹੇ ਹਨ। 19 ਜਨਵਰੀ 2025 ਤੋਂ ਸ਼ੁਰੂ ਹੋਣ ਵਾਲਾ ਸਮਝੌਤਾ ਤਿੰਨ ਪੜਾਵਾਂ ਵਿਚ ਲਾਗੂ ਹੋਣ ਦੀ ਉਮੀਦ ਹੈ, ਇਸ ਸੌਦੇ ਨੂੰ ਹਮਾਸ ਸਮੂਹ ਨੇ 15 ਜਨਵਰੀ 2025 ਨੂੰ ਮਨਜ਼ੂਰੀ ਦਿੱਤੀ ਹੈ। ਇਸ ਸਮਝੌਤੇ ਵਿਚ ਮਨੁੱਖੀ ਸਹਾਇਤਾ ਵਿਚ ਵਾਧਾ, ਇਜ਼ਰਾਇਲੀ ਬਲਾਂ ਦੀ ਹੌਲੀ-ਹੌਲੀ ਵਾਪਸੀ ਅਤੇ ਫਲਸਤੀਨੀ ਕੈਦੀਆਂ ਦੇ ਬਦਲੇ ਇਜ਼ਰਾਇਲੀ ਬੰਦੀਆਂ ਦੀ ਰਿਹਾਈ ਸ਼ਾਮਲ ਹੈ। ਜੰਗਬੰਦੀ ਦੀ ਸ਼ੁਰੂਆਤ ਤੋਂ ਬਾਅਦ 16ਵੇਂ ਦਿਨ 3 ਫਰਵਰੀ ਤੋਂ ਬਾਅਦ, ਪਾਰਟੀਆਂ ਦੂਜੇ ਪੜਾਅ ਦੀ ਗੱਲਬਾਤ ਸ਼ੁਰੂ ਕਰਨ ਲਈ ਸਹਿਮਤ ਹੋਈਆਂ ਹਨ। 22ਵੇਂ ਦਿਨ, 9 ਫਰਵਰੀ ਨੂੰ ਨਾਗਰਿਕਾਂ ਨੂੰ ਬਿਨਾ ਜਾਂਚ ਕੀਤੇ ਅਲ-ਰਸ਼ੀਦ ਸਟਰੀਟ ਅਤੇ ਸਲਾਹ ਅਲ-ਦੀਨ ਸਟਰੀਟ ਤੋਂ ਉੱਤਰ ਵੱਲ ਵਾਪਸ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ। 1 ਮਾਰਚ (ਦਿਨ 42) ਨੂੰ ਪਹਿਲਾ ਪੜਾਅ ਪੂਰਾ ਹੋਵੇਗਾ। ਇਸ ਤਾਰੀਖ ਤੱਕ, 100 ਫਲਸਤੀਨੀ ਕੈਦੀਆਂ ਦੇ ਬਦਲੇ 33 ਇਜ਼ਰਾਇਲੀ ਬੰਦੀਆਂ ਨੂੰ ਰਿਹਾਅ ਕੀਤਾ ਜਾਣਾ ਹੈ। ਜੇਕਰ ਪਹਿਲਾ ਪੜਾਅ ਠੀਕ ਤਰ੍ਹਾਂ ਪੂਰਾ ਹੋਇਆ ਤਾਂ ਇਸ ਪਿੱਛੋਂ ਦੂਜਾ ਪੜਾਅ ਸ਼ੁਰੂ ਹੋਵੇਗਾ। ਬਦਲੇ ਵਿਚ, ਇਜ਼ਰਾਈਲ, ਗਾਜ਼ਾ ਤੋਂ ਪਿੱਛੇ ਹਟੇਗਾ ਅਤੇ ਸਥਾਈ ਜੰਗਬੰਦੀ ਮੰਨਣ ਲਈ ਵਚਨਬੱਧ ਹੋਵੇਗਾ। 1,000 ਤੋਂ ਵੱਧ ਫਲਿਸਤੀਨੀਆਂ ਦੇ ਬਦਲੇ 94 ਇਜ਼ਰਾਇਲੀ ਬੰਦੀ, ਮਰੇ ਜਾਂ ਜ਼ਿੰਦਾ, ਨੂੰ ਰਿਹਾਅ ਕੀਤਾ ਜਾਵੇਗਾ। ਇਸ ਵਿਚ ਬਾਕੀ ਰਹਿੰਦੇ 65 ਇਜ਼ਰਾਇਲੀ ਬੰਦੀਆਂ ਦੀ ਰਿਹਾਈ ਵੀ ਸ਼ਾਮਲ ਹੈ। ਮੰਨਿਆ ਜਾਂਦਾ ਹੈ ਕਿ 94 ਵਿਚੋਂ 30 ਦੇ ਕਰੀਬ ਬੰਧਕ ਮਰ ਚੁੱਕੇ ਹਨ। 9 ਮਾਰਚ (ਦਿਨ 50) ਨੂੰ ਇਜ਼ਰਾਇਲੀ ਫੌਜਾਂ ਗਾਜ਼ਾ ਨੂੰ ਮਿਸਰ ਤੋਂ ਵੱਖ ਕਰਦੇ ਫਿਲਾਡੇਲਫੀਆ ਲਾਂਘੇ ਤੋਂ ਵੀ ਆਪਣੀ ਵਾਪਸੀ ਸ਼ੁਰੂ ਕਰਨਗੀਆਂ। ਕਾਰਾਂ ਅਤੇ ਕਿਸੇ ਵੀ ਗੈਰ-ਪੈਦਲ ਚੱਲਣ ਵਾਲੇ ਟ੍ਰੈਫਿਕ ਨੂੰ ਨੇਜ਼ਾਰਿਮ ਕੋਰੀਡੋਰ ਜੋ ਗਾਜ਼ਾ ਨੂੰ ਉੱਤਰ ਅਤੇ ਦੱਖਣ ਵਿਚਕਾਰ ਵੰਡਦਾ ਹੈ, ਦੇ ਉੱਤਰ ਵੱਲ ਵਾਪਸ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ। ਹਾਲਾਂਕਿ ਇਜ਼ਰਾਈਲ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਦੁਸ਼ਮਣੀ ਮੁੜ ਸ਼ੁਰੂ ਹੋਣ ਤੋਂ ਇਨਕਾਰ ਕਰਨ ਲਈ ਕੋਈ ਲਿਖਤੀ ਗਾਰੰਟੀ ਨਹੀਂ ਦਿੱਤੀ ਗਈ ਹੈ। ਹਮਾਸ ਨੂੰ ਕਥਿਤ ਤੌਰ 'ਤੇ ਮਿਸਰ, ਕਤਰ ਅਤੇ ਅਮਰੀਕਾ ਦੁਆਰਾ ਜ਼ਬਾਨੀ ਗਾਰੰਟੀ ਦਿੱਤੀ ਗਈ ਸੀ ਕਿ ਗੱਲਬਾਤ ਜਾਰੀ ਰਹੇਗੀ। ਤੀਜਾ ਪੜਾਅ 12 ਅਪ੍ਰੈਲ (ਦਿਨ 84) ਨੂੰ ਸ਼ੁਰੂ ਹੋਣਾ ਹੈ ਜਿਸਦੇ ਵੇਰਵੇ ਅਜੇ ਅਸਪੱਸ਼ਟ ਹਨ। ਇਹ ਪੜਾਅ ਦੂਜੇ ਪੜਾਅ ਦੀਆਂ ਸ਼ਰਤਾਂ ਪੂਰੀਆਂ ਕੀਤੀਆਂ ਜਾਣ 'ਤੇ ਹੀ ਸ਼ੁਰੂ ਹੋਵੇਗਾ, ਜਦੋਂ ਬਾਕੀ ਰਹਿੰਦੇ ਬੰਦੀਆਂ ਅਤੇ ਬਚੇ ਬੰਦੀਆਂ ਦੀਆਂ ਲਾਸ਼ਾਂ ਨੂੰ ਅੰਤਰਰਾਸ਼ਟਰੀ ਨਿਗਰਾਨੀ ਹੇਠ ਤਿੰਨ ਤੋਂ ਪੰਜ ਸਾਲਾਂ ਦੀ ਪੁਨਰ ਨਿਰਮਾਣ ਯੋਜਨਾ ਦੇ ਬਦਲੇ ਸੌਂਪਿਆ ਜਾਣਾ ਹੈ। ਫਿਲਹਾਲ ਇਸ ਗੱਲ 'ਤੇ ਕੋਈ ਸਮਝੌਤਾ ਨਹੀਂ ਹੋਇਆ ਕਿ ਜੰਗਬੰਦੀ ਤੋਂ ਬਾਅਦ ਗਾਜ਼ਾ ਦਾ ਪ੍ਰਬੰਧਨ ਕੌਣ ਕਰੇਗਾ। ਅਮਰੀਕਾ ਨੇ ਅਜਿਹਾ ਕਰਨ ਲਈ ਫਲਸਤੀਨੀ ਅਥਾਰਟੀ ਦੇ ਸੁਧਾਰੇ ਗਏ ਸੰਸਕਰਣ ਲਈ ਦਬਾਅ ਪਾਇਆ ਹੈ। ਸਹਾਇਤਾ ਏਜੰਸੀਆਂ ਨੇ ਗਾਜ਼ਾ ਤੱਕ ਨਿਰਵਿਘਨ ਮਾਨਵਤਾਵਾਦੀ ਪਹੁੰਚ ਦੀ ਮੰਗ ਕੀਤੀ ਹੈ, ਜਿੱਥੇ ਕਾਲ ਪੈ ਸਕਦਾ ਹੈ। ਕਈ ਫਲਿਸਤੀਨੀਆਂ ਨੇ ਦੱਸਿਆ ਕਿ ਉਹ ਮੌਕਾ ਮਿਲਣ 'ਤੇ ਆਪਣੇ ਕਸਬਿਆਂ ਅਤੇ ਪਿੰਡਾਂ ਨੂੰ ਵਾਪਸ ਜਾਣ ਦੀ ਯੋਜਨਾ ਬਣਾ ਰਹੇ ਹਨ। 66 ਸਾਲਾ ਔਰਤ ਉਮ ਮੁਹੰਮਦ, ਜਿਸਨੇ ਇਜ਼ਰਾਇਲੀ ਬੰਬਾਰੀ ਵਿਚ ਆਪਣੇ 10 ਬੱਚਿਆਂ ਵਿਚੋਂ ਦੋ ਨੂੰ ਗੁਆ ਦਿੱਤਾ, ਨੇ ਦੱਸਿਆ "ਜੰਗਬੰਦੀ ਹੁੰਦਿਆਂ ਹੀ, ਮੈਂ ਉੱਤਰੀ ਗਾਜ਼ਾ ਵਿਚ ਆਪਣੀ ਧਰਤੀ 'ਤੇ ਵਾਪਸ ਜਾਵਾਂਗੀ ਅਤੇ ਇਸ ਨੂੰ ਚੁੰਮਾਂਗੀ।" ਕੀ ਇਹ ਸਮਝੌਤਾ ਸਿਰੇ ਚੜ੍ਹੇਗਾ ਇਸ ਬਾਰੇ ਯਕੀਨ ਨਾਲ ਅਜੇ ਕੁੱਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਜੰਗਬੰਦੀ ਸਮਝੌਤੇ ਦਾ ਐਲਾਨ ਹੋਣ ਤੋਂ ਬਾਅਦ ਇਜ਼ਰਾਈਲ ਦੇ ਹਵਾਈ ਹਮਲਿਆਂ 'ਚ ਘੱਟੋ-ਘੱਟ 80 ਫਲਸਤੀਨੀ ਮਾਰੇ ਗਏ ਹਨ। ਸਮਝੌਤੇ ਨਾਲ ਗਾਜ਼ਾ ਵਾਸੀਆਂ ਨੂੰ ਮੁੜ ਨਵੀਂ ਜ਼ਿੰਦਗੀ ਅਤੇ ਨਵੇਂ ਘਰ ਮਿਲਣ ਦੀ ਆਸ ਤਾਂ ਬੱਝੀ ਹੈ ਪਰ ਜ਼ਮੀਨੀ ਤੱਥਾਂ ਤੋਂ ਪਤਾ ਲਗਦਾ ਹੈ ਕਿ ਅਗਲੇ 72 ਘੰਟਿਆਂ ਵਿਚ ਗਾਜ਼ਾ ਵਿਚ ਹਮਲਿਆਂ ਦੇ ਪੈਮਾਨੇ ਦੇ ਵਿਸਥਾਰ ਨੂੰ ਲੈ ਕੇ ਨਾਗਰਿਕ ਅਜੇ ਵੀ ਪੂਰੀ ਤਰ੍ਹਾਂ ਡਰੇ ਹੋਏ ਹਨ। ਆਮ ਲੋਕਾਂ ਦਾ ਵਿਸ਼ਵਾਸ ਹੈ ਕਿ ਇਜ਼ਰਾਈਲ ਦਾ ਜੰਗਬੰਦੀ ਸਮਝੌਤਿਆਂ ਪ੍ਰਤੀ ਵਚਨਬੱਧਤਾ ਦੇ ਸਬੰਧ ਵਿਚ ਉਲੰਘਣਾਵਾਂ ਦਾ ਬਹੁਤ ਲੰਮਾ ਇਤਿਹਾਸ ਹੈ ਤੇ ਉਨ੍ਹਾਂ ਨੂੰ ਯਕੀਨ ਨਹੀਂ ਕਿ ਇਜ਼ਰਈਲ ਇਸ ਸਮਝੌਤੇਂ ਤੇ ਪੂਰਾ ਉਤਰੇਗਾ। ਇਜ਼ਰਾਈਲ ਦੇ ਕੁੱਝ ਸੱਜੇ ਪੱਖੀ ਵੀ ਇਸ ਸਮਝੌਤੇ ਨੂੰ ਮੰਨਣ ਦੇ ਹੱਕ ਵਿਚ ਨਹੀਂ। ਸਮਝੌਤਾ ਅਸਥਾਈ ਹੈ ਪੱਕਾ ਨਹੀਂ। ਪੱਕੀ ਸ਼ਾਂਤੀ ਦੀ ਸੰਭਾਵਨਾ ਲਈ ਇਜ਼ਰਾਈਲ, ਗਾਜ਼ਾ ਸਮੇਤ ਫਲਸਤੀਨ ਨੂੰ ਆਪਣੀ ਬਸਤੀ ਸਮਝਣ ਦੀ ਥਾਂ ਇੱਕ ਵੱਖ ਦੇਸ਼ ਦੀ ਮਾਨਤਾ ਦੇਵੇ ਤੇ ਦੋਨਾਂ ਦੇਸ਼ਾਂ ਵਿਚ ਚਿਰ ਸਥਾਈ ਸਮਝੌਤਾ ਹੋਵੇ।

# ਸਿਹਤ ਸੰਸਾਰ



## ਜੇ ਚਾਹੁੰਦੇ ਹੋ
# ਕੋਲੈਸਟ੍ਰੋਲ ਘੱਟ ਕਰਨਾ

**ਲੇਖਕ: ਨੀਤੂ ਗੁਪਤਾ**

ਖ਼ੂਨ ਵਿਚ ਦੋ ਤਰ੍ਹਾਂ ਦਾ ਕੋਲੈਸਟ੍ਰੋਲ ਹੁੰਦਾ ਹੈ- ਐਲ.ਡੀ.ਐਲ. ਅਤੇ ਐਚ.ਡੀ.ਐਲ.। ਐਲ.ਡੀ.ਐਲ. ਦਾ ਮਤਲਬ ਹੈ ਖ਼ਰਾਬ ਕੋਲੈਸਟ੍ਰੋਲ। ਇਹ ਚਰਬੀ ਦਾ ਉਹ ਥੱਕਾ ਹੁੰਦਾ ਹੈ ਜੋ ਨਾੜਾਂ ਨਾਲ ਚਿਪਕ ਜਾਂਦਾ ਹੈ ਅਤੇ ਉਨ੍ਹਾਂ ਨੂੰ ਸਖ਼ਤ ਬਣਾ ਬਣਾ ਦਿੰਦਾ ਹੈ। ਥੱਕੇ ਦੀ ਵਜ੍ਹਾ ਨਾਲ ਖ਼ੂਨ ਵਾਲੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ ਜਿਸ ਦਾ ਨਤੀਜਾ ਹੁੰਦਾ ਹੈ, ਖ਼ੂਨ ਇਨ੍ਹਾਂ ਨਾੜੀਆਂ ਵਿਚੋਂ ਸਹੀ ਤਰੀਕੇ ਨਾਲ ਪ੍ਰਵਾਹ ਨਹੀਂ ਹੁੰਦਾ। ਅਸੀਂ ਜਿੰਨਾ ਐਚ.ਡੀ.ਐਲ. ਭਾਵ ਚੰਗਾ ਕੋਲੈਸਟ੍ਰੋਲ ਆਪਣੇ ਭੋਜਨ ਵਿਚ ਸ਼ਾਮਿਲ ਕਰਾਂਗੇ, ਓਨਾ ਡੀ.ਐਲ.ਐਲ. ਕੋਲੈਸਟ੍ਰੋਲ ਦਾ ਪੱਧਰ ਖ਼ੂਨ ਵਿਚ ਘੱਟ ਰਹਿ ਸਕੇਗਾ। ਉਂਜ ਅਸੀਂ ਦਵਾਈ ਲੈ ਕੇ ਵੀ ਆਪਣਾ ਕੋਲੈਸਟ੍ਰੋਲ ਕਾਬੂ ਵਿਚ ਰੱਖ ਸਕਦੇ ਹਾਂ ਪਰ ਨਾਲ ਹੀ ਸਹੀ ਭੋਜਨ ਅਤੇ ਸਹੀ ਕਸਰਤ ਵੀ ਜ਼ਰੂਰੀ ਹੈ।

ਖ਼ੂਨ 'ਚ ਕੋਲੈਸਟ੍ਰੋਲ ਦਾ ਵਧਣਾ ਆਧੁਨਿਕ ਜੀਵਨਸ਼ੈਲੀ ਦੀ ਦੇਣ ਹੈ। ਅੱਜ ਦੀ ਭੱਜ-ਨੱਠ ਦੇ ਮਾਹੌਲ ਵਿਚ ਨਾ ਤਾਂ ਲੋਕ ਆਪਣਾ ਖਾਣ-ਪੀਣ ਠੀਕ ਰੱਖ ਸਕਦੇ ਹਨ ਅਤੇ ਨਾ ਹੀ ਲਗਾਤਾਰ ਕਸਰਤ। ਤਣਾਅ ਭਰੇ ਵਾਤਾਵਰਨ ਵਿਚ ਕੰਮ ਕਰਨਾ ਤਾਂ ਠੀਕ ਹੈ ਪਰ ਭੋਜਨ ਨਾ ਕਰਨਾ ਆਦਿ ਇਸ ਦੇ ਕਾਰਨ ਹੋ ਸਕਦੇ ਹਨ।

ਜਿਨ੍ਹਾਂ ਲੋਕਾਂ ਦੀ ਨੌਕਰੀ ਜਾਂ ਵਪਾਰ ਅਜਿਹਾ ਹੈ ਕਿ ਉਹ ਹਰ ਰੋਜ਼ ਕਸਰਤ ਲਈ ਸਮਾਂ ਨਹੀਂ ਕੱਢ ਸਕਦੇ, ਉਨ੍ਹਾਂ ਲਈ ਜ਼ਰੂਰੀ ਹੈ ਕਿ ਛੁੱਟੀ ਵਾਲੇ ਦਿਨ ਉਹ ਕਸਰਤ ਜ਼ਰੂਰ ਕਰਨ ਅਤੇ ਖਾਣ-ਪੀਣ ਵਿਚ ਪਰਿਵਰਤਨ ਲਿਆ ਕੇ ਆਪਣੀ ਜੀਵਨਸ਼ੈਲੀ 'ਚ ਬਦਲਾਅ ਲਿਆਉਣ ਜਿਵੇਂ ਮੈਦੇ ਦੇ ਬਰੈੱਡ ਦੀ ਜਗ੍ਹਾ ਵੀਟ ਬਰੈੱਡ ਜਾਂ ਮਲਟੀਗ੍ਰੇਨ ਬਰੈੱਡ ਦੀ ਵਰਤੋਂ ਕਰਨਾ, ਸਨੈਕਸ ਦੀ ਜਗ੍ਹਾ 'ਤੇ ਫਲ ਅਤੇ ਪੁੰਗਰੇ ਅਨਾਜ ਦੀ ਵਰਤੋਂ ਕਰਨਾ ਕੋਲਡ ਡਰਿੰਕ ਦੀ ਜਗ੍ਹਾ 'ਤੇ ਨਿੰਬੂ ਪਾਣੀ ਜਾਂ ਸਧਾਰਨ ਪਾਣੀ ਹੀ ਪੀਣਾ, ਚਾਹ ਕਾਫੀ ਦੀ ਜਗ੍ਹਾ ਗਰੀਨ-ਟੀ ਪੀਣਾ। ਇਹ ਬਦਲ ਚੁਣ ਕੇ ਉਹ ਆਪਣੇ ਵਧੇ ਹੋਏ ਕੋਲੈਸਟ੍ਰੋਲ ਨੂੰ ਕਾਬੂ ਕਰ ਸਕਦੇ ਹਨ।

### ਕੋਲੈਸਟ੍ਰੋਲ ਜ਼ਿਆਦਾ ਵਧਣ 'ਤੇ ਕੀ ਖਾਓ?

ਸੁੱਕੇ ਮੇਵੇ ਅਖਰੋਟ, ਬਦਾਮ ਅਤੇ ਪਿਸਤਾ ਖਾਣ ਨਾਲ ਐਲ.ਡੀ.ਐਚ. ਕੋਲੈਸਟ੍ਰੋਲ ਦਾ ਪੱਧਰ ਘਟ ਜਾਂਦਾ ਹੈ। ਅਖਰੋਟ ਖਾਣ ਨਾਲ ਦਿਲ ਦੇ ਸੰਭਾਵਿਤ ਖ਼ਤਰੇ ਤੋਂ ਬਚਾਅ ਰਹਿੰਦਾ ਹੈ। ਇਨ੍ਹਾਂ ਸੁੱਕੇ ਮੇਵਿਆਂ ਓਮੇਗਾ-3 ਫੈਟੀ ਐਸਿਡ ਅਤੇ ਐਂਟੀਆਕਸੀਡੈਂਟ ਹੋਰ ਕਾਰਨ ਚਰਬੀ ਭਰਪੂਰ ਭੋਜਨ 'ਚ ਮੌਜੂਦ ਸੈਚੁਰੇਟਿਡ ਫੈਟਸ ਆਰਟਰੀਜ਼ ਨੂੰ ਹੋਣ ਵਾਲੇ ਨੁਕਸਾਨ ਦੀ ਭਰਪਾਈ ਹੋ ਜਾਂਦੀ ਹੈ।

### ਸਬਜ਼ੀ 'ਚ ਵਰਤੇ ਜਾਣ ਵਾਲੇ ਤੇਲ

ਸਬਜ਼ੀ ਅਸੀਂ ਲੋਕ ਰਿਫਾਈਂਡ ਤੇਲ, ਸ਼ੁੱਧ ਘਿਓ, ਬਨਸਪਤੀ ਘਿਓ ਜਾਂ ਸਰ੍ਹੋਂ ਦੇ ਤੇਲ ਵਿਚ ਬਣਾਉਂਦੇ ਹਾਂ। ਸਾਨੂੰ ਇਕ ਹੀ ਤੇਲ 'ਤੇ ਨਿਰਭਰ ਨਹੀਂ ਹੋਣਾ ਚਾਹੀਦਾ ਹੈ। ਹਰ ਮਹੀਨੇ ਤੇਲ ਬਦਲ-ਬਦਲ ਕੇ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ। ਖਾਣ ਵਾਲੇ ਤੇਲਾਂ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ। ਅਜਿਹੇ ਵਿਚ ਨਾਨ ਸਟਿੱਕ ਕੁੱਕ ਵੇਅਰ, ਮਾਈਕ੍ਰੋਵੇਵ ਆਦਿ ਦੀ ਵਰਤੋਂ ਜ਼ਿਆਦਾ ਕਰਨੀ ਚਾਹੀਦੀ ਹੈ। ਸਾਨੂੰ ਖਾਣ ਵਾਲੇ ਤੇਲਾਂ ਵਿਚ ਮੂੰਗਫਲੀ ਦਾ ਤੇਲ, ਤਿਲ ਦਾ ਤੇਲ, ਸੋਇਆਬੀਨ, ਸਰ੍ਹੋਂ ਦਾ ਤੇਲ ਅਤੇ ਰਾਈਸ ਬ੍ਰਾਨ ਤੇਲ ਵਰਤੋਂ ਵਿਚ ਲਿਆਉਣੇ ਚਾਹੀਦੇ ਹਨ। ਉਂਜ ਆਲਿਵ ਆਇਲ ਖਾਣ ਵਾਲੇ ਤੇਲਾਂ ਵਿਚੋਂ ਕਾਫੀ ਚੰਗਾ ਹੁੰਦਾ ਹੈ ਅਤੇ ਮਹਿੰਗਾ ਹੋਣ ਕਾਰਨ ਸਾਰੇ ਵਰਗ ਦੇ ਲੋਕ ਇਸ ਦੀ ਵਰਤੋਂ ਨਹੀਂ ਕਰਦੇ।

### ਦਹੀਂ

ਦਹੀਂ ਸਾਡੇ ਖ਼ਰਾਬ ਕੋਲੈਸਟ੍ਰੋਲ ਨੂੰ ਘੱਟ ਕਰਦਾ ਹੈ। ਦਹੀਂ ਸਾਰੇ ਵਰਗਾਂ ਦੀ ਪਹੁੰਚ ਵਿਚ ਹੈ। ਆਪਣੇ ਭੋਜਨ ਵਿਚ ਦਹੀਂ ਨੂੰ ਪਹਿਲ ਦੇ ਤੌਰ 'ਤੇ ਵਰਤੋ ਅਤੇ ਰੋਜ਼ਾਨਾ ਹੀ ਖਾਓ ਤਾਂ ਕਿ ਤੁਹਾਡੀਆਂ ਖ਼ੂਨ ਵਾਲੀਆਂ ਨਾੜੀਆਂ ਦਾ ਸੁੰਗੜਨ ਤੋਂ ਬਚਾਅ ਹੋ ਸਕੇ ਅਤੇ ਭਵਿੱਖ ਵਿਚ ਹੋਣ ਵਾਲੇ ਖ਼ਤਰੇ ਤੋਂ ਬਚਿਆ ਜਾ ਸਕੇ।

### ਜਈ ਭਾਵ ਓਟਸ

ਓਟਸ ਜਈ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸ ਵਿਚ ਬੀਟਾ ਗਲੂਕੇਨ ਰਸਾਇਣ ਹੋਣ ਕਾਰਨ ਐਲ.ਡੀ.ਐਲ. ਸਾਡੀਆਂ ਖ਼ੂਨ ਵਾਲੀਆਂ ਨਾੜੀਆਂ ਵਿਚ ਜੰਮਦਾ ਨਹੀਂ। ਓਟਸ ਬ੍ਰਾਨ ਨੂੰ ਅਸੀਂ ਕਣਕ ਦੇ ਆਟੇ ਵਿਚ ਮਿਲਾ ਕੇ ਖਾ ਸਕਦੇ ਹਾਂ। ਦਲੀਏ ਦੇ ਰੂਪ ਵਿਚ ਖਾ ਸਕਦੇ ਹਾਂ ਅਤੇ ਓਟਸ ਫਲੈਕਸ ਨੂੰ ਦੁੱਧ ਵਿਚ ਮਿਲਾ ਕੇ ਬਰੇਕਫਾਸਟ ਸੀਰੀਅਲ ਦੇ ਰੂਪ ਵਿਚ ਲੈ ਸਕਦੇ ਹਾਂ।

### ਅਲਸੀ ਦੇ ਬੀਜ

ਅਲਸੀ ਦੇ ਬੀਜ ਖਾਣ ਨਾਲ ਬਲੱਡ ਪ੍ਰੈਸ਼ਰ ਕਾਬੂ 'ਚ ਰਹਿੰਦਾ ਹੈ। ਖੋਜਾਂ ਅਨੁਸਾਰ ਨੌਜਵਾਨ ਪੁਰਸ਼ਾਂ 'ਚ 8 ਗ੍ਰਾਮ ਅਲਸੀ ਦੇ ਬੀਜ ਲਗਾਤਾਰ ਰੂਪ ਵਿਚ ਖਾਣ ਨਾਲ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਕਾਬੂ 'ਚ ਰਹਿੰਦਾ ਹੈ। ਅਲਸੀ 'ਚ ਓਮੇਗਾ-3 ਫੈਟੀ ਐਸਿਡ ਭਰਪੂਰ ਮਾਤਰਾ ਵਿਚ ਹੁੰਦਾ ਹੈ।

### ਸਾਬਤ ਅਨਾਜ

ਸਾਬਤ ਅਨਾਜ ਵਿਚ ਪੁੰਗਰੀਆਂ ਦਾਲਾਂ, ਅਨਾਜ ਅਤੇ ਦਲੀਆ ਆਉਂਦੇ ਹਨ। ਖੋਜਾਂ ਅਨੁਸਾਰ ਜੋ ਲੋਕ ਪੁੰਗਰੀਆਂ ਦਾਲਾਂ ਅਤੇ ਦਲੀਏ ਦੀ ਵਰਤੋਂ ਕਰਦੇ ਹਨ, ਉਨ੍ਹਾਂ ਦੀਆਂ ਖ਼ੂਨ ਵਾਲੀਆਂ ਨਾੜੀਆਂ 'ਚ ਮੋਟਾਪਨ ਆਉਣ ਦੀ ਗਤੀ ਮੱਧਮ ਹੋਣ ਕਰਕੇ ਖ਼ੂਨ ਦੀਆਂ ਨਾੜਾਂ ਵਿਚ ਲਚਕੀਲਾਪਨ ਰਹਿੰਦਾ ਹੈ। ਜਿੰਨੀਆਂ ਆਰਟਰੀਜ਼ ਨਰਮ ਹੋਣਗੀਆਂ, ਓਨਾ ਹੀ ਦਿਲ ਅਤੇ ਦਿਮਾਗ ਦੇ ਦੌਰੇ ਦਾ ਖ਼ਤਰਾ ਘੱਟ ਹੁੰਦਾ ਹੈ। ਇਸ ਲਈ ਆਪਣੇ ਭੋਜਨ ਵਿਚ ਇਨ੍ਹਾਂ ਨੂੰ ਪਹਿਲ ਦਿਓ।

ਇਸ ਤੋਂ ਇਲਾਵਾ ਸੋਇਆਬੀਨ ਅਤੇ ਅਨਾਰ ਦੇ ਰਸ ਦੀ ਲਗਾਤਾਰ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਖ਼ੂਨ ਦੇ ਥੱਕੇ ਬਣਾਉਣ ਦੀ ਪ੍ਰਕਿਰਿਆ ਨੂੰ ਘੱਟ ਕੀਤਾ ਜਾ ਸਕੇ।

ਇਸ ਤਰ੍ਹਾਂ ਆਪਣੇ ਖਾਣ-ਪੀਣ ਅਤੇ ਜੀਵਨਸ਼ੈਲੀ ਵਿਚ ਪਹਿਲਾਂ ਬਦਲਾਅ ਲਿਆਓ ਅਤੇ ਸਮੇਂ-ਸਮੇਂ 'ਤੇ ਖ਼ੂਨ ਦੀ ਜਾਂਚ ਕਰਵਾਉਂਦੇ ਰਹਿਣ ਨਾਲ ਵੀ ਕੋਲੈਸਟ੍ਰੋਲ ਕਾਬੂ ਰਹਿ ਸਕਦਾ ਹੈ। ਜੇਕਰ ਫਿਰ ਵੀ ਕੋਲੈਸਟ੍ਰੋਲ ਕਾਬੂ ਵਿਚ ਨਾ ਰਹੇ ਤਾਂ ਡਾਕਟਰ ਨਾਲ ਸਲਾਹ ਕਰਕੇ ਦਵਾਈ ਦੀ ਵਰਤੋਂ ਕੀਤੀ ਜਾ ਸਕਦੀ ਹੈ। ਫਿਰ ਵੀ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਖ਼ੂਨ ਦੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ।

## ਕੁਦਰਤ ਦਾ ਵਧੀਆ ਫਲ
# ਨਾਰੀਅਲ

**ਲੇਖਕ : ਸੁਨੀਤਾ ਗਾਬਾ**



- ਨਾਰੀਅਲ ਦਾ ਪਾਣੀ ਪਿਆਸ ਬੁਝਾਉਂਦਾ ਹੈ ।
- ਗਰਮੀ ਦੇ ਪ੍ਰਕੋਪ ਨੂੰ ਘੱਟ ਕਰਨ ਲਈ ਨਾਰੀਅਲ ਦੀ ਕੱਚੀ ਗਿਰੀ ਦੀ ਵਰਤੋਂ ਉੱਤਮ ਹੁੰਦੀ ਹੈ ।
- ਕੱਚਾ ਨਾਰੀਅਲ ਠੰਢਾ, ਪੌਸ਼ਟਿਕ, ਜਲਣ-ਨਾਸ਼ੀ ਅਤੇ ਖ਼ੂਨ ਦੇ ਵਿਕਾਰ ਨੂੰ ਦੂਰ ਕਰਨ ਵਾਲਾ ਹੁੰਦਾ ਹੈ ।
- ਨਾਰੀਅਲ ਦੇ ਤੇਲ ਦੀ ਲਗਾਤਾਰ ਵਾਲਾਂ ਵਿਚ ਵਰਤੋਂ ਕਰਨ ਨਾਲ ਵਾਲ ਲੰਮੇ, ਸੰਘਣੇ ਅਤੇ ਮੁਲਾਇਮ ਹੁੰਦੇ ਹਨ ।
- ਬੁੱਲ੍ਹਾਂ ਦੇ ਕਾਲੇਪਨ ਨੂੰ ਦੂਰ ਕਰਨ ਲਈ ਨਾਰੀਅਲ ਦੇ ਤੇਲ ਵਿਚ ਨਿੰਬੂ ਦਾ ਰਸ, ਗੁਲਾਬ ਦਾ ਅਰਕ ਬਰਾਬਰ ਮਿਲਾ ਕੇ ਬੁੱਲ੍ਹਾਂ 'ਤੇ ਲਗਾਤਾਰ ਲਗਾਉਣ ਨਾਲ ਲਾਭ ਮਿਲਦਾ ਹੈ ।
- ਗਰਭਵਤੀ ਔਰਤ ਜੇਕਰ ਨਾਰੀਅਲ ਅਤੇ ਮਿਸ਼ਰੀ ਨੂੰ ਚਬਾ ਚਬਾ ਕੇ ਲਗਾਤਾਰ ਖਾਵੇ ਤਾਂ ਬੱਚੇ ਦੀਆਂ ਅੱਖਾਂ ਵੱਡੀਆਂ ਖ਼ੂਬਸੂਰਤ ਹੁੰਦੀਆਂ ਹਨ ।
- ਅੱਗ ਨਾਲ ਸੜ ਜਾਣ ਵਾਲੇ ਹਿੱਸੇ 'ਤੇ ਸਾਫ਼ ਪਾਣੀ ਵਿਚ ਨਾਰੀਅਲ ਤੇਲ ਮਿਲਾ ਕੇ ਲਗਾਉਣ ਨਾਲ ਲਾਭ ਮਿਲਦਾ ਹੈ ।
- ਉਲਟੀਆਂ ਹੋਣ 'ਤੇ ਨਾਰੀਅਲ ਦਾ ਪਾਣੀ ਦਿਨ ਵਿਚ ਕਈ ਵਾਰ ਰੋਗੀ ਨੂੰ ਥੋੜ੍ਹੀ-ਥੋੜ੍ਹੀ ਮਾਤਰਾ ਵਿਚ ਦੇਣ ਨਾਲ ਲਾਭ ਹੁੰਦਾ ਹੈ ।
- ਪੇਟ ਵਿਚ ਕੀੜੇ ਹੋਣ ਦੀ ਹਾਲਤ ਵਿਚ ਹਮੇਸ਼ਾ ਖਾਲੀ ਪੇਟ ਨਾਰੀਅਲ ਖਾਣਾ ਲਾਭਕਾਰੀ ਹੁੰਦਾ ਹੈ ।
- ਸਰਦੀ ਵਿਚ ਚਮੜੀ ਨੂੰ ਫਟਣ ਤੋਂ ਬਚਾਉਣ ਲਈ ਰਾਤ ਨੂੰ ਸੌਂਦੇ ਸਮੇਂ ਨਾਰੀਅਲ ਤੇਲ ਮਲਣ ਨਾਲ ਚਮੜੀ ਫਟਣ ਤੋਂ ਬਚ ਜਾਂਦੀ ਹੈ । ਤੇਲ ਬਾਂਹ, ਹੱਥ, ਪੈਰ ਅਤੇ ਬੁੱਲ੍ਹਾਂ 'ਤੇ ਲਗਾ ਸਕਦੇ ਹੋ ।
- ਚਿਹਰੇ 'ਤੇ ਛਾਈਆਂ ਹੋਣ ਦੀ ਹਾਲਤ ਵਿਚ ਕੱਚੇ ਨਾਰੀਅਲ ਦੀ ਗਿਰੀ ਵਰਤੋਂ ਲਗਾਤਾਰ ਕਰੋ ਅਤੇ ਚਿਹਰੇ 'ਤੇ ਤੁਲਸੀ ਦੀ ਪੱਤੀਆਂ ਦਾ ਰਸ, ਨਾਰੀਅਲ ਦੇ ਪਾਣੀ ਅਤੇ ਗਿਰੀ ਪੀਹ ਕੇ ਮਿਲਾ ਕੇ ਚਿਹਰੇ 'ਤੇ ਇਸ ਦਾ ਲੇਪ ਕਰਨ ਨਾਲ ਛਾਈਆਂ ਦੂਰ ਹੁੰਦੀਆਂ ਹਨ ।
- ਨਾਰੀਅਲ ਦੇ ਪਾਣੀ ਨੂੰ ਰੂੰ ਦੇ ਫੇਹੇ ਨਾਲ ਚਿਹਰੇ 'ਤੇ ਸਵੇਰੇ ਸ਼ਾਮ ਲਗਾਓ, ਸੁੱਕਣ 'ਤੇ ਤਾਜ਼ੇ ਪਾਣੀ ਨਾਲ ਚਿਹਰਾ ਧੋ ਲਓ । ਚਿਹਰੇ ਦਾ ਖ਼ੁਦਰਾਪਨ ਦੂਰ ਹੋ ਕੇ ਚਿਹਰੇ ਦੀ ਚਮੜੀ ਕੋਮਲ ਹੋ ਜਾਵੇਗੀ ।
- ਨਾਰੀਅਲ ਦਾ ਪਾਣੀ ਉਨੀਂਦਰਾ ਰੋਗ ਦੀ ਸਰਬੋਤਮ ਦਵਾਈ ਮੰਨਿਆ ਜਾਂਦਾ ਹੈ, ਜਿਨ੍ਹਾਂ ਨੂੰ ਨੀਂਦ ਨਾ ਆਉਣ ਦੀ ਪ੍ਰੇਸ਼ਾਨੀ ਹੋਵੇ, ਉਨ੍ਹਾਂ ਨੂੰ ਲਗਾਤਾਰ ਨਾਰੀਅਲ ਪਾਣੀ ਪੀਣਾ ਚਾਹੀਦਾ ।

# ਤੁਸੀਂ ਕਿਤੇ ਕਬਜ਼ ਤੋਂ ਪ੍ਰੇਸ਼ਾਨ ਤਾਂ ਨਹੀਂ

**ਲੇਖਕ: ਸੁਨੀਤਾ ਗਾਬਾ**

ਰੋਜ਼ ਠੀਕ ਸਮੇਂ 'ਤੇ ਪਖਾਨਾ ਜਾਓ। ਸਮੇਂ ਦੀ ਬਦਇੰਤਜ਼ਾਮੀ ਕਬਜ਼ ਨੂੰ ਵਧਾਉਂਦੀ ਹੈ। ਮਲ ਤਿਆਗ ਸਮੇਂ ਸੁਭਾਵਿਕ ਢੰਗ ਨਾਲ ਬੈਠੋ, ਸਾਹ ਰੋਕ ਕੇ ਜ਼ੋਰ ਨਾ ਲਗਾਓ।

ਕਬਜ਼ ਮੁਕਤੀ ਲਈ ਜੁਲਾਬ ਵਾਲੀ ਦਵਾਈ ਨਾ ਲਓ ਕਿਉਂਕਿ ਇਸ ਨਾਲ ਅੰਤੜੀਆਂ ਨੂੰ ਨੁਕਸਾਨ ਪਹੁੰਚਦਾ ਹੈ। ਚਿੰਤਾ, ਸੋਗ ਅਤੇ ਮਾਨਸਿਕ ਤਣਾਅ ਤੋਂ ਬਚੋ। ਮਾਨਸਿਕ ਸੰਤੁਲਨ ਵਿਗੜਨ ਨਾਲ ਸੁਭਾਵਿਕ ਮਲ ਤਿਆਗ ਵਿਚ ਰੁਕਾਵਟ ਪੈਂਦੀ ਹੈ। ਪਾਣੀ ਵਿਚ ਨਿੰਬੂ ਮਿਲਾ ਕੇ ਐਨੀਮਾ ਲੈਣ ਨਾਲ ਪੁਰਾਣੀ ਕਬਜ਼ ਦੂਰ ਹੋ ਜਾਂਦੀ ਹੈ। ਜਦੋਂ ਮਲ ਤਿਆਗ ਜਾਂ ਮੂਤਰ ਤਿਆਗ ਦੀ ਸੰਭਾਵਨਾ ਹੋਵੇ, ਉਸ ਸਮੇਂ ਭੋਜਨ ਦਾ ਸੇਵਨ ਨਾ ਕਰੋ। ਉਸ ਦੇ ਤਿਆਗ ਤੋਂ ਬਾਅਦ ਹੀ ਭੋਜਨ ਖਾਓ। ਸਫ਼ਾਈ ਦਾ ਪੂਰਾ ਧਿਆਨ ਰੱਖੋ।

ਕਬਜ਼ ਦੂਰ ਕਰਨ ਲਈ 6 ਗ੍ਰਾਮ ਤ੍ਰਿਫਲਾ ਚੂਰਨ ਗਰਮ ਪਾਣੀ ਨਾਲ ਰਾਤ ਨੂੰ ਸੌਣ ਤੋਂ ਪਹਿਲਾਂ ਲਓ ਜਾਂ ਈਸਬਗੋਲ ਦੀ ਭੁੱਕੀ 6 ਗ੍ਰਾਮ ਗਰਮ ਦੁੱਧ ਨਾਲ ਲਓ। ਪੇਟ ਸਾਫ਼ ਹੋ ਜਾਵੇਗਾ। ਆਪਣਾ ਜੀਵਨ ਸਰਗਰਮੀ ਵਾਲਾ ਬਣਾਓ। ਘੰਟਿਆਂਬੱਧੀ ਲਗਾਤਾਰ ਬੈਠ ਕੇ ਕੰਮ ਕਰਨ ਵਾਲਿਆਂ ਵਿਚ ਕਬਜ਼ ਜ਼ਿਆਦਾ ਹੁੰਦੀ ਹੈ। ਇਸ ਲਈ ਕਸਰਤ, ਆਸਣ ਅਤੇ ਸੈਰ ਕਰਦੇ ਰਹਿਣਾ ਚਾਹੀਦਾ ਹੈ। ਪੁਰਾਣੀ ਕਬਜ਼ ਜਾਂ ਪੇਟ ਦੀ ਹੋਰ ਕੋਈ ਬਿਮਾਰੀ ਹੋਣ 'ਤੇ ਭੋਜਨ ਤੋਂ ਡੇਢ ਘੰਟਾ ਪਹਿਲਾਂ ਦੋਵੇਂ ਸਮੇਂ ਇਕ-ਇਕ ਗਲਾਸ ਪਾਣੀ ਪੀਣਾ ਲਾਭਕਾਰੀ ਹੁੰਦੀ ਹੈ।

ਪਖਾਨਾ ਜਿਥੋਂ ਤੱਕ ਸੰਭਵ ਹੋਵੇ ਸਾਫ਼ ਥਾਂ 'ਤੇ ਹੀ ਜਾਓ। ਆਪਣੇ ਘਰ ਦੇ ਪਖਾਨੇ ਨੂੰ ਹਰ ਰੋਜ਼ ਸਾਫ਼ ਕਰੋ। ਇਸ ਨਾਲ ਮਲ ਤਿਆਗ ਕਰਨ ਸਮੇਂ ਬਦਬੂ ਨਹੀਂ ਆਉਂਦੀ।

ਆਪਣੇ ਭੋਜਨ ਵਿਚ ਰੇਸ਼ੇਦਾਰ ਭੋਜਨ ਨੂੰ ਮਹੱਤਵਪੂਰਨ ਥਾਂ ਦਿਓ। ਮੌਸਮੀ ਹਰੀਆਂ ਤਾਜ਼ੀਆਂ ਸਬਜ਼ੀਆਂ, ਮੌਸਮੀ ਫਲ, ਕਣਕ ਦਾ ਦਲੀਆ, ਦੁੱਧ, ਛਾਣਬੂਰੇ ਵਾਲਾ ਆਟਾ ਰੋਜ਼ ਖਾਓ।

ਕਬਜ਼ ਵਾਲੇ ਰੋਗੀਆਂ ਨੂੰ ਪਾਣੀ ਜ਼ਿਆਦਾ ਪੀਣਾ ਲਾਭ ਪਹੁੰਚਾਉਂਦਾ ਹੈ ਅਤੇ ਸਵੇਰੇ ਪਖਾਨਾ ਜਾਣ ਤੋਂ ਪਹਿਲਾਂ ਪਾਣੀ ਪੀਣਾ ਅਤਿ ਲਾਭਦਾਇਕ ਹੁੰਦਾ ਹੈ। ਕਬਜ਼ ਵਿਚ ਵਧੇਰੇ ਜੂਸ ਫਲ ਲਾਭ ਪਹੁੰਚਾਉਂਦੇ ਹਨ।

ਕਦੀ ਵੀ ਮਲ ਵੇਗ ਨੂੰ ਨਾ ਰੋਕੋ। ਮਲ ਵੇਗ ਨੂੰ ਰੋਕਣ ਨਾਲ ਵੀ ਕਬਜ਼ ਹੋ ਜਾਂਦੀ ਹੈ।

ਵਾਰ-ਵਾਰ ਪਖਾਨਾ ਜਾਣ ਦੀ ਇੱਛਾ ਦਾ ਹੋਣਾ ਜਾਂ ਪਖਾਨੇ ਜਾਣ ਤੋਂ ਬਾਅਦ ਵੀ ਪੇਟ ਹਲਕਾ ਨਾ ਹੋਣਾ ਕਬਜ਼ ਦੀ ਸ਼ੁਰੂਆਤ ਦੀ ਨਿਸ਼ਾਨੀ ਹੁੰਦੀ ਹੈ। ਉਸ ਨੂੰ ਉਥੇ ਰੋਕ ਦੇਣਾ ਹੀ ਸਮਝਦਾਰੀ ਹੈ।



ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਪਰਿਵਾਰਾਂ ਦੇ ਪੁੱਠੇ ਨਾਂਅ






ਸੱਥ ਕੋਲ ਦੀ ਲੰਘੇ ਜਾਂਦੇ ਭੱਜਲਾਂ ਦੇ ਰੁਲਦੂ ਬਾਵੇ ਵੱਲ ਵੇਖ ਕੇ ਬਾਬੇ ਸੁਰਜਨ ਸਿਉਂ ਨੇ ਮਾਹਲੇ ਨੰਬਰਦਾਰ ਨੂੰ ਪੁੱਛਿਆ,

"ਕਿਉਂ ਬਈ ਨੰਬਰਦਾਰਾ! ਆਹ ਰੁਲਦੂ ਬਾਵੇ ਦਾ ਹੁਣੇ ਹੁਣੇ ਚੌਥਾ ਪੰਜਮਾਂ ਗੇੜਾ ਲੱਗਦਾ ਯਾਰ। ਅੱਗੇ ਤਾਂ ਸੱਥ 'ਚ ਵੀ ਦੋ ਘੜੀਆਂ ਬਹਿ ਬੂਹ ਜਾਂਦਾ ਸੀ, ਹੁਣ ਮਹੀਨਾ ਸਾਰਾ ਹੋ ਗਿਆ ਸੱਥ 'ਚ ਮਨ੍ਹੀ ਆਇਆ। ਕਿਹੜਿਆਂ ਰੰਗਾਂ 'ਚ ਫਿਰਦੈ ਇਹੇ?"

ਬਾਬੇ ਦੇ ਕੋਲ ਬੈਠਾ ਸੀਤਾ ਮਰਾਸੀ ਕਹਿੰਦਾ, "ਇਹ ਕੋਈ ਬਾਬਾ ਅੱਜ ਦਾ ਕੰਮ ਐ ਇਹਦਾ। ਤੈਨੂੰ ਈਂ ਅੱਜ ਦਿਸਿਐ। ਇਹ ਤਾਂ ਨਿੱਤ ਈ ਪਿੰਡ 'ਚ ਇਉਂ ਤੁਰਿਆ ਫਿਰਦਾ ਰਹਿੰਦਾ ਜਿਮੇਂ ਰਾਤ ਦੀ ਖੁੱਲ੍ਹੀ ਵੀ ਮੱਝ ਦਪਹਿਰ ਤੱਕ ਔਟਲੀ ਤੁਰੀ ਫਿਰਦੀ ਹੁੰਦੀ ਐ।"

ਏਨੇ ਚਿਰ ਨੂੰ ਨਾਥਾ ਅਮਲੀ ਸੱਥ 'ਚ ਆ ਕੇ ਕਹਿੰਦਾ, "ਆਹ ਭੱਜਲਾਂ ਦਾ ਰੁਲਦੂ ਬਾਵਾ ਅੱਜ ਬਾਹਲ਼ਾ ਈ ਤੇਜ ਹੋਇਆ ਫਿਰਦਾ ਜਿਮੇਂ ਇੰਜਨ ਨਮਾਂ ਨਿਊਜਲ ਪਲੰਜਰ ਪਾਏ ਤੋਂ ਵੱਧਾਂ ਮਾਰਦਾ ਹੁੰਦੈ।"

ਸੀਤਾ ਮਰਾਸੀ ਕਹਿੰਦਾ, "ਉਹੀ ਤਾਂ ਅਸੀਂ ਗੱਲ ਕਰੀ ਜਾਨੇ ਆਂ ਬਈ ਨਿੱਤ ਈ ਗੇੜੇ 'ਤੇ ਗੇੜਾ ਹੁੰਦਾ ਇਹਦਾ ਪਿੰਡ 'ਚ।"

ਨਾਥਾ ਅਮਲੀ ਕਹਿੰਦਾ, "ਅੱਜ ਤਾਂ ਪਤੰਦਰ ਇਉਂ ਭੱਜਿਆ ਫਿਰਦਾ ਜਿਮੇਂ ਰੇਲੋ ਮਾਈ ਵਿਆਹਾਂ ਦੇ ਦਿਨਾਂ 'ਚ ਇੱਕ ਵਿਆਹ 'ਚੋਂ ਦੂਜੇ ਵਿਆਹ 'ਚ ਟਟੀਹਰੀ ਬਣੀ ਫਿਰਦੀ ਹੁੰਦੀ ਐ।"

ਬੁੱਘਰ ਦਖਾਣ ਨੇ ਪੁੱਛਿਆ, "ਇਨ੍ਹਾਂ ਨੂੰ ਭੱਜਲਾਂ ਦੇ ਕਿਉਂ ਕਹਿੰਦੇ ਐ ਬਈ। ਤੈਨੂੰ ਤਾਂ ਪਤਾ ਹੋਣੈ ਬਾਬਾ ਕੁ ਨਹੀਂ?"

ਬੁੱਘਰ ਦਾ ਸੁਆਲ ਸੁਣ ਕੇ ਬਾਬਾ ਤਾਂ ਬੋਲਿਆ ਨਾ, ਨਾਥੇ ਅਮਲੀ ਨੇ ਪਹਿਲਾਂ ਹੀ ਤੂੰਬਾ ਖੜਕਾਅ 'ਤਾ,

"ਮੈਂ ਦੱਸਦਾਂ ਤੈਨੂੰ ਬਈ ਇਹ ਭੱਜਲ ਕਿਉਂ ਵੱਜਦੇ ਐ। ਕੰਮ ਹੋਵੇ ਚਾਹੇ ਨਾ ਹੋਵੇ, ਇਨ੍ਹਾਂ ਦਾ ਸਾਰਾ ਟੱਬਰ ਜਿੱਧਰ ਵੀ ਜਾਊ, ਹਰਲ ਹਰਲ ਕਰਦਾ ਭੱਜਿਆ ਈ ਫਿਰਦਾ ਰਹਿੰਦਾ। ਤਿੰਨ ਚਾਰ ਸਾਲ ਦੀ ਗੱਲ ਐ, ਇਹ ਰੁਲਦੂ ਬਾਵਾ ਕਿਤੇ ਇੱਕ ਦਿਨ ਅੱਜ ਆਂਗੂੰ ਸੱਥ ਕੋਲ ਦੀ ਕਈ ਗੇੜੇ ਮਾਰ ਗਿਆ। ਜਦੋਂ ਅੱਠਮੇਂ ਸੱਤਮੇਂ ਗੇੜੇ ਕਿਤੇ ਸੱਥ ਕੋਲ ਦੀ ਨੰਘਣ ਲੱਗਿਆ ਤਾਂ ਝਾਫਿਆਂ ਦਾ ਬਿਸ਼ਨਾ ਬੁੜ੍ਹਾ ਰੁਲਦੂ ਦੇ ਮੂਹਰੇ ਝਾਫਾ ਬਣਕੇ ਖੜ੍ਹ ਗਿਆ। ਕਹਿੰਦਾ 'ਕਿੱਧਰ ਭੱਜਿਆ ਫਿਰਦੈਂ ਓਏ ਭੱਜਲਾ'? ਉਂਦੋਂ ਸੱਥ ਵੀ ਪੂਰੀ ਫੁੱਲ ਭਰੀ ਵੀ ਸੀ। ਜਦੋਂ ਬਿਸ਼ਨੇ ਬੁੜ੍ਹੇ ਨੇ ਇਹ ਗੱਲ ਆਖੀ ਤਾਂ ਸਾਰੀ ਸੱਥ ਬੁੜ੍ਹੇ ਦੀ ਗੱਲ ਤੋਂ ਹੱਸ ਪੀ। ਆਪਣੇ ਪਿੰਡ ਆਲਿਆਂ ਦਾ ਤਾਂ ਬਾਬਾ ਤੈਨੂੰ ਪਤਾ ਈ ਐ ਬਈ ਕੋਈ ਗੱਲ ਥਿਆ ਜੇ ਸਹੀ ਫੇਰ ਤਾਂ ਬੱਦਲਾਂ ਨਾਲ ਰਲਾ ਦਿੰਦੇ ਐ ਗੱਲ ਨੂੰ। ਹੁਣ ਸਾਰਾ ਪਿੰਡ ਇਨ੍ਹਾਂ ਦੇ ਲਾਣੇ ਨੂੰ ਭੱਜਲ ਕਹਿੰਦਾ। ਆਹ ਗੱਲ ਐ ਬਾਬਾ।"

ਸੀਤਾ ਮਰਾਸੀ ਕਹਿੰਦਾ, "ਹੁਣ ਕਿਹੜਾ ਇਨ੍ਹਾਂ ਦੀ ਸ਼ਪੀਟ ਘਟ ਗੀ। ਹੁਣ ਵੀ ਓਨਾਂ ਈਂ ਭੱਜਦੇ ਐ।"

ਬਾਬਾ ਸੁਰਜਨ ਸਿਉਂ ਕਹਿੰਦਾ, "ਆਹ ਜੁਆਕ ਜੇ ਤਾਂ ਇਨ੍ਹਾਂ ਦੇ ਇਨ੍ਹਾਂ ਤੋਂ ਵੀ ਵੱਧ ਭੱਜਦੇ ਹੋਣਗੇ ਨਮੀਂ ਪੀੜ੍ਹੀ ਕਰਕੇ ਕੁ ਨਹੀਂ?"

ਨਾਥਾ ਅਮਲੀ ਕਹਿੰਦਾ, "ਭੱਜਦੇ ਛੱਡ ਇਹ ਤਾਂ ਉੱਡਦੇ ਐ।"

ਸੀਤਾ ਮਰਾਸੀ ਕਹਿੰਦਾ, "ਭੱਜਲਾਂ ਤੋਂ ਉੱਡਣਿਆਂ ਦੇ ਕਹਿਣ ਲੱਗ ਜੋ ਫਿਰ ਹੁਣ। ਕਿਉਂ ਬਾਬਾ ਠੀਕ ਐ ਕੁ ਨਹੀਂ?"

ਬਾਬੇ ਨੇ ਫੇਰ ਅਮਲੀ ਨੂੰ ਹਲੂਣਿਆਂ, "ਕਿਉਂ ਅਮਲੀਆ! ਆਹ ਇੱਕ ਹੋਰ ਗੱਲ ਕਹੀ ਸੀ ਤੂੰ। ਅਕੇ ਰੁਲਦੂ ਬਾਵੇ ਨੂੰ ਝਾਫਿਆਂ ਦਾ ਬਿਸ਼ਨਾ ਬੁੜ੍ਹਾ ਘੇਰ ਕੇ ਖੜ੍ਹ ਗਿਆ ਸੀ। ਇਹ ਬਿਸ਼ਨੇ ਬੁੜ੍ਹੇ ਕਿਆਂ ਨੂੰ ਝਾਫਿਆਂ ਦੇ ਕਾਹਤੋਂ ਕਹਿੰਦੇ ਐ ਬਈ?"

ਅਮਲੀ ਕਹਿੰਦਾ, "ਬਿਸ਼ਨੇ ਬੁੜ੍ਹੇ ਕਿਆਂ ਨੂੰ ਹਰੇਕ ਨੂੰ ਈ ਘੇਰ-ਘੇਰ ਕੇ ਮੂਹਰੇ ਖੜ੍ਹਕੇ ਗੱਲਾਂ ਕਰਨ ਦੀ ਆਦਤ ਐ। ਜੇ ਲੜਨਾ ਹੋਊ ਫੇਰ ਵੀ ਮੂਹਰੇ ਇਉਂ ਅੜਕੇ ਖੜ੍ਹ ਜਾਣਗੇ ਜਿਮੇਂ ਕਾਲਜਾਂ ਆਲੇ ਪਾੜ੍ਹੇ ਹੜਤਾਲ ਵੇਲੇ ਬੱਸ ਦੇ ਮੂਹਰੇ ਖੁੰਢ ਸਿੱਟਕੇ ਖੜ੍ਹ ਜਾਂਦੇ ਐ। ਤਾਂ ਕਰਕੇ ਆਪਣੇ ਪਿੰਡ ਆਲੇ ਬਿਸ਼ਨੇ ਬੁੜ੍ਹੇ ਕਿਆਂ ਨੂੰ ਝਾਫੇ ਕਹਿਣ ਲੱਗ ਗੇ।"

ਮਾਹਲਾ ਨੰਬਰਦਾਰ ਬਾਬੇ ਸੁਰਜਨ ਸਿਉਂ ਨੂੰ ਕਹਿੰਦਾ, "ਇਹ ਸਾਰੇ ਪੁੱਠੇ ਸਿੱਧੇ ਨਾਂਅ ਸੁਰਜਨ ਸਿਆਂ ਸੱਥ 'ਚੋਂ ਈ ਟਿਕਦੇ ਐ।

ਮੈਨੂੰ ਤਾਂ ਲੱਗਦਾ ਆਪਣੇ ਪਿੰਡ 'ਚ ਕੋਈਉ ਈ ਘਰ ਹੋਊ ਜੀਹਦਾ ਕੋਈ ਨਾਂਅ ਨਾ ਟਿਕਿਆ ਹੋਵੇ।"

ਬਾਬਾ ਸੁਰਜਨ ਸਿਉਂ ਨਾਥੇ ਅਮਲੀ ਨੂੰ ਕਹਿੰਦਾ, "ਕਿਉਂ ਬਈ ਨਾਥਾ ਸਿਆਂ! ਪਹਿਲਾਂ ਤਾਂ ਆਪਣੇ ਗੁਆੜ 'ਚ ਦੱਸ ਕੀਹਨੂੰ-ਕੀਹਨੂੰ ਕੀ ਕਹਿੰਦੇ ਐ?"

ਪੈਰਾਂ ਭਾਰ ਤਾਸ਼ ਖੇਡੀ ਜਾਂਦਿਆਂ ਕੋਲ ਬੈਠਾ ਨਾਥਾ ਅਮਲੀ ਮੋਢੇ ਤੋਂ ਸਾਫਾ ਲਾਹ ਕੇ ਸੱਥ ਵਾਲੇ ਥੜ੍ਹੇ 'ਤੇ ਰੱਖ ਕੇ ਸਾਫੇ ਉੱਤੇ ਬਹਿੰਦਾ ਬਾਬੇ ਨੂੰ ਟਿੱਚਰ 'ਚ ਕਹਿੰਦਾ,

"ਪਹਿਲਾਂ ਸੋਡੇ ਘਰ ਤੋਂ ਈ ਨਾ ਬਾਬਾ ਸ਼ੁਰੂ ਕਰਦਿਆਂ ਬਈ ਸੋਡਾ ਲਾਣਾ ਕਿੰਨ੍ਹਾਂ ਦਾ ਵੱਜਦੈ?"

ਮਾਹਲਾ ਨੰਬਰਦਾਰ ਗੱਲ ਟਾਲਦਾ ਬੋਲਿਆ, "ਐਧਰੋਂ ਖੀਵੇ ਕੀ ਪੱਤੀ ਅੱਲੋਂ ਲੱਗ ਪਹਿਲਾਂ।"

ਅਮਲੀ ਕਹਿੰਦਾ, "ਲੈ ਫਿਰ ਪਹਿਲਾਂ ਤਾਂ ਆਪਣੇ ਗੁਆੜ ਆਲਿਆਂ ਦੀ ਪੱਤਰੀ ਖੋਲ੍ਹਦੇ ਆਂ। ਤਾਰੇ ਮੋਹਰੇ ਕਿਆਂ ਨੂੰ ਪਿਚਕਿਆਂ ਦੇ ਕਹਿੰਦੇ ਐ। ਬੱਗੜ ਕੇ ਚੰਦ ਦਾ ਨਾਂਅ ਚੰਦ ਠੇਡਾ ਧਰਿਆ ਵਿਆ।"

ਅਮਲੀ ਦੀ ਗੱਲ ਵਿੱਚੋਂ ਟੋਕ ਕੇ ਬਾਬਾ ਸੁਰਜਨ ਸਿਉਂ ਕਹਿੰਦਾ, "ਇਉਂ ਨ੍ਹੀ ਨਾਥਾ ਸਿਆਂ। ਜਿਮੇਂ ਕਥਾ ਕਰਨ ਆਲਾ ਭਾਈ ਜੀ ਗੱਲ ਦਾ ਨਚੋੜ ਕੱਢ-ਕੱਢ ਦੱਸਦਾ ਹੁੰਦਾ ਓਮੇਂ ਦੱਸ ਬਈ ਅੱਲ ਪਈ ਕਿੱਥੋਂ ਐ ਇਨ੍ਹਾਂ ਨੂੰ?"

ਨਾਥਾ ਅਮਲੀ ਕਹਿੰਦਾ, "ਬੱਗੜ ਕੇ ਚੰਦ ਨੂੰ ਤਾਂ ਚੰਦ ਠੇਡਾ ਇਉਂ ਕਹਿੰਦੇ ਐ ਬਈ ਉਹ ਜਦੋਂ ਵੀ ਮੰਡੀ ਮੁੰਡੀ ਕੋਈ ਚੀਜ਼ ਵਸਤ ਖਰੀਦਣ ਜਾਊ ਪਤੰਦਰ ਪਹਿਲਾਂ ਠੇਡਾ ਮਾਰੂ ਜਾ ਕੇ। ਤੁਰਿਆ ਫਿਰਦਾ ਵੀ ਐਮੇਂ ਈ ਹਰੇਕ ਚੀਜ ਦੇ ਠੇਡੇ ਮਾਰਦਾ ਫਿਰੂ। ਜਿਹੋ ਜਾ ਕਾਮ, ਓਹੋ ਜਾ ਨਾਮ। ਪਿੰਡ ਆਲੇ ਚੰਦ ਠੇਡਾ ਕਹਿਣ ਲੱਗ ਗੇ।"

ਸੀਤਾ ਮਰਾਸੀ ਅਮਲੀ ਦੀ ਗੱਲ ਦੇ ਵਿੱਚ ਬੋਲ ਕੇ ਹੱਸ ਕੇ ਕਹਿੰਦਾ, "ਕੇਰਾਂ ਘੁੱਲੇ ਸਰਪੈਂਚ ਕੇ ਸੁੱਤੇ ਪਏ ਖਾਖੀ ਜੇ ਕੁੱਤੇ ਦੇ ਬੋਰੀ ਦੇ ਭੁਲੇਖੇ ਕਿਤੇ ਠੇਡਾ ਮਾਰ ਬੈਠਾ। ਕੁੱਤੇ ਨੇ ਚੰਦ ਦਾ ਸੁੱਥੂ ਵਿਆਹ 'ਚ ਲੱਗੀ ਚਾਨਣੀ ਦੀ ਝਾਲਰ ਅਰਗਾ ਕਰ'ਤਾ ਪਾੜ ਕੇ।"

ਬਾਬਾ ਸੁਰਜਨ ਸਿਉਂ ਸੀਤੇ ਮਰਾਸੀ ਨੂੰ ਘੂਰ ਕੇ ਬੋਲਿਆ, "ਚੁੱਪ ਕਰ ਓਏ ਮੀਰ। ਗੱਲ ਗਾਹਾਂ ਤੁਰਨ ਦੇ। ਹਾਂ ਬਈ ਨਾਥਾ ਸਿਆਂ! ਅੱਗੇ ਦੱਸ। ਤਾਰੇ ਮੋਹਰੇ ਕੇ ਪਿਚਕੇ ਕਿਉਂ ਵਜਦੇ ਐ?"

ਅਮਲੀ ਕਹਿੰਦਾ, "ਤਾਰੇ ਮੋਹਰੇ ਕੇ ਸਣੇ ਬੁੜ੍ਹੀਆਂ ਤੋਂ ਸਾਰੇ ਟੱਬਰ ਦੇ ਸਰੀਰ ਤਾਂ ਵੇਖ ਬਾਬਾ ਜਿਮੇਂ ਕੇਲੇ ਦੀਆਂ ਛੱਲੀਆਂ ਸਿੱਧ ਕੇ ਸਿੱਟੀਆਂ ਹੁੰਦੀਐਂ। ਪਤਾ ਨ੍ਹੀ ਪਤੰਦਰ ਕੁਸ ਖਾਂਦੇ ਨ੍ਹੀ, ਸੁੱਕ ਕੇ ਕੁੱਤੇ ਦੀ ਗਲੱਫ਼ੀ ਲੀਰ ਅਰਗੇ ਹੋਏ ਪਏ ਐ। ਵੀਹ ਸੇਰ ਤੋਂ ਵੱਧ ਟੱਬਰ ਦੇ ਕਿਸੇ ਵੀ ਜੀਅ ਦਾ ਭਾਰ ਨ੍ਹੀ ਹੋਣਾ। ਲੋਕਾਂ ਨੇ ਪਿਚਕੇ ਨਾਂਅ ਧਰ ਲਿਆ। ਪਿਚਕੇ ਤਾਂ ਪਏ ਐ ਹੋਰ ਕੀ ਐ।"

ਬੁੱਘਰ ਦਖਾਣ ਅਮਲੀ ਨੂੰ ਕਹਿੰਦਾ, "ਅਮਲੀਆ ਸੋਡੇ ਗੁਆਂਢੀ ਭਜਨੇ ਕਿਆਂ ਨੂੰ ਪਤਲੀ ਆਲੇ ਕਾਹਤੋਂ ਕਹਿੰਦੇ ਐ?"

ਮਾਹਲਾ ਨੰਬਰਦਾਰ ਟਿੱਚਰ 'ਚ ਕਹਿੰਦਾ, "ਮੁੱਦਕੀ ਕੋਲੋਂ ਪਤਲੀ ਪਿੰਡੋਂ ਉੱਠਕੇ ਆਏ ਹੋਣੇ ਐਂ ਆਪਣੇ ਪਿੰਡ ਨਾਨਕੇ ਢੇਰੀ 'ਤੇ ਕੁ ਨ੍ਹੀਂ?"

ਭਜਨਿਆਂ ਕਿਆਂ ਨੂੰ ਪਤਲੀ ਆਲੇ ਕਹਿੰਦੇ ਸੁਣਕੇ ਨਾਥਾ ਅਮਲੀ ਬਾਬੇ ਨੂੰ ਕਹਿੰਦਾ, "ਇਨ੍ਹਾਂ ਬਾਰੇ ਨਾ ਪੁੱਛ ਬਾਬਾ। ਇਨ੍ਹਾਂ ਦੀ ਗੱਲ ਨ੍ਹੀ ਮੈਂ ਕਰਨੀ।"

ਬਾਬਾ ਕਹਿੰਦਾ, "ਪੁੱਛਣਾ ਤਾਂ ਸ਼ੇਰ ਬੱਗਿਆ ਇਨ੍ਹਾਂ ਬਾਰੇ ਈ ਐ। ਦੱਸਦੇ-ਦੱਸਦੇ ਯਾਰ ਇਉਂ ਕਿਉਂ ਕਰਦੈਂ।"

ਬਾਬੇ ਦਾ ਪਲੋਸਿਆ ਨਾਥਾ ਅਮਲੀ ਗਲੋਟੇ ਵਾਂਗੂੰ ਉੱਧੜ ਪਿਆ। ਕਹਿੰਦਾ "ਲੈ ਸੁਣ ਲਾ ਫਿਰ ਬਾਬਾ ਭਜਨੇ ਕਿਆਂ ਨੂੰ ਪਤਲੀ ਆਲੇ ਕਿਉਂ ਕਹਿੰਦੇ ਐਂ।"

ਗੱਲ ਸੁਣਾਉਣ ਤੋਂ ਪਹਿਲਾਂ ਨਾਥਾ ਅਮਲੀ ਨੀਵੀਂ ਪਾ ਕੇ ਐਧਰ ਓਧਰ ਸਿਰ ਜਾ ਫੇਰ ਦਾ ਹੱਸ ਕੇ ਕਹਿੰਦਾ, "ਕਿਉਂ ਬਾਬਾ ਯਾਰ ਛੇੜਦੈਂ ਭਜਨੇ ਕਿਆਂ ਦੀ ਗੱਲ। ਕਿਸੇ ਚੱਜ ਦੇ ਲਾਣੇ ਦਾ ਪੁੱਛ ਲੋ ਖਾਂ।"

ਸੀਤਾ ਮਰਾਸੀ ਨਾਥੇ ਅਮਲੀ ਨੂੰ ਕੁੜੈਣ ਖਾਧੀ ਮੱਝ ਵਾਂਗੂੰ ਕਤਾੜ ਕੇ ਪੈ ਗਿਆ, "ਦੱਸਦਾ ਕਿਉਂ ਨ੍ਹੀ ਓਏ। ਤੇਰੇ ਕੀ ਭੂਆ ਦੇ ਪੁੱਤ ਲੱਗਦੇ ਐ ਭਜਨੇ ਕੇ। ਛੇਤੀ ਛੇਤੀ ਦੱਸ ਨਹੀਂ ਫਿਰ ਅਸੀਂ ਤੇਰੀ ਪੱਤਰੀ ਖੋਲ੍ਹੀਏ।"

ਅਮਲੀ ਨੇ ਸੋਚਿਆ ਬਈ ਜੇ ਭਜਨੇ ਕਿਆਂ ਨੂੰ ਪੈਂਦੀ ਅੱਲ ਬਾਰੇ ਨਾ ਦੱਸਿਆ ਤਾਂ ਸਾਡੇ ਟੱਬਰ ਆਲਾ ਮੱਕੂ ਬੰਨ੍ਹਣਗੇ ਹੁਣ ਇਹੇ।

ਅਮਲੀ ਕਹਿੰਦਾ, "ਭਜਨੇ ਕਿਆਂ ਨੂੰ ਪਤਲੀ ਆਲਿਆਂ ਦਾ ਲਾਣਾ ਇਉਂ ਕਰਕੇ ਕਹਿੰਦੇ ਐ, ਉਹ ਡਰਪੋਕ ਬਾਹਲੇ ਐ। ਲੜਾਈ ਤਾਂ ਪਿੰਡ ਦੇ ਦੂਜੇ ਪਾਸੇ ਹੋਊ, ਇਹ ਭਜਨੇ ਕੇ ਡੂਢ ਮੀਲ ਦੂਰ ਬੈਠੇ ਈ ਡਰੀ ਜਾਣਗੇ। ਕੇਰਾਂ ਇਨ੍ਹਾਂ ਦੇ ਦਰਾਂ 'ਚ ਭੜਾਕਾ ਤਾਂ ਛਨੱਤਰ ਬਿੰਬਰ ਕੀ ਟਰੈਲੀ ਦੇ ਟੈਰ ਦਾ ਪਿਆ, ਇਹ ਪਤੰਦਰ ਸਾਰਾ ਟੱਬਰ ਡੱਬੇ ਚੱਕੀ ਫਿਰਦਾ ਰਿਹਾ।"

ਨਾਥੇ ਅਮਲੀ ਦੀ ਗੱਲ ਵਿੱਚੋਂ ਟੋਕ ਕੇ ਬਾਬਾ ਸੁਰਜਨ ਸਿਉਂ ਕਹਿੰਦਾ, "ਅਮਲੀਆ! ਯਾਰ ਸਮਝ ਨ੍ਹੀ ਆਈ ਤੇਰੀ ਗੱਲ ਦੀ। ਡਰਪੋਕ ਨਾਲ ਟਰੈਲੀ ਦੇ ਟੈਰ ਦੀ ਜਾਂ ਆਹ ਜਿਹੜਾ ਤੁਸੀਂ ਪਤਲੀ ਆਲੇ ਕਹਿਨੇ ਐਂ ਇਹਦਾ ਕੀ ਤੱਲਕ ਐ ਯਾਰ। ਪੁੱਛਦੇ ਤਾਂ ਤੈਨੂੰ ਇਉਂ ਐ ਬਈ ਇਨ੍ਹਾਂ ਨੂੰ ਪਤਲੀ ਆਲੇ ਕਿਉਂ ਕਹਿੰਦੇ ਐ, ਤੂੰ ਹੋਰ ਈ ਬਤੌਲੇ ਬਤਾਈ ਜਾਨੈਂ। ਇਹ ਕੀ ਗੱਲ ਬਣੀ ਬਈ। ਅਕੇ ਟਰੈਲੀ ਦੇ ਟੈਰ ਦਾ ਭੜਾਕਾ ਪਏ ਤੋਂ ਡੱਬੇ ਚੱਲੀ ਫਿਰਦੇ ਸੀ। ਕੀ ਯਾਰ ਬਲਦ ਮੁਤਣੇ ਜੇ ਪਾਈ ਜਾਨੈਂ।"

ਅਮਲੀ ਕਹਿੰਦਾ, "ਹਜੇ ਗਾਹਾਂ ਤਾਂ ਸੁਣ ਬਾਬਾ। ਇਹ ਪਤਲੀ ਆਲੇ ਡਰਪੋਕ ਕਰਕੇ ਈ ਵੱਜਦੇ ਐ। ਜਿਹੜੀ ਟਰੈਲੀ ਦੇ ਟੈਰ ਦੇ ਭੜਾਕਾ ਪਏ ਤੋਂ ਡੱਬੇ ਚੱਕਣ ਆਲੀ ਗੱਲ ਐ ਉਹ ਇਉਂ ਐਂ।

ਜਦੋਂ ਭੜਾਕਾ ਪਿਆ ਤਾਂ ਇਨ੍ਹਾਂ ਨੇ ਸੋਚਿਆ ਬਈ ਬਈ ਕਿਤੇ ਗੋਲੀ ਚੱਲ ਗੀ। ਇਨ੍ਹਾਂ ਦੀ ਡਰਦਿਆਂ ਦੀ ਮੋਕ ਨਿੱਕਲਗੀ। ਜਦੋਂ ਮੋਕ ਪੈ ਗੀ ਤਾਂ ਇਨ੍ਹਾਂ ਨੇ ਜੰਗਲ ਪਾਣੀ ਨੂੰ ਡੱਬੇ ਚੱਕ ਲੇ। ਡਰਪੋਕ ਕਰਕੇ ਇਨ੍ਹਾਂ ਦੀ ਮੋਕ ਪੈ ਜਾਂਦੀ ਐ। ਮੋਕ ਪਤਲੀ ਕਰ ਜਾਂਦੇ ਐ ਡਰਦੇ। ਤਾਂ ਕਰਕੇ ਪਤਲੀ ਆਲੇ ਵੱਜਦੇ ਐ। ਬਈ ਮੋਕ ਮਾਰ ਗੇ।"

ਬਾਬੇ ਨੇ ਪੁੱਛਿਆ, "ਹੋਰ ਕਿਸੇ ਨੂੰ ਕਿਹੜੀ ਅੱਲ ਪੈਂਦੀ ਐ ਬਈ?" ਅਮਲੀ ਕਹਿੰਦਾ, "ਜਿਹੜਾ ਆਪਣੇ ਗੁਆੜ ਆਲਾ ਨਾਜਰ ਕੂਕਾ। ਕਿੱਡਾ ਜਰਵਾਣਾ ਬੰਦਾ ਬਾਬਾ ਉਹੋ। ਲੈ ਉਹਨੂੰ ਪਿੰਡ ਆਲੇ ਪੱਦਲ ਈ ਦੱਸਣਗੇ।"

ਮਾਹਲਾ ਨੰਬਰਦਾਰ ਕਹਿੰਦਾ, "ਅਮਲੀਆ ਜਰਵਾਣਾ ਕਿਹੜੇ ਪਾਸਿਉਂ ਐਂ ਓਏ ਉਹੋ। ਪੋਲਾ ਫੁਕ ਈ ਐ। ਉਈਂ ਮੋਟਾ ਹੋਇਆ ਵਿਆ। ਚਾਰ ਕਰਮ ਤੁਰਿਆ ਤਾਂ ਜਾਂਦਾ ਨ੍ਹੀ। ਜੇ ਕਿਤੇ ਤੁਰ ਪੂ ਤਾਂ ਇਉਂ ਹੌਂਕਣ ਲੱਗ ਜਾਂਦੈ ਜਿਮੇਂ ਗਰਮੀਆਂ ਦੀ ਰੁੱਤ 'ਚ ਕੁੱਤਾ ਹੌਂਕਦਾ ਹੁੰਦਾ। ਕੰਮ ਦਾ ਉਹਤੋਂ ਡੱਕਾ ਦੂਹਰਾ ਨ੍ਹੀ ਹੁੰਦਾ। ਪੱਦਲ ਨਾ ਕਹਿਣ ਤਾਂ ਹੋਰ ਕੀ ਕਹਿਣ ਲੋਕ।"

ਥੜ੍ਹੇ ਕੋਲ ਸਾਇਕਲ ਲਈ ਖੜ੍ਹਾ ਗੱਲਾਂ ਸੁਣੀ ਜਾਂਦਾ ਕੜ੍ਹੀ ਖਾਣਿਆਂ ਦਾ ਬਿੱਲੂ ਅਮਲੀ ਨੂੰ ਕਹਿੰਦਾ, "ਅਮਲੀਆ ਬਾਬੇ ਸੁਰਜਨ ਸਿਉਂ ਕੇ ਲਾਣੇ ਨੂੰ ਕੀ ਕਹਿੰਦੇ ਐ ਉਹ ਵੀ ਦੱਸਦੇ ਹੁਣ।"

ਜਦੋਂ ਬਿੱਲੂ ਨੇ ਇਹ ਗੱਲ ਕਹੀ ਤਾਂ ਬਾਬਾ ਵੀ ਸਮਝ ਗਿਆ ਬਈ ਅਮਲੀ ਹੁਣ ਮੇਰੇ ਆਲੇ ਵੀ ਚੌਂਹਟੇ ਚੱਕੂ। ਬਾਬਾ ਮੁਸ਼ਕਣੀਆਂ ਹੱਸਕੇ ਜੇਬ੍ਹ ਵਾਲੀ ਘੜੀ ਤੋਂ ਟਾਇਮ ਵੇਖਦਾ ਬੋਲਿਆ, "ਨਾਥਾ ਸਿਆਂ ਪੰਜ ਵੱਜ ਗੇ ਓਏ। ਹੁਣ ਤਾਂ ਸਮੁੰਦਰ ਵੀ ਖੜ੍ਹ ਗੇ, ਚੱਲੋ ਘਰਾਂ ਨੂੰ ਚੱਲੀਏ। ਉੱਠੋ-ਉੱਠੋ।"

ਬਾਬੇ ਨੇ ਮੱਲੋ ਮੱਲੀ ਸਾਰੇ ਸੱਥ 'ਚੋਂ ਉਠਾਅ ਲਏ ਬਈ ਅਮਲੀ ਕਿਤੇ ਸਾਡੇ ਘਰ ਦੀ ਕਹਾਣੀ ਨਾ ਛੇੜ ਕੇ ਬਹਿ ਜੇ। ਬਾਬੇ ਦੇ ਸੱਥ 'ਚੋਂ ਉੱਠਣ ਨਾਲ ਬਾਕੀ ਦੀ ਸੱਥ ਵੀ ਉੱਠਕੇ ਆਪੋ ਆਪਣੇ ਘਰਾਂ ਨੂੰ ਚੱਲ ਪਈ।

ਲੇਖਕ : ਪੰਕਜ ਚਤੁਰਵੇਦੀ

# ਘਾਤਕ ਪ੍ਰਦੂਸ਼ਣ ਦੀ ਲਪੇਟ 'ਚ ਜਲ-ਜ਼ਮੀਨ



ਦੁੱਧ ਉਤਪਾਦਾਂ ਲਈ ਮਸ਼ਹੂਰ ਜੰਮੂ-ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਦਾ ਇਕ ਛੋਟਾ ਜਿਹਾ ਪਿੰਡ ਬਡਾਲ ਬੀਤੇ ਇਕ ਮਹੀਨੇ ਵਿਚ 17 ਮੌਤਾਂ ਕਾਰਨ ਚਰਚਾ ਵਿਚ ਹੈ। ਹਾਲੇ 16 ਹੋਰ ਮਰੀਜ਼ਾਂ ਦਾ ਇਲਾਜ ਵੱਖ-ਵੱਖ ਹਸਪਤਾਲਾਂ ਵਿਚ ਚੱਲ ਰਿਹਾ ਹੈ। ਬਡਾਲ ਵਿਚ ਜਾਨ ਗੁਆਉਣ ਵਾਲਿਆਂ ਵਿਚ ਜ਼ਿਆਦਾਤਰ ਬੱਚੇ ਹਨ। ਇਨ੍ਹਾਂ ਸਾਰਿਆਂ ਨੂੰ ਅਚਾਨਕ ਤੇਜ਼ ਬੁਖ਼ਾਰ ਅਤੇ ਸਾਹ ਲੈਣ ਵਿਚ ਦਿੱਕਤ ਹੋਈ। ਇਸ ਤੋਂ ਬਾਅਦ ਉਹ ਬੇਹੋਸ਼ ਹੋ ਗਏ ਤੇ ਫਿਰ ਉਨ੍ਹਾਂ ਦੀ ਜਾਨ ਚਲੀ ਗਈ।

ਇਸ ਤੋਂ ਬਾਅਦ ਤੋਂ ਪ੍ਰਸ਼ਾਸਨ ਦੁਆਰਾ ਕੋਵਿਡ ਕਾਲ ਦੀ ਤਰ੍ਹਾਂ ਪਿੰਡ ਦੇ ਵੱਡੇ ਹਿੱਸੇ ਨੂੰ ਬਾਹਰਲੇ ਸੰਪਰਕ ਨਾਲੋਂ ਪੂਰੀ ਤਰ੍ਹਾਂ ਕੱਟ ਦਿੱਤਾ ਗਿਆ। ਪ੍ਰਭਾਵਿਤ ਘਰਾਂ ਤੋਂ ਖਾਣ-ਪੀਣ ਵਾਲਾ ਸਾਰਾ ਸਾਮਾਨ ਕੱਢ ਦਿੱਤਾ ਗਿਆ ਅਤੇ ਲੋਕਾਂ ਨੂੰ ਪ੍ਰਸ਼ਾਸਨ ਦੁਆਰਾ ਮੁਹੱਈਆ ਕਰਵਾਈ ਗਈ ਸਮੱਗਰੀ ਹੀ ਖਾਣ-ਪੀਣ ਦੀ ਆਗਿਆ ਹੈ। ਪਾਕਿਸਤਾਨ ਦੀ ਸਰਹੱਦ ਨਾਲ ਲੱਗੇ ਇਸ ਪਿੰਡ ਵਿਚ ਇਸ ਤਰ੍ਹਾਂ ਦੀਆਂ ਮੌਤਾਂ ਨੇ ਕਈ ਖ਼ਦਸ਼ੇ ਖੜ੍ਹੇ ਕੀਤੇ ਹਨ।

ਕੇਂਦਰੀ ਮੰਤਰੀ ਡਾ. ਜਤਿੰਦਰ ਸਿੰਘ ਦਾ ਕਹਿਣਾ ਹੈ ਕਿ ਮਰਨ ਵਾਲਿਆਂ ਦੇ ਸਰੀਰ ਵਿਚ ਕੈਡਮਿਅਮ ਦੀ ਭਾਰੀ ਮਾਤਰਾ ਪਾਈ ਗਈ ਅਤੇ ਮੌਤ ਦਾ ਕਾਰਨ ਇਹੀ ਲੱਗਦਾ ਹੈ। ਓਥੇ ਹੀ ਪੀਜੀਆਈ ਚੰਡੀਗੜ੍ਹ ਦੀ ਇਕ ਰਿਪੋਰਟ ਅਨੁਸਾਰ ਬਿਮਾਰ ਲੋਕਾਂ ਦੇ ਸਰੀਰ ਵਿਚ ਬਹੁਤ ਸਾਰੀਆਂ ਭਾਰੀ ਧਾਤਾਂ ਮਿਲੀਆਂ ਹਨ। ਇਨ੍ਹਾਂ ਦੀ ਮਾਤਰਾ ਵੀ ਆਮ ਨਾਲੋਂ ਕਈ ਗੁਣਾ ਜ਼ਿਆਦਾ ਮਿਲੀ ਹੈ। ਮਾਹਿਰਾਂ ਮੁਤਾਬਕ ਭਾਰੀ ਧਾਤਾਂ ਜ਼ਹਿਰ ਵਰਗਾ ਕੰਮ ਕਰਦੀਆਂ ਹਨ। ਮਰੀਜ਼ਾਂ ਦੇ ਖ਼ੂਨ ਦੇ ਨਮੂਨਿਆਂ ਨੂੰ ਕੇਂਦਰੀ ਫਾਰੈਂਸਿਕ ਸਾਇੰਸ ਲੈਬੋਰੇਟਰੀ, ਡੀਆਰਡੀਓ ਗਵਾਲੀਅਰ ਅਤੇ ਹੋਰ ਵੱਕਾਰੀ ਲੈਬਜ਼ ਨੂੰ ਵੀ ਭੇਜਿਆ ਗਿਆ ਹੈ। ਉੱਥੋਂ ਰਿਪੋਰਟ ਮਿਲਣ 'ਤੇ ਹੀ ਬਿਮਾਰੀ ਦੇ ਅਸਲੀ ਕਾਰਨ ਦਾ ਪਤਾ ਲੱਗ ਸਕੇਗਾ।

ਫ਼ਿਲਹਾਲ ਇੰਨਾ ਸਪਸ਼ਟ ਹੈ ਕਿ ਬਡਾਲ ਵਿਚ ਮਰਨ ਵਾਲਿਆਂ ਦੇ ਸਰੀਰ ਵਿਚ ਕਿਸੇ ਕਿਸਮ ਦਾ ਜ਼ਹਿਰ ਨਹੀਂ ਮਿਲਿਆ। ਜਿਸ ਤਰ੍ਹਾਂ ਬਿਮਾਰੀ ਫੈਲੀ, ਉਸ ਤੋਂ ਇਹੀ ਸੰਕੇਤ ਮਿਲਦਾ ਹੈ ਕਿ ਕੈਡਮਿਅਮ ਜਾਂ ਹੋਰ ਭਾਰੀ ਧਾਤ ਦੀ ਵੱਡੀ ਮਾਤਰਾ ਕਿਸ ਤਰ੍ਹਾਂ ਖ਼ੁਰਾਕੀ ਲੜੀ ਵਿਚ ਆਈ। ਬਡਾਲ ਪਿੰਡ ਹਿਮਾਲਿਆ ਦੀ ਪੀਰ ਪੰਜਾਲ ਪਰਬਤ ਲੜੀ ਦੀ ਗੋਦ ਵਿਚ ਹੈ। ਇੱਥੋਂ ਬਹੁਤ ਸਾਰੀਆਂ ਜਲ ਧਾਰਾਵਾਂ ਵਗਦੀਆਂ ਹਨ।

ਚਿਨਾਬ ਦੀ ਸਹਾਇਕ ਨਦੀ ਆਂਸੀ ਬਡਾਲ ਤੋਂ ਹੋ ਕੇ ਗੁਜ਼ਰਦੀ ਹੈ। ਸੰਭਵ ਹੈ ਕਿ ਪਾਣੀ ਜ਼ਰੀਏ ਕੈਡਮਿਅਮ ਜਾਂ ਹੋਰ ਕੋਈ ਇਹ ਭਾਰੀ ਧਾਤੂ ਲੋਕਾਂ ਦੇ ਸਰੀਰ ਵਿਚ ਪੁੱਜੀ ਹੋਵੇ। ਬਡਾਲ ਤੇ ਉਸ ਦੇ ਆਸਪਾਸ ਬਹੁਤ ਸਾਰੀਆਂ ਨਦੀਆਂ ਅਤੇ ਝਰਨੇ ਹਨ। ਇੱਥੇ ਕਈ ਤਲਾਬ ਵੀ ਹਨ। ਵੱਡੀ ਆਬਾਦੀ ਪਾਣੀ ਲਈ ਇਨ੍ਹਾਂ ਜਲ ਸੋਮਿਆਂ 'ਤੇ ਨਿਰਭਰ ਹੈ। ਕਿਉਂਕਿ ਇਸ ਇਲਾਕੇ ਵਿਚ ਕੋਲਾ, ਚੂਨਾ, ਬਾਕਸਾਈਟ, ਲੋਹਾ ਤੇ ਬੈਂਟੋਨਾਈਟ ਵਰਗੇ ਖਣਿਜ ਮਿਲਦੇ ਹਨ, ਇਸ ਕਾਰਨ ਨਾਜਾਇਜ਼ ਖਣਨ ਵੱਡੀ ਸਮੱਸਿਆ ਹੈ। ਅਜਿਹੇ ਵਿਚ ਮਾਈਨਿੰਗ ਦੀ ਰਹਿੰਦ-ਖੂਹੰਦ ਜਲ ਧਾਰਾਵਾਂ ਵਿਚ ਮਿਲਣ ਕਾਰਨ ਉਸ ਵਿਚ ਭਾਰੀ ਧਾਤ ਦੀ ਮਾਤਰਾ ਵਧਣ ਦਾ ਖ਼ਦਸ਼ਾ ਹੈ।




# ਸਮਾਰਟਫੋਨਾਂ 'ਚ ਹੁਣ ਕਿਉਂ ਨਹੀਂ ਦਿੱਤੀ ਜਾਂਦੀ ਰਿਮੂਵੇਬਲ ਬੈਟਰੀ



ਇਕ ਸਮਾਂ ਸੀ ਜਦੋਂ ਅਸੀਂ ਸਮਾਰਟਫੋਨ ਨੂੰ ਖੋਲ੍ਹ ਕੇ ਉਸ ਵਿਚੋਂ ਬੈਟਰੀ ਬਦਲ ਸਕਦੇ ਸੀ। ਸਿਰਫ਼ ਇਹ ਹੀ ਨਹੀਂ ਮੋਬਾਇਲ ਦੇ ਪੁਰਾਣਾ ਹੋਣ 'ਤੇ ਨਵੀਂ ਬੈਟਰੀ ਉਸ ਵਿਚ ਦੁਬਾਰਾ ਜਾਨ ਪਾ ਦਿੰਦੀ ਸੀ। ਹੁਣ ਜਿੰਨੇ ਵੀ ਸਮਾਰਟਫੋਨ ਆ ਰਹੇ ਹਨ ਉਨ੍ਹਾਂ 'ਚ ਬੈਟਰੀ ਅੰਦਰ ਹੀ ਫਿਕਸ ਰਹਿੰਦੀ ਹੈ ਜਿਸਨੂੰ ਤੁਸੀਂ ਬਾਹਰ ਨਹੀਂ ਕੱਢ ਸਕਦੇ। ਅੱਜ ਅਸੀਂ ਤੁਹਾਨੂੰ ਦੱਸਣ ਵਾਲੇ ਹਾਂ ਕਿ ਮੋਬਾਇਲ ਫੋਨ 'ਚ ਹੁਣ ਰਿਮੂਵੇਬਲ ਬੈਟਰੀ ਕਿਉਂ ਨਹੀਂ ਦਿੱਤੀ ਜਾਂਦੀ।

- ਸਮਾਰਟਫੋਨ ਨੂੰ ਪਤਲਾ ਬਣਾਉਣ ਲਈ ਸਾਰੀਆਂ ਮੋਬਾਇਲ ਕੰਪਨੀਆਂ ਇਸ ਵਿਚ ਨਾਨ-ਰਿਮੂਵੇਬਲ ਬੈਟਰੀ ਦਿੰਦੀਆਂ ਹਨ। ਅਜਿਹਾ ਕਰਨ ਨਾਲ ਮੋਬਾਇਲ ਪਹਿਲਾਂ ਨਾਲੋਂ ਕਾਫੀ ਪਤਲੇ ਹੋ ਗਏ ਹਨ ਜਿਨ੍ਹਾਂ ਨੂੰ ਤੁਸੀਂ ਆਸਾਨੀ ਨਾਲ ਜੇਬ 'ਚ ਰੱਖ ਸਕਦੇ ਹੋ।
- ਰਿਮੂਵੇਬਲ ਬੈਟਰੀ ਹੋਣ ਕਾਰਨ ਫੋਨ ਨੂੰ ਵਾਟਰਪਰੂਫ ਨਹੀਂ ਬਣਾਇਆ ਜਾ ਸਕਦਾ। ਇਸ ਲਈ ਫੋਨ ਨੂੰ ਵਾਟਰਪਰੂਫ ਬਣਾਉਣ ਲਈ ਇਸ ਵਿਚ ਨਾਨ-ਰਿਮੂਵੇਬਲ ਬੈਟਰੀ ਦਿੱਤੀ ਜਾਂਦੀ ਹੈ।
- ਗਾਹਕ ਜੇਕਰ ਖੁਦ ਫੋਨ 'ਚੋਂ ਬੈਟਰੀ ਕੱਢਦੇ ਹਨ ਤਾਂ ਸ਼ਾਰਟ ਸਰਕਿਟ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਬੈਟਰੀ ਨਾ ਕੱਢਣ ਨਾਲ ਉਸਦੇ ਕੁਨੈਕਸ਼ਨ ਮਜ਼ਬੂਤ ਰਹਿੰਦੇ ਹਨ ਅਤੇ ਫੋਨ ਜਲਦੀ ਖਰਾਬ ਨਹੀਂ ਹੁੰਦਾ।

# ਮਿੰਟਾਂ 'ਚ ਬਣਾਓ ਮੂੰਗੀ ਦੀ ਦਾਲ ਲੈਗਾ ਗੂਗਲ ਲੈਂਨਜ਼ ਦਾ ਸਪੋਰਟ

ਹੁਣ ਤਕ ਤੁਸੀਂ ਗੂਗਲ ਲੈਂਨਜ਼ ਦੀ ਵਰਤੋਂ ਐਂਡਰਾਇਡ ਅਤੇ ਆਈ.ਓ.ਐੱਸ. ਫੋਨ 'ਚ ਹੀ ਕਰ ਪਾ ਰਹੇ ਹੋ ਪਰ ਜਲਦ ਹੀ ਇਸਦਾ ਸਪੋਰਟ ਡੈਸਕਟਾਪ 'ਤੇ ਵੀ ਆਉਣ ਵਾਲਾ ਹੈ। ਗੂਗਲ ਲੈਂਨਜ਼ ਦਾ ਆਈਕਨ ਹਾਲ ਹੀ 'ਚ ਗੋਗਲਏ.ਚੋਮ 'ਤੇ ਵੇਖਿਆ ਗਿਆ ਹੈ। ਰਿਪੋਰਟ ਮੁਤਾਬਕ, ਇਕ ਯੂਜ਼ਰਸ ਨੇ ਗੂਗਲ ਕ੍ਰੋਮ ਦੇ ਇਨਕੋਗਨਿਟੋ ਮੋਡ 'ਚ ਗੂਗਲ ਲੈਂਨਜ਼ ਦਾ ਆਈਕਨ ਵੇਖਿਆ ਹੈ।

ਡੈਸਕਟਾਪ 'ਤੇ ਗੂਗਲ ਲੈਂਨਜ਼ ਦਾ ਸਪੋਰਟ ਮਿਲਣ ਤੋਂ ਬਾਅਦ ਤੁਸੀਂ ਡੈਸਕਟਾਪ ਰਾਹੀਂ ਹੀ ਕਿਸੇ ਫੋਟੋ ਤੋਂ ਟੈਕਸਟ ਨੂੰ ਕਾਪੀ ਕਰ ਸਕੋਗੇ ਅਤੇ ਕਿਸੇ ਤਸਵੀਰ ਨੂੰ ਸਰਚ ਕਰ ਸਕੋਗੇ। ਫਿਲਹਾਲ ਗੂਗਲ ਕ੍ਰੋਮ ਡੈਸਕਟਾਪ 'ਤੇ ਕਿਸੇ ਫੋਟੋ 'ਤੇ ਰਾਈਟ ਕਲਿੱਕ ਕਰਨ 'ਤੇ Searchi mage iwth Google Lens ਦਾ ਆਪਸ਼ਨ ਮਿਲਦਾ ਹੈ।

Google Lens for desktop

9to5Google ਦੀ ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਡੈਸਕਟਾਪ ਲਈ ਵੀ ਗੂਗਲ, ਲੈਂਨਜ਼ ਦੀ ਟੈਸਟਿੰਗ ਕਰ ਰਿਹਾ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਇਸਦਾ ਸਪੋਰਟ Chrome 92 ਅਪਡੇਟ ਦੇ ਨਾਲ ਮਿਲੇਗਾ। ਦੱਸ ਦੇਈਏ ਕਿ ਐਂਡਰਾਇਡ ਯੂਜ਼ਰਸ ਲਈ ਪਹਿਲਾਂ ਤੋਂ ਹੀ ਗੂਗਲ ਸਰਚ 'ਚ ਗੂਗਲ ਲੈਂਨਜ਼ ਦਾ ਸਪੋਰਟ ਮਿਲ ਰਿਹਾ ਹੈ। ਗੂਗਲ ਲੈਂਨਜ਼ ਦਾ ਸਪੋਰਟ ਗੂਗਲ ਫੋਟੋਜ਼ 'ਚ ਵੀ ਹੈ।

## ਵਟਸਐਪ ਆਈ-ਪੈਡ ਯੂਜ਼ਰਸ ਲਈ ਲਾਂਚ ਕਰੇਗਾ ਨਵੀਂ ਐਪ

WhatsApp

ਵਟਸਐਪ ਜਲਦ ਹੀ ਇਕ ਨਵੀਂ ਐਪ ਨੂੰ ਲਾਂਚ ਕਰਨ ਜਾ ਰਿਹਾ ਹੈ ਜਿਸਨੂੰ ਖ਼ਾਸਤੌਰ 'ਤੇ ਆਈਪੈਡ ਯੂਜ਼ਰਸ ਲਈ ਲਿਆਇਆ ਜਾਵੇਗਾ। ਹਾਲਾਂਕਿ, ਇਸ ਦੀ ਲਾਂਚਿੰਗ ਤਾਰੀਖ ਬਾਰੇ ਅਜੇ ਤਕ ਕੋਈ ਅਧਿਕਾਰਤ ਜਾਣਕਾਰੀ ਨਹੀਂ ਮਿਲੀ। 'ਦਿ ਵਰਜ' ਦੀ ਰਿਪੋਰਟ ਮੁਤਾਬਕ ਆਈਪੈਡ ਲਈ ਅਲੱਗ ਵਟਸਐਪ ਐਪਦੀ ਮੰਗ ਲੰਬੇ ਸਮੇਂ ਤੋਂ ਹੋ ਰਹੀ ਸੀ।

ਇਸ ਇਲਾਵਾ ਕੁਝ ਦਿਨ ਪਹਿਲਾਂ ਖ਼ਬਰ ਆਈ ਸੀ ਕਿ ਵਟਸਐਪ ਦੋ ਨਵੇਂ ਫੀਚਰਜ਼ 'ਤੇ ਕੰਮ ਕਰ ਰਿਹਾ ਹੈ ਜਿਨ੍ਹਾਂ 'ਚੋਂ ਇਕ ਸਕਿਓਰਿਟੀ ਫੀਚਰ ਹੈ ਅਤੇ ਦੂਜਾ ਵੌਇਸ ਕਾਲ ਨਾਲ ਜੁੜਿਆ ਫੀਚਰ ਹੈ। ਇਸ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਵਟਸਐਪ 'ਚ ਹੁਣ ਟੂ-ਸੈੱਟਪ ਵੈਰੀਫਿਕੇਸ਼ਨ ਫੀਚਰ ਵੀ ਆਉਣ ਵਾਲਾ ਹੈ।

## ਫੇਸਬੁੱਕ ਮੈਸੰਜਰ 'ਚ ਆਇਆ ਸ਼ਾਨਦਾਰ ਦਾ ਫੀਚਰ, ਕਰ ਸਕੋਗੇ ਗੁਪਤ ਚੈਟਿੰਗ

ਮੇਟਾ ਕੰਪਨੀ ਨੇ ਆਪਣੇ ਫੇਸਬੁੱਕ ਮੈਸੰਜਰ 'ਚ ਕਈ ਨਵੇਂ ਫੀਚਰ ਸ਼ਾਮਿਲ ਕਰ ਦਿੱਤੇ ਹਨ। ਮੇਟਾ ਦੇ ਸੀ.ਈ.ਓ. ਮਾਰਕ ਜ਼ੁਕਰਬਰਗ ਨੇ ਖੁਦ ਫੇਸਬੁੱਕ ਪੋਸਟ ਰਾਹੀਂ ਇਸਦੀ ਜਾਣਕਾਰੀ ਦਿੱਤੀ ਹੈ। ਹੁਣ ਫੇਸਬੁੱਕ ਮੈਸੰਜਰ 'ਚ ਇਕ ਅਜਿਹੀ ਫੀਚਰ ਸ਼ਾਮਿਲ ਹੋਇਆ ਹੈ ਜਿਸਦਾ ਇੰਤਜ਼ਾਰ ਯੂਜ਼ਰਸ ਨੂੰ ਲੰਬੇ ਸਮੇਂ ਤੋਂ ਸੀ। ਹੁਣ ਜੇਕਰ ਕੋਈ ਤੁਹਾਡੀ ਚੈਟ ਦਾ ਸਕਰੀਨਸ਼ਾਟ ਲਵੇਗਾ ਤਾਂ ਤੁਹਾਨੂੰ ਇਸਦਾ ਅਲਰਟ ਮਿਲੇਗਾ। ਇਸਤੋਂ ਇਲਾਵਾ ਇਸ ਵਿਚ ਹੁਣ ਐਂਡ-ਟੂ-ਐਂਡ ਐਨਕ੍ਰਿਪਸ਼ਨ ਤਕਨੀਕ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਚੈਟਿੰਗ ਤੋਂ ਇਲਾਵਾ ਫੇਸਬੁੱਕ ਕਾਲਸ ਵੀ ਹੁਣ ਐਂਡ-ਟੂ-ਐਂਡ ਐਨਕ੍ਰਿਪਟਿਡ ਹੋਣਗੀਆਂ। ਇਨ੍ਹਾਂ ਤੋਂ ਇਲਾਵਾ ਫੇਸਬੁੱਕ ਮੈਸੰਜਰ ਦੀ ਨਵੀਂ ਅਪਡੇਟ 'ਚ ਸਵਾਈਪ ਟੂ ਰਿਪਲਾਈ ਦਾ ਫੀਚਰ ਵੀ ਮਿਲਿਆ ਹੈ। ਮੇਟਾ ਨੇ ਕਿਹਾ ਹੈ ਕਿ ਮੈਸੰਜਰ ਦੀ ਸੀਕ੍ਰੇਟ ਚੈਨ ਹੁਣ ਪਹਿਲਾਂ ਦੇ ਮੁਕਾਬਲੇ ਹੋਰ ਵੀ ਬਿਹਤਰ ਅਤੇ ਸਕਿਓਰ ਹੋ ਗਈ ਹੈ।




# ਰਾਤ ਨੂੰ ਫੋਨ ਚਾਰਜਿੰਗ 'ਤੇ ਲਗਾ ਕੇ ਸੌਣਾ ਹੋ ਸਕਦਾ ਹੈ ਹਾਨੀਕਾਰਕ

ਸਮਾਰਟਫੋਨ ਸਾਡੀ ਜ਼ਿੰਦਗੀ ਦਾ ਇੰਨਾ ਮਹੱਤਵਪੂਰਨ ਹਿੱਸਾ ਬਣ ਗਿਆ ਹੈ ਕਿ ਅਸੀਂ ਇਸ ਤੋਂ ਬਿਨਾਂ ਆਪਣੀ ਜੀਵਨ ਸ਼ੈਲੀ ਦੀ ਕਲਪਨਾ ਵੀ ਨਹੀਂ ਕਰ ਸਕਦੇ ਪਰ ਇਹ ਵੀ ਸੱਚ ਹੈ ਕਿ ਅਸੀਂ ਜੋ ਵੀ ਇਲੈਕਟ੍ਰਾਨਿਕ ਯੰਤਰ ਵਰਤਦੇ ਹਾਂ, ਉਨ੍ਹਾਂ ਦੀ ਸਹੀ ਦੇਖਭਾਲ ਵੀ ਜ਼ਰੂਰੀ ਹੈ। ਆਪਣੇ ਮੋਬਾਈਲ ਫੋਨ ਨੂੰ ਚਾਰਜ ਰੱਖਣਾ ਸਿਰਫ਼ ਡਿਵਾਈਸ ਦੀ ਲੋੜ ਨਹੀਂ ਹੈ, ਸਗੋਂ ਇਹ ਤੁਹਾਡੀ ਵੀ ਲੋੜ ਹੈ ਕਿਉਂਕਿ ਇਸ ਨਾਲ ਤੁਸੀਂ ਆਪਣੀ ਨਿੱਜੀ ਜ਼ਿੰਦਗੀ ਤੋਂ ਲੈ ਕੇ ਪੇਸ਼ੇਵਰ ਜ਼ਿੰਦਗੀ ਤੱਕ ਜੁੜੇ ਹੋ। ਆਪਣੇ ਫ਼ੋਨ ਨੂੰ ਚਾਰਜ ਰੱਖਣਾ ਮਹੱਤਵਪੂਰਨ ਹੈ ਪਰ ਕੀ ਤੁਸੀਂ ਇਸ ਨੂੰ ਸਹੀ ਤਰੀਕੇ ਨਾਲ ਚਾਰਜ ਕਰ ਰਹੇ ਹੋ? ਸਾਡੇ 'ਚੋਂ ਬਹੁਤ ਸਾਰੇ ਅਣਜਾਣੇ 'ਚ ਚਾਰਜਿੰਗ ਗਲਤੀਆਂ ਕਰ ਰਹੇ ਹਨ, ਜੋ ਡਿਵਾਈਸ ਦੀ ਬੈਟਰੀ ਲਾਈਫ ਅਤੇ ਪ੍ਰਦਰਸ਼ਨ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਖ਼ਾਸ ਕਰਕੇ ਜੇ ਤੁਸੀਂ ਆਪਣੇ ਫ਼ੋਨ ਨੂੰ ਸਾਰੀ ਰਾਤ ਚਾਰਜਿੰਗ 'ਤੇ ਲਗਾਉਂਦੇ ਹੋ, ਤਾਂ ਕੀ ਤੁਹਾਨੂੰ ਇਹ ਕਰਨਾ ਚਾਹੀਦਾ ਹੈ? ਆਓ ਜਾਣਦੇ ਹਾਂ ਕਿ ਅਜਿਹਾ ਕਰਨ ਨਾਲ ਫ਼ੋਨ 'ਤੇ ਕੀ ਪ੍ਰਭਾਵ ਪੈਂਦਾ ਹੈ।



**ਜੇਕਰ ਤੁਸੀਂ ਆਪਣੇ ਫ਼ੋਨ ਨੂੰ ਰਾਤ ਭਰ ਚਾਰਜਿੰਗ 'ਤੇ ਛੱਡ ਦਿੰਦੇ ਹੋ ਤਾਂ ਕੀ ਹੁੰਦਾ ਹੈ?**

ਆਧੁਨਿਕ ਸੈੱਲਫੋਨ ਜਾਂ ਸਮਾਰਟਫ਼ੋਨ ਮੁੱਖ ਤੌਰ 'ਤੇ ਰੀਚਾਰਜ ਹੋਣ ਯੋਗ ਲਿਥੀਅਮ-ਆਇਨ ਬੈਟਰੀਆਂ ਦੀ ਵਰਤੋਂ ਕਰਦੇ ਹਨ। ਹਾਲਾਂਕਿ, ਇਹ ਬੈਟਰੀਆਂ ਬਹੁਤ ਉੱਚ-ਤਕਨਾਲੋਜੀ 'ਤੇ ਆਧਾਰਿਤ ਹਨ ਅਤੇ ਇਨ੍ਹਾਂ ਦੀ ਕੁਸ਼ਲਤਾ 'ਤੇ ਸ਼ੱਕ ਨਹੀਂ ਕੀਤਾ ਜਾ ਸਕਦਾ ਪਰ ਇਨ੍ਹਾਂ ਬੈਟਰੀਆਂ ਦੀਆਂ ਕੁਝ ਸੀਮਾਵਾਂ ਵੀ ਹਨ। ਜੇਕਰ ਤੁਸੀਂ ਆਪਣੇ ਫ਼ੋਨ ਨੂੰ ਉਦੋਂ ਤੱਕ ਵਰਤਦੇ ਹੋ ਜਦੋਂ ਤੱਕ ਇਹ ਬੰਦ ਨਹੀਂ ਹੋ ਜਾਂਦਾ ਅਤੇ ਫਿਰ ਇਸ ਨੂੰ ਚਾਰਜਿੰਗ 'ਤੇ ਰੱਖਦੇ ਹੋ ਤਾਂ ਇਸ ਦਾ ਤੁਹਾਡੇ ਫ਼ੋਨ ਦੀ ਬੈਟਰੀ ਅਤੇ ਪ੍ਰਦਰਸ਼ਨ 'ਤੇ ਮਾੜਾ ਪ੍ਰਭਾਵ ਪਵੇਗਾ।

ਇਸ ਦੇ ਨਾਲ ਜੇਕਰ ਤੁਸੀਂ 100% ਚਾਰਜ ਹੋਣ ਤੋਂ ਬਾਅਦ ਇਸ ਨੂੰ ਘੰਟਿਆਂ ਤੱਕ ਚਾਰਜਰ ਨਾਲ ਜੋੜੀ ਰੱਖਦੇ ਹੋ ਤਾਂ ਤੁਹਾਡੇ ਫੋਨ ਦੀ ਬੈਟਰੀ ਸਮਰੱਥਾ ਹੌਲੀ-ਹੌਲੀ ਘੱਟਣੀ ਸ਼ੁਰੂ ਹੋ ਜਾਵੇਗੀ। ਇੰਨਾ ਹੀ ਨਹੀਂ ਇਸ ਨਾਲ ਫ਼ੋਨ ਜ਼ਿਆਦਾ ਗਰਮ ਹੋ ਜਾਂਦਾ ਹੈ ਅਤੇ ਫ਼ੋਨ ਦੇ ਫਟਣ ਦਾ ਖ਼ਤਰਾ ਰਹਿੰਦਾ ਹੈ। ਇਸ ਤੋਂ ਇਲਾਵਾ, ਇਹ ਫੋਨ ਦੀ ਕਾਰਗੁਜ਼ਾਰੀ ਨੂੰ ਵੀ ਪ੍ਰਭਾਵਿਤ ਕਰਦਾ ਹੈ। ਆਪਣੇ ਫ਼ੋਨ ਨੂੰ ਲੋੜ ਤੋਂ ਵੱਧ ਸਮੇਂ ਲਈ ਪਲੱਗ ਇਨ ਨਾ ਛੱਡੋ ਅਤੇ ਪੂਰੀ ਤਰ੍ਹਾਂ ਚਾਰਜ ਹੋਣ ਤੋਂ ਬਾਅਦ ਇਸ ਨੂੰ ਅਨਪਲੱਗ ਕਰਨਾ ਯਾਦ ਰੱਖੋ। ਹਾਲਾਂਕਿ ਹੁਣ ਬਹੁਤ ਸਾਰੇ ਫ਼ੋਨਾਂ 'ਚ ਅਜਿਹੇ ਸਿਸਟਮ ਹਨ, ਜੋ ਬੈਟਰੀ ਪੂਰੀ ਤਰ੍ਹਾਂ ਚਾਰਜ ਹੋਣ ਤੋਂ ਬਾਅਦ ਚਾਰਜ ਹੋਣਾ ਬੰਦ ਕਰ ਦਿੰਦੇ ਹਨ। RTE ਅਨੁਸਾਰ, ਇਹ ਹਮੇਸ਼ਾ ਆਪਣੇ ਆਪ ਅਨਪਲੱਗ ਕਰਨ ਜਿੰਨਾ ਭਰੋਸੇਯੋਗ ਨਹੀਂ ਹੁੰਦਾ।

# ਇੰਸਟਾਗ੍ਰਾਮ ਵਿੱਚ ਵੀ ਜਲਦ ਆਵੇਗਾ 'ਐਕਸ' ਵਾਲਾ ਸ਼ਾਨਦਾਰ ਫੀਚਰ

ਇੰਸਟਾਗ੍ਰਾਮ ਆਪਣੇ ਪਲੇਟਫਾਰਮ 'ਤੇ ਕਮਿਊਨਿਟੀ ਨੋਟਸ ਲਿਆਉਣ 'ਤੇ ਕੰਮ ਕਰ ਰਿਹਾ ਹੈ। ਇਕ ਟਿਪਸਟਰ ਅਨੁਸਾਰ ਮੈਟਾ ਦੀ ਮਲਕੀਅਤ ਵਾਲੇ ਇਸ ਪਲੇਟਫਾਰਮ 'ਤੇ ਪ੍ਰਕਾਸ਼ਿਤ ਪੋਸਟਾਂ 'ਤੇ ਕਮਿਊਨਿਟੀ ਨੋਟ ਲਿਖਣ ਦਾ ਨਵਾਂ ਆਪਸ਼ਨ ਜੋੜਿਆ ਜਾ ਰਿਹਾ ਹੈ। ਅਜਿਹੇ 'ਚ ਮੈਟਾ ਨੇ ਇਕ ਵਾਰ ਫਿਰ ਕਿਸੇ ਹੋਰ ਪਲੇਟਫਾਰਮ ਨੂੰ ਕਾਪੀ ਕੀਤਾ ਹੈ।

ਇਹ ਜਾਣਕਾਰੀ ਅਜਿਹੇ ਸਮੇਂ ਸਾਹਮਣੇ ਆਈ ਹੈ ਜਦੋਂ ਕੁਝ ਹਫਤੇ ਪਹਿਲਾਂ ਮੈਟਾ ਦੇ ਸੀ.ਈ.ਓ. ਮਾਰਕ ਜ਼ੁਕਰਬਰਗ ਨੇ ਮੌਜੂਦਾ ਫੈਕਟ-ਚੈਕਿੰਗ ਪ੍ਰੋਗਰਾਮ ਨੂੰ ਬੰਦ ਕਰਨ ਦਾ ਐਲਾਨ ਕੀਤਾ ਸੀ।

ਉਨ੍ਹਾਂ ਨੇ ਇਸ ਦੇ ਪਿੱਛੇ ਸੈਂਸਰਸ਼ਿਪ ਦੀਆਂ ਗਲਤੀਆਂ ਅਤੇ ਕਠੋਰ ਕੰਟੈਂਟ ਪਾਲਿਸੀ ਨੂੰ ਕਾਰਨ ਦੱਸਿਆ, ਹਾਲਾਂਕਿ, ਮੈਟਾ ਨੇ ਇਹ ਖੁਲਾਸਾ ਕੀਤਾ ਹੈ ਕਿ ਕਮਿਊਨਿਟੀ ਨੋਟਸ ਨੂੰ ਉਸਦੇ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਲਾਗੂ ਕੀਤਾ ਜਾਵੇਗਾ ਪਰ ਇਸਦੇ ਰਿਲੀਜ਼ ਦੀ ਤਾਰੀਖ ਦਾ ਐਲਾਨ ਅਜੇ ਤਕ ਨਹੀਂ ਕੀਤਾ ਗਿਆ।




**ਇੰਸਟਾਗ੍ਰਾਮ 'ਤੇ ਜਲਦੀ ਆ ਸਕਦੇ ਹਨ ਕਮਿਊਨਿਟੀ ਨੋਟਸ**

ਡਿਵੈਲਪਰ ਐਲੇਸੈਂਡਰੋ ਪਲੂਜ਼ੀ ਨੇ ਥ੍ਰੈਡਸ 'ਤੇ ਪੋਸਟ ਕੀਤਾ ਕਿ ਇੰਸਟਾਗ੍ਰਾਮ ਲਈ ਕਮਿਊਨਿਟੀ ਨੋਟਸ ਫੀਚਰ ਫਿਲਹਾਲ ਡਿਵੈਲਪਮੈਂਟ ਪੜਾਅ 'ਚ ਹੈ ਅਤੇ ਇਹ ਅਜੇ ਕਿਸੇ ਯੂਜ਼ਰ ਲਈ ਉਪਲੱਬਧ ਨਹੀਂ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਫੀਚਰ ਥ੍ਰੈਡਸ 'ਤੇ ਐਡਵਾਂਸ ਸਟੇਜ 'ਚ ਹੈ, ਜਿਥੇ ਕਮਿਊਨਿਟੀ ਨੋਟਸ ਦਾ ਪ੍ਰੀਖਣ ਪਹਿਲਾਂ ਤੋਂ ਹੀ ਚੱਲ ਰਿਹਾ ਹੈ। ਖ਼ਾਸ ਗੱਲ ਇਹ ਹੈ ਕਿ ਜ਼ੁਕਰਬਰਗ ਨੇ ਦੱਸਿਆ ਕਿ ਇਹ ਫੀਚਰ ਸਭ ਤੋਂ ਪਹਿਲਾਂ ਅਮਰੀਕਾ 'ਚ ਲਾਗੂ ਕੀਤਾ ਜਾਵੇਗਾ ਅਤੇ ਫਿਰ ਬਾਕੀ ਖੇਤਰਾਂ 'ਚ ਲਾਂਚ ਕੀਤਾ ਜਾਵੇਗਾ। ਟਿਪਸਟਰ ਦੁਆਰਾ ਸਾਂਝਾ ਕੀਤੇ ਗਏ ਇਕ ਸਕਰੀਨਸ਼ਾਟ 'ਚ ਦਿਖਾਇਆ ਗਿਆ ਹੈ ਕਿ ਇਸ ਫੀਚਰ ਨੂੰ ਇੰਸਟਾਗ੍ਰਾਮ ਪੋਸਟਾਂ ਦੇ ਨਾਲ ਮੌਜੂਦ ਤਿੰਨ ਵਰਟਿਕਲ ਡੋਟਸ 'ਤੇ ਟੈਪ ਕਰਕੇ ਐਕਸੈਸ ਕੀਤਾ ਜਾ ਸਕੇਗਾ। ਇਸ ਆਪਸ਼ਨ ਨੂੰ "Write community note" ਨਾਂ ਦਿੱਤਾ ਗਿਆ ਹੈ ਅਤੇ ਇਹ "Report" ਆਈਕਨ ਦੇ ਉਪਰ ਸਥਿਤ ਹੈ। ਫਿਲਹਾਲ ਇਹ ਸਪਸ਼ਟ ਨਹੀਂ ਹੈ ਕਿ ਕਮਿਊਨਿਟੀ ਨੋਟਸ ਲਈ ਯੂਜ਼ਰਜ਼ ਦੀ ਚੋਣ ਕਿਵੇਂ ਕੀਤੀ ਜਾਵੇਗੀ ਅਤੇ ਲਿਖੇ ਗਏ ਨੋਟਸ ਨੂੰ ਕਿਵੇਂ ਰੇਟ ਕੀਤਾ ਜਾਵੇਗਾ।

# ਕਾਵਿ ਕਿਆਰੀ

## ਹੱਕ ਸੱਚ ਤੇ ਇਨਸਾਫ਼ ਦੀ ਵੇਖੀ

ਹੱਕ ਸੱਚ ਤੇ ਇਨਸਾਫ਼ ਦੀ ਵੇਖੀ, ਮੈਂ ਤਾਂ ਕਿਤੇ ਦੁਕਾਨ ਨਹੀਂ ।
ਏਸ ਨਸਲ ਦੇ ਘੱਟ ਵਣਜਾਰੇ, ਵਿਕਦਾ ਕਿਤੇ ਸਮਾਨ ਨਹੀਂ ।

ਭਾਰਤ ਲੱਭਦੇ ਕਿਵੇਂ ਕੋਲੰਬਸ ਲੱਭ ਲਿਆ ਅਮਰੀਕਾ ਨੂੰ,
ਮੈਂ ਤੱਕਿਆ ਹੈ ਵਿੱਚ ਅਮਰੀਕਾ, ਜਿਸਦਾ ਨਾਮ ਨਿਸ਼ਾਨ ਨਹੀਂ ।

ਸ਼ਬਦ ਸਲਾਮਤ ਗੁਰ ਹੈ ਮੇਰਾ, ਜੇ ਪੜ੍ਹਦਾਂ ਰਾਹ ਦੱਸਦਾ ਹੈ,
ਸੌ ਦੀ ਇੱਕ ਸੁਣਾਵਾਂ ਮੇਰਾ, ਮਿੱਟੀ ਦਾ ਭਗਵਾਨ ਨਹੀਂ ।

ਮੈਂ ਹੀ ਤੈਨੂੰ ਚੁਣਿਆ, ਚੁਣ ਕੇ, ਤੈਨੂੰ ਖ਼ੁਦ ਸਰਕਾਰ ਕਿਹਾ,
ਮੇਰੇ ਨਾਲ ਬਰਾਬਰ ਬਹਿ ਤੂੰ, ਮੈਂ ਤੇਰਾ ਦਰਬਾਨ ਨਹੀਂ ।

ਇਸ ਵਿੱਚ ਮੈਂ ਤੇ ਪੁਰਖ਼ੇ ਰਹਿੰਦੇ, ਖੇਡਣ ਬੱਚੜੇ ਸ਼ਾਮ ਸਵੇਰ,
ਨਿੱਤਨੇਮਣ ਬੀਵੀ ਦੇ ਕਾਰਨ, ਘਰ ਇਹ ਸਿਰਫ਼ ਮਕਾਨ ਨਹੀਂ ।

ਮੈਨੂੰ ਗੁਰ ਉਪਦੇਸ਼ ਸਿਖਾਇਆ, ਸੁਣ ਲਉ ਦੁਨੀਆ ਵਾਲਿਓ,
ਰੂਹ ਦੇ ਕੰਗਲੇ, ਧਨ ਦੇ ਲੋਭੀ, ਸ਼ਾਹ ਤਾਂ ਹਨ, ਧਨਵਾਨ ਨਹੀਂ ।

ਸੀਸ ਤਲੀ ਧਰ, ਯਾਰ ਗਲੀ ਵੱਲ, ਤੁਰਨਾ ਏਨਾ ਸਹਿਲ ਨਹੀਂ,
ਉਸ ਨੂੰ ਸਮਝ ਕਦੇ ਨਹੀਂ ਪੈਣੀ, ਜਿਸ ਮਿੱਟੀ ਵਿੱਚ ਜਾਨ ਨਹੀਂ ।

**ਲੇਖਕ : ਗੁਰਭਜਨ ਗਿੱਲ**

## ਕੀ ਕਰ ਬੈਠੇ ਹਾਂ

ਏ.ਬੀ.ਸੀ. ਕੀ ਪੜ੍ਹ ਬੈਠੇ ਹਾਂ
ਆਪਣੀ ਮਾਂ 'ਨਾ ਲੜ ਬੈਠੇ ਹਾਂ

ਅਸੀਂ ਵੀ ਘਣੀਆਂ ਛਾਵਾਂ ਕਰਦੇ
ਉਗਣੋਂ ਪਹਿਲਾਂ ਝੜ ਬੈਠੇ ਹਾਂ

ਡੁੱਬਣ ਨੂੰ ਤਾਂ ਜੀ ਕਰਦਾ ਸੀ
ਸੁੱਕੀ ਨਦੀ 'ਚ ਵੜ ਬੈਠੇ ਹਾਂ
ਉਸ ਦਾ ਪੰਨਾ ਪੜ੍ਹ ਨ੍ਹੀਂ ਹੋਇਆ
ਉਂਝ ਕਿੰਨਾ ਕੁਝ ਪੜ੍ਹ ਬੈਠੇ ਹਾਂ

ਅੱਗਾਂ ਤੋਂ ਹੁਣ ਡਰ ਨ੍ਹੀਂ ਲਗਦਾ
ਅੰਦਰ ਤੀਕਰ ਸੜ ਬੈਠੇ ਹਾਂ

ਸ਼ਹਿਰ 'ਚ ਵੱਡੀ ਕੋਠੀ ਪਾ ਕੇ
ਘਰ ਨੂੰ ਤਾਲਾ ਜੜ ਬੈਠੇ ਹਾਂ

ਜ਼ਹਿਰਾਂ ਨੇ ਤਾਂ ਚੜ੍ਹਨਾ ਹੀ ਸੀ
ਜਿਉਂਦੇ ਸੱਪ ਨੂੰ ਲੜ ਬੈਠੇ ਹਾਂ

**ਲੇਖਕ : ਗੁਰਸੇਵਕ ਲੰਬੀ, ਪੰਜਾਬੀ ਯੂਨੀਵਰਸਿਟੀ ਪਟਿਆਲਾ**

## ਬੁੱਕਲ ਦੇ ਸੱਪ

ਆਪਣੇ ਦੰਦ ਹੀ ਆਪਣੀ ਜੀਭ ਨੂੰ ਵੱਢਦੇ ਨੇ
ਜਾਨ ਜਾਨ ਜੋ ਕਹਿੰਦੇ, ਜਾਨਾਂ ਕੱਢਦੇ ਨੇ

ਹੱਥੀਂ ਪਾਲੇ ਸੱਪ , ਹੱਥਾਂ ਨੂੰ ਡੱਸ ਜਾਂਦੇ
ਆਪਣੀ ਅੱਖ ਦੇ ਵਾਲ,ਅੱਖਾਂ ਵਿੱਚ ਵੱਜਦੇ ਨੇ

ਜਿਹੜੇ ਚਿਰ ਤੋਂ, ਅੱਖੀਆਂ ਦੇ ਵਿੱਚ ਵੱਸਦੇ ਨੇ
ਓਹੀ. ਚੰਦਰੇ ਅੱਖ ਚੋਂ ਹੰਝੂ ਕੱਢਦੇ ਨੇ

ਦੂਰੋਂ ਹੋਵੇ ਵਾਰ ਤਾਂ ਬੰਦਾ ਝੱਲ ਜਾਂਦਾ
ਜਿਹੜੇ ਹੁੰਦੇ ਨੇੜੇ ,ਓਹੀ ਵੱਢਦੇ ਨੇ

ਜਿਹਨਾਂ ਵਾਸਤੇ ਬੰਦਾ ਭੱਜੀ ਫਿਰਦਾ ਏ
ਓਹੀ ਆਖਰ ਮਿੱਟੀ ਦੇ ਵਿੱਚ ,ਦੱਬਦੇ ਨੇ

ਜਦੋਂ ਗੰਡਾਸੇ ਘੇਰਨ ਵਿੱਚ ਮੈਦਾਨਾਂ ਦੇ
ਜੱਫੀਆਂ ਪਾਵਣ ਵਾਲੇ ,ਅਕਸਰ ਭੱਜਦੇ ਨੇ

ਡਾਣਸੀਵਾਲੀਆ ਬੱਚਕੇ ਉਹਨਾਂ ਫਰੈਂਡਾਂ ਤੋਂ
ਜਿਹੜੇ ਦੇਖ ਤਰੱਕੀ ,ਦੰਦੀਆਂ ਚੱਬਦੇ ਨੇ

**ਲੇਖਕ: ਕੁਲਵੀਰ ਸਿੰਘ ਡਾਨਸੀਵਾਲ**
**ਸੰਪਰਕ** : 778-863-2472

## .ਗਜ਼ਲ

ਰਾਜ-ਤਖ਼ਤ ਦੇ ਕਾਬਲ ਕਦ ਹੈ , ਇਸ ਦਾ ਜੁਮਲੇਬਾਜ਼ ਚਰਿੱਤਰ
ਸ਼ਕੁਨੀ ਹੈ ਮਹਾਂਭਾਰਤ ਦਾ ਇਹ, ਕਰਦੈ ਮਕਰਬਾਜ਼ ਚਲਿੱਤਰ

ਫ਼ੁੰਕਾਰੇ ਨੇ ਜ਼ਹਿਰ ਉੱਗਲਦੇ, ਘੋਰ ਤਬਾਹੀ ਸੋਚਾਂ ਵਿੱਚ ਹੈ
ਦੁੱਧ ਪਿਆਓ ਡੰਗੇ ਨਜ਼ਰੋਂ,ਅਕਸਰ ਨਿਗ.ਲ ਰਿਹਾ ਹੈ ਮਿੱਤਰ

ਗਰਕ ਕਰਨ ਛਡਯੰਤਰ ਇਸ ਦੇ, ਸੋਨ ਖ਼ਜ਼ਾਨੇ ਦੇਸ਼ ਮੇਰੇ ਦੇ
ਬਦਬੋ ਇਸ ਦੀ ਨੀਅਤ ਅੰਦਰ, ਰੱਖੇ ਉਂਞ ਛਿੜਕਾ ਕੇ ਅਤਰ

ਕਿਰਦਾਰ ਨਹੀਂ ਫੁਕਰਾ ਹੈ ਬੱਸ, ਇਲਮ-ਵਿਹੂਣਾ ਰਥਵਾਨ ਇਹੇ
ਕਿੱਧਰ ਜਾਣੈ ਕੀ ਹੈ ਮੰਜ਼ਲ, ਨਾ ਜਾਣੇ ਅੰਨ੍ਹਾ ਤਿੱਤਰ

ਦੁੱਧੀਂ ਧੋ ਵੀ ਸਾਫ਼ ਨਾ ਹੋਣੇ, ਹੁਣ ਤਾਂ ਗਿਰਜੇ ਮੰਦਰ ਮਸਜਦ
ਤੀਰਥ ਜਾ ਕੇ ਕਰ ਦਿੱਤੇ ਸਭ, ਹਾਕਮ ਨੇ ਧੋ ਪਾਪ ਅਪਵਿੱਤਰ

ਜਾਪ ਕਰਾ ਕੇ ਵੋਟ ਬਟੋਰੇ, ਇੱਕ ਇੱਕ ਫ਼ਿਰਕੇ ਦੇ ਲਾਣੇ ਦੇ
ਤਾਂਡਵ ਕਰ ਨਸਲਕੁਸ਼ੀ ਦਾ, ਤੁਰਦੈ ਲੈ ਲੈ ਸ਼ਾਂਤੀ ਚਿੱਤਰ

ਮੇਲ੍ਹ ਰਿਹਾ ਹੈ ਕੁਰਸੀ ਉੱਪਰ,"ਰੇਤਗੜ੍ਹ" ਇਹ ਵਿਗੜਿਆ ਬਾਂਦਰ
ਜਿੰਨੇ ਮਾਰੋ ਓਨੇ ਥੋੜੇ, "ਬਾਲੀ" ਭਿਉਂ ਭਿਉਂ ਇਸਦੇ ਛਿੱਤਰ

**ਲੇਖਕ : ਬਲਜਿੰਦਰ ਸਿੰਘ "ਬਾਲੀ ਰੇਤਗੜ੍ਹ"**
+919465129168, +917087629168

## ਸੌਖਾ ਨਹੀਂ ਹੁੰਦਾ

ਕਹਿੰਦੇ ਨੇ
ਸਭ ਤੋਂ ਔਖਾ ਹੁੰਦਾ
ਪੁੱਤ ਦੀ ਅਰਥੀ ਚੁੱਕਣਾ
ਪਿਓ ਦੇ ਮੋਢਿਆਂ ਤੇ
ਸਾਰੀਆਂ
ਆਸਾਂ ਉਮੀਦਾਂ ਦਾ
ਸੁਆਹ ਹੋ ਜਾਣਾ
ਚਿਤਾ ਦੀ ਅਗਨ ਵਿੱਚ।
ਸੌਖਾ ਨਹੀਂ ਹੁੰਦਾ।
ਪੁੱਤ ਲਈ ਵੀ ਸੌਖਾ ਨਹੀਂ
ਪਿਤਾ ਦੇ ਜਨਾਜ਼ੇ ਨੂੰ
ਮੋਢਾ ਦੇਣਾ
ਜਿਸਦੀ ਉਂਗਲੀ ਫੜ ਕੇ
ਤੁਰਨਾ ਸਿੱਖਿਆ
ਜਿਸ ਦੇ ਸਿਰ ਤੇ
ਹਵਾ 'ਚ ਉੱਡਣਾ ਸਿੱਖਿਆ
ਜੋ ਹੌਸਲਾ ਵੀ ਸੀ
ਬੁਨਿਆਦ ਵੀ
ਜਿਸ ਨੇ ਪੁੱਤਰ ਦੇ ਜਨਮ ਤੇ
ਵੰਡੇ ਸੀ ਲੱਡੂ
ਟੰਗੇ ਸੀ ਪੱਤੇ
ਦਹਿਲੀਜ਼ ਤੇ ਬੰਦਨਬਾਰ।
ਉਸ ਦੀ ਚਿਤਾ ਨੂੰ
ਅਗਨ ਦੇਣੀ
ਕਿੰਨੀ ਔਖੀ ਹੈ
ਇਹ ਪੁੱਤ ਹੀ ਜਾਣਦਾ ਹੈ

**ਲੇਖਕ : ਹਰਪ੍ਰੀਤ ਕੌਰ ਸੰਧੂ**

## ਮਾਂ ਮੇਰੀ ਦੀਆਂ ਲੋਰੀਆਂ

ਮਾਂ ਮੇਰੀ ਦੀਆਂ ਲੋਰੀਆਂ ਮੈਨੂੰ,
ਅੱਜ ਵੀ ਯਾਦ ਨੇ ਆਉਂਦੀਆਂ
ਕਦੇ ਹਸਾਵਣ ਆ ਯਾਦਾਂ ਵਿੱਚ,
ਕਦੇ ਹੈ ਬਹੁਤ ਰਵਾਉਂਦੀਆਂ
ਮਾਂ ਮੇਰੀ ਦੀਆਂ .....

ਜਦ ਮੈਂ ਰੋਂਦਾ ਮਾਂ ਮੇਰੀ ਝਟ,
ਘੁੱਟ ਛਾਤੀ ਨਾਲ ਲਾਉਂਦੀ ਸੀ
ਭੁੱਖੀ ਰਹਿਕੇ ਖ਼ੁਦ ਉਹ ਮੈਨੂੰ,
ਆਪਣਾ ਦੁੱਧ ਪਿਲਾਉਂਦੀ ਸੀ
ਦਿੰਦੀ ਸੀ ਉਹ ਲੈ ਹਰ ਚੀਜ਼ਾਂ,
ਜੋ ਮੇਰੇ ਮਨ ਭਾਉਂਦੀਆਂ
ਮਾਂ ਮੇਰੀ ਦੀਆਂ .....

ਉੱਠ ਸਵੇਰੇ ਤੜਕੇ ਠੰਡੇ,
ਪਾਣੀ ਨਾਲ ਨਹਾਉਂਦੀ ਸੀ
ਕੰਘੀ ਕਰ ਵਰਦੀ ਪਹਿਨਾ ਕੇ,
ਸਿਰ ਦਸਤਾਰ ਸਜਾਉਂਦੀ ਸੀ
ਐਸੀਆਂ ਮਾਵਾਂ ਸਭ ਦੀਆਂ ਹੋਵਣ,
ਜੋ ਸਿੱਧੇ ਰਾਹ ਪਾਉਂਦੀਆਂ
ਮਾਂ ਮੇਰੀ ਦੀਆਂ .....

ਰਾਤ ਚਾਨਣੀ ਤਾਰੇ ਚਮਕਣ,
ਰੱਬ ਦੇ ਗੀਤ ਸੁਣਾਉਂਦੀ ਸੀ
ਯੋਧਿਆਂ ਦੇ ਇਤਿਹਾਸ ਕਦੇ ਤੇ,
ਕਦੇ ਉਹ ਬਾਤਾਂ ਪਾਉਂਦੀ ਸੀ
ਉਹ ਨਸ਼ਲਾਂ ਰੁਲ ਜਾਂਦੀਆਂ ਨੇ ਜੋ,
ਮਾਂ ਦਾ ਪਿਆਰ ਭੁਲਾਉਂਦੀਆਂ
ਮਾਂ ਮੇਰੀ ਦੀਆਂ .....

ਮਾਂ ਚਰਨਾਂ ਨੂੰ ਚੁੰਮ-ਚੁੰਮ "ਲੱਖਾ",
ਸਲੇਮਪੁਰੇ ਦਾ ਯਾਦ ਕਰੇ
ਮਾਂ ਦੇਈਂ ਸਭ ਨੂੰ ਮਾਂ ਮੇਰੀ ਜਿਹੀ,
ਰੱਬ ਅੱਗੇ ਫ਼ਰਿਆਦ ਕਰੇ
ਉਹਨਾਂ ਮਾਵਾਂ ਤੋਂ ਸਦਕੇ ਜੋ,
ਨੂੰਹਾਂ ਨਾਲ ਨਿਭਾਉਂਦੀਆਂ
ਮਾਂ ਮੇਰੀ ਦੀਆਂ

**ਲੇਖਕ : ਲਖਵਿੰਦਰ ਸਿੰਘ ਲੱਖਾ ਸਲੇਮਪੁਰੀ**
**ਵਟਸਐਪ** : +447438398345

## ਅਨੋਖੇ ਅਮਰ ਸ਼ਹੀਦ

ਤੁਹਾਡੀ ਦੀਦ ਲਈ ਨੈਣ ਪਿਆਸੇ,
ਮੁੱਖ 'ਚੋਂ ਬਾਬਾ ਦੀਪ ਸਿੰਘ ਜੀ ਫਰਮਾਉਣ ਲੱਗੇ,
ਦਰਸ਼ਨ ਕਰਕੇ ਦਸਮ ਪਿਤਾ ਦੇ,
ਫਤਿਹ ਗੱਜ ਕੇ ਬੁਲਾਉਣ ਲੱਗੇ।

ਪਾਹੁਲ ਛਕ ਕੇ ਖੰਡੇ ਬਾਟੇ ਦੀ,
ਸੀਸ ਗੁਰਾਂ ਦੇ ਅੱਗੇ ਝੁਕਾਉਣ ਲੱਗੇ,
ਅਸਤਰ ਸ਼ਸਤਰ ਘੋੜ ਸਵਾਰੀ ਗੁਰੂ,
ਆਪਣੇ ਹੱਥੀ ਪਏ ਸਿਖਾਉਣ ਲੱਗੇ।

ਅਰਬੀ ਫਾਰਸੀ ਬ੍ਰਿਜ ਅਨੇਕਾਂ ਭਾਸ਼ਾਵਾਂ ਦਾ,
ਅਧਿਐਨ ਗੁਰੂ ਜੀ ਕਰਾਉਣ ਲੱਗੇ,
ਥਾਪੜਾ ਲੈ ਕੇ ਗੁਰੂ ਪਾਤਿਸ਼ਾਹ ਤੋਂ,
ਮੈਦਾਨ ਏ ਜੰਗ 'ਚ ਜੋਹਰ ਦਿਖਾਉਣ ਲੱਗੇ,

ਪ੍ਰਤਿਭਾ ਦੇਖ ਸੂਰਬੀਰ ਦੀ,
ਘੁਟ ਕੇ ਹਿੱਕ ਨਾਲ ਲਾਉਣ ਲੱਗੇ।
ਹਾਰ ਬਰਦਾਸ਼ਤ ਨਾ ਹੋਈ ਮੁਗਲਾਂ ਤੋਂ,
ਇਕੱਠੇ ਰਲ ਕੇ ਵਿਉਂਤ ਬਣਾਉਣ ਲੱਗੇ ,

ਹਰਿਮੰਦਰ ਸਾਹਿਬ ਦੇ ਸਰੋਵਰ ਦੀ,
ਦੁਸ਼ਟ ਪਵਿੱਤਰਤਾ ਨੂੰ ਕਲੰਕ ਲਾਉਣ ਲੱਗੇ।
ਸੁਣ ਕੇ ਬੀਰ ਰਸ ਵਿੱਚ ਆ ਯੋਧੇ,
ਕਦਮ ਹਰਿਮੰਦਰ ਸਾਹਿਬ ਵੱਲ ਵਧਾਉਣ ਲੱਗੇ ,

ਤੱਕ ਕੇ ਖੌਫਨਾਕ ਮੰਜ਼ਰ,
ਪੈਰ ਵੈਰੀਆਂ ਦੇ ਡਗਮਗਾਉਣ ਲੱਗੇ।
80 ਵਰ੍ਹਿਆਂ ਦਾ ਬਲੀ ਯੋਧਾ,
18 ਸੇਰ ਦਾ ਖੰਡਾ ਖੜਕਾਉਣ ਲੱਗੇ,

ਮੁਗਲ ਸਿਪਾਹੀ ਥਰ-ਥਰ ਕੰਬਣ ਉੱਠੇ
ਭੱਜ ਮੈਦਾਨੋ ਜਾਨ ਬਚਾਉਣ ਲੱਗੇ,
ਹੋਈ ਹੋਣੀ ਵੀ ਅਚੰਭਿਤ ਸੀ
ਸੀਸ ਤਲੀ ਧਰ ਦੁਸ਼ਮਣਾ ਦੇ ਆਹੂ ਲਾਉਣ ਲੱਗੇ।

ਸਮੁੱਚੀ ਕੁਦਰਤ ਨਮਸਕਾਰ ਕੀਤੀ,
ਜਦ ਸੀਸ ਗੁਰੂ ਦੇ ਚਰਨਾਂ ਚ ਚੜਾਉਣ ਲੱਗੇ,
ਆਪਣੇ ਲਹੂ ਨਾਲ ਇਤਿਹਾਸ ਸਿੰਜਿਆ,
ਤਾਹੀਂ ਅਨੋਖੇ ਅਮਰ ਸ਼ਹੀਦ ਕਹਾਉਣ ਲੱਗੇ।

**ਲੇਖਕ : ਨਵਦੀਪ ਕੌਰ** +1-672-272-3164

## ਮਾਂ

ਕਿੰਨਾ ਕੁਝ ਬਦਲਦਾ ਏ,
ਵਕ਼ਤ ਦੇ ਨਾਲ ਨਾਲ,
ਪਰ ਕੁਝ ਰਿਸ਼ਤੇ ਕਦੇ ਨਹੀਂ ਮੁੱਕਦੇ।
ਜਿਵੇਂ ਮਾਂ ਦਾ ਰਿਸ਼ਤਾ।
ਮਾਂ ਤਾਂ ਚਲੀ ਗਈ ਏ
ਪਰ ਅਜੇ ਵੀ ਮੇਰੇ ਸਾਹਾਂ ਚ ਆ।
ਕਦੇ ਉਲਝਦਾਂ ਹਾਂ ਜਦ,
ਮੇਰੇ ਨਾਲ ਉਹ ਉਹਨਾਂ ਰਾਹਾਂ ਚ ਆ।
ਪਰਦੇਸਾਂ ਚ ਆ
ਜਿੰਮੇਵਾਰ ਵੀ ਹੋ ਗਿਆਂ ਹਾਂ।
ਠੋਕਰਾਂ ਖਾ ਕੇ ਮਜ਼ਬੂਤ ਵੀ ਹੋਇਆਂ ਹਾਂ।
ਪਰ ਅਜੇ ਵੀ ਕੋਈ ਦਰਦ ਹੋਣ ਤੇ,
ਮੂੰਹੋਂ ਮਾਂ ਹੀ ਨਿਕਲਦਾ ਏ।
ਉਹ ਮਾਂ ਹੀ ਸੀ ਜੋ,
ਸਕੂਲ ਤੋਂ ਆਉਣ ਤੋਂ ਪਹਿਲਾਂ ਹੀ,
ਖਾਣਾ ਤਿਆਰ ਰੱਖਦੀ ਸੀ
ਹੁਣ ਵਕ਼ਤ ਬੇ ਵਕ਼ਤ
ਘਰ ਆਉਣ ਤੇ ਵੀ ਕੋਈ ਨਹੀਂ ਪੁੱਛਦਾ।
ਇਹ ਨਹੀਂ ਕਿ ਮਾਂ,
ਕਿਸੇ ਇਕ ਦਿਨ ਦੀ ਹੀ
ਮੋਹਤਾਜ ਆ।
ਉਹ ਹਰ ਦਿਨ, ਹਰ ਪਲ
ਨਾਲ ਹੁੰਦੀਂ ਏ।
ਦੇਖ ਮਾਂ ਤੇਰੇ ਪੁੱਤ ਨੇ,
ਕਈ ਮੁਕਾਮ ਵੀ ਹਾਸਿਲ ਕਰ ਲਏ ਨੇ।
ਜੀਣਾ ਵੀ ਸਿੱਖ ਲਿਆ ਏ
ਪਰ ਅਜੇ ਵੀ ਦਿਲ
ਤੇਰੀ ਗੋਦੀ ਸਿਰ ਰੱਖ ਰੋਣ ਨੂੰ ਲੋਚਦਾ ਏ।
ਪਰ ਉਹ ਹੁੰਦਾ ਕਿੱਥੇ,
ਜੋ ਬੰਦਾ ਹੋਣਾ ਲੋਚਦਾ ਏ।
ਬਸ ਦੁਆ ਏ ਖ਼ੁਦਾ ਅੱਗੇ,
ਕੋਈ ਬਚਪਨ ਨਾ ਖੋਵੇ ਆਪਣੀ ਮਾਂ।
ਕਿਸੇ ਪਰਦੇਸੀ ਪੁੱਤ ਦੀ,
ਯਾਦ ਚ ਨਾ ਰੋਵੇ,
ਕੋਈ ਬੇਵੱਸ ਮਾਂ।

**ਲੇਖਕ : ਅਕਬਰ ਖਾਨ**

# ਨਾਰੀ ਸੰਸਾਰ



## ਜ਼ਿੰਦਗੀ, ਮਨੁੱਖੀ ਗੁਣ ਤੇ ਵਿਸ਼ਵਾਸ

ਲੇਖਕ : ਸੰਜੀਤ ਸਿੰਘ ਸੈਣੀ
ਮੋਬਾਈਲ : 78889-66168

ਖ਼ੁਸ਼ੀਆਂ ਅਤੇ ਗ਼ਮ ਇਨਸਾਨੀ ਜ਼ਿੰਦਗੀ ਵਿਚ ਵਾਰੋ-ਵਾਰੀ ਗੇੜਾ ਮਾਰਦੇ ਰਹਿੰਦੇ ਹਨ। ਜ਼ਿੰਦਗੀ ਵਿਚ ਹਾਲਾਤ ਇਕੋ ਜਿਹੇ ਨਹੀਂ ਰਹਿੰਦੇ, ਭਾਵ ਜੇ ਦੁੱਖ ਵੀ ਆਇਆ ਹੈ ਤਾਂ ਉਹ ਸਥਾਈ ਰਹਿਣ ਵਾਲਾ ਨਹੀਂ ਹੈ। ਹਾਲਾਤ ਬਦਲਦੇ ਰਹਿੰਦੇ ਹਨ। ਇਸੇ ਤਰ੍ਹਾਂ ਵਿਅਕਤੀ ਦੇ ਮਨ ਅੰਦਰ ਤਰ੍ਹਾਂ-ਤਰ੍ਹਾਂ ਦੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ। ਤਰ੍ਹਾਂ-ਤਰ੍ਹਾਂ ਦੇ ਵਿਚਾਰ ਆਉਂਦੇ ਹਨ। ਦੂਜਿਆਂ ਪ੍ਰਤੀ ਨਜ਼ਰੀਆ ਬਦਲ ਜਾਂਦਾ ਹੈ। ਸਮਾਜ ਵਿਚ ਵਿਚਰਦੇ ਹੋਏ ਸਾਨੂੰ ਕਿਸੇ ਤੋਂ ਵੀ ਜ਼ਰੂਰਤ ਪੈ ਜਾਂਦੀ ਹੈ। ਮਾੜੇ ਸਮੇਂ ਵਿਚ ਪਤਾ ਲਗਦਾ ਹੈ ਕਿ ਸਾਡੇ ਦੁੱਖ ਵਿਚ ਕੌਣ ਖੜ੍ਹਿਆ ਸੀ। ਉਸੇ ਤਰ੍ਹਾਂ ਦੀ ਬੰਦੇ ਦੀ ਸੋਚ, ਬੋਲ-ਬਾਣੀ ਹੋ ਜਾਂਦੀ ਹੈ। ਹਰ ਵਿਅਕਤੀ ਦਾ ਵਿਹਾਰ ਨਜ਼ਰੀਆ ਸਾਰਿਆਂ ਲਈ ਇਕੋ ਜਿਹਾ ਨਹੀਂ ਹੁੰਦਾ।

ਬੋਲਚਾਲ ਤੋਂ ਹੀ ਇਨਸਾਨ ਦੀ ਸ਼ਖ਼ਸੀਅਤ ਝਲਕਦੀ ਹੈ। ਨਿਮਰਤਾ, ਪ੍ਰੀਤ, ਪਿਆਰ ਤੇ ਸਤਿਕਾਰ ਇਹ ਗਹਿਣੇ ਹਰ ਇਨਸਾਨ ਦੇ ਹਨ। ਅਕਸਰ ਕਿਹਾ ਜਾਂਦਾ ਹੈ ਕਿ ਇਨਸਾਨ ਦਾ ਪਤਾ ਲੱਗ ਜਾਂਦਾ ਹੈ ਕਿ ਉਸ ਦਾ ਘਰ ਵਿਚ ਪਰਿਵਾਰਕ ਮੈਂਬਰਾਂ ਨਾਲ ਵਤੀਰਾ ਕਿਹੋ ਜਿਹਾ ਹੈ। ਜੋ ਇਨਸਾਨ ਬਾਹਰ ਵੀ ਚੰਗਾ ਵਤੀਰਾ ਕਰੇਗਾ, ਉਸ ਵਿਅਕਤੀ ਦੀ ਚਾਰ ਚੁਫ਼ੇਰੇ ਬੱਲੇ-ਬੱਲੇ ਹੋਵੇਗੀ।

ਕਦੀ ਵੀ ਇਨਸਾਨ ਨੂੰ ਕਿਸੇ ਵੀ ਉਮਰ ਦੇ ਪੜਾਅ ਵਿਚ ਦੁਖੀ ਨਹੀਂ ਹੋਣਾ ਚਾਹੀਦਾ। ਦੁਖੀ ਰਹਿਣ ਕਾਰਨ ਇਨਸਾਨ ਦੀ ਸਿਹਤ ਵੀ ਜਵਾਬ ਦੇਣ ਲੱਗ ਜਾਂਦੀ ਹੈ। ਹਮੇਸ਼ਾ ਤੰਦਰੁਸਤ ਰਹਿਣਾ ਚਾਹੀਦਾ ਹੈ। ਹਸਮੁਖ ਚਿਹਰਾ ਰੱਖਣਾ ਚਾਹੀਦਾ ਹੈ। ਜੇ ਕਿਸੇ ਕੰਮ ਵਿਚ ਅਸਫ਼ਲ ਹੋਏ ਹੋ ਤਾਂ ਕਦੇ ਵੀ ਨਿਰਾਸ਼ ਨਾ ਹੋਵੋ। ਆਸ 'ਤੇ ਹੀ ਸੰਸਾਰ ਚਲਦਾ ਹੈ। ਵਿਅਕਤੀ ਦੀ ਵਧੀਆ ਸੋਚ, ਦ੍ਰਿੜ੍ਹ ਵਿਸ਼ਵਾਸ, ਚੰਗੇ ਲੋਕਾਂ ਦੀ ਜੀਵਨੀ, ਚੰਗੀ ਬੋਲਬਾਣੀ ਹਮੇਸ਼ਾ ਇਨਸਾਨ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਦੀਆਂ ਹਨ। ਹਮੇਸ਼ਾ ਚੰਗੇ ਕੰਮ ਲਈ ਆਸ ਰੱਖੋ। ਸਾਕਾਰਾਤਮਿਕ ਨਜ਼ਰੀਆ ਰੱਖੋ। ਨਾਂਹਪੱਖੀ ਸੋਚ ਵਾਲੇ ਲੋਕਾਂ ਤੋਂ ਦੂਰ ਰਹੋ।

ਅਕਸਰ ਅੱਜ ਬਹੁਤ ਲੋਕ ਤਣਾਅ ਵਿਚੋਂ ਗੁਜ਼ਰ ਰਹੇ ਹਨ। ਮਹਿੰਗਾਈ, ਵਧੀਆ ਰੁਜ਼ਗਾਰ ਨਾ ਹੋਣਾ, ਪੈਸੇ ਦੀ ਕਮੀ, ਇਕ-ਦੂਜੇ ਨੂੰ ਨੀਵਾਂ ਦਿਖਾਉਣਾ, ਬੱਚਿਆਂ ਦੀ ਚਿੰਤਾ ਹੋਰ ਵੀ ਅਜਿਹੇ ਕਈ ਤਣਾਅ ਦੇ ਮੁੱਖ ਕਾਰਨ ਹਨ। ਹਮੇਸ਼ਾ ਆਪਣੇ-ਆਪ ਨੂੰ ਕਿਸੇ ਚੰਗੇ ਕੰਮ ਵਿਚ ਲਗਾ ਕੇ ਰੱਖੋ। ਕਿਸੇ ਬਾਰੇ ਵੀ ਨਕਾਰਾਤਮਿਕ ਸੋਚ ਨਾ ਰੱਖੋ। ਸੈਰ ਕਰੋ, ਜਿੰਨਾ ਵੀ ਤੁਹਾਡੇ ਕੋਲ ਹੈ, ਉਸ ਵਿਚ ਸਬਰ ਰੱਖੋ। ਆਪਣੇ ਹੇਠਾਂ ਵੀ ਝਾਤੀ ਮਾਰ ਕੇ ਦੇਖੋ, ਜਿਨ੍ਹਾਂ ਕੋਲ ਰਹਿਣ ਲਈ ਛੱਤ ਵੀ ਨਹੀਂ ਹੈ। ਹਰ ਵੇਲੇ ਪਰਮਾਤਮਾ ਦਾ ਸ਼ੁਕਰਗੁਜ਼ਾਰ ਕਰੋ। ਵਧੀਆ ਕਿਤਾਬਾਂ ਪੜ੍ਹੋ। ਜ਼ਿਆਦਾ ਨਾ ਸੋਚੋ। ਚੰਗਾ ਖਾਣਾ ਖਾਓ, ਜਿਸ ਨਾਲ ਤੁਹਾਡੀ ਸਿਹਤ ਤੰਦਰੁਸਤ ਰਹੇ। ਪਾਰਕ ਵਿਚ ਜਾਓ, ਗੁਰੂ ਘਰ ਜਾਓ।

ਅੱਜ ਪੈਸੇ ਦੀ ਹੋੜ ਬਹੁਤ ਹੈ। ਅੱਜ ਦੀ ਜ਼ਿੰਦਗੀ ਵਿਚ ਪੈਸਾ ਬਹੁਤ ਜ਼ਰੂਰੀ ਹੈ, ਜਿਸ ਇਨਸਾਨ ਕੋਲ ਪੈਸਾ ਹੈ, ਜੋ ਕੱਲ੍ਹ ਨੂੰ ਕੋਈ ਮੁਸੀਬਤ ਵੀ ਪੈ ਜਾਵੇ ਤਾਂ ਚਾਰ ਬੰਦੇ ਤਾਂ ਹੀ ਨੇੜੇ ਖੜ੍ਹਦੇ ਹਨ। ਪਰ ਕਈ ਵਾਰ ਪੈਸਾ ਹੀ ਸਭ ਕੁਝ ਨਹੀਂ ਹੁੰਦਾ। ਪੈਸੇ ਨਾਲ ਤੁਸੀਂ ਪਿਆਰ, ਸਕੂਨ, ਵਧੀਆ ਨੀਂਦ, ਖ਼ੁਸ਼ੀ ਨਹੀਂ ਖ਼ਰੀਦ ਸਕਦੇ। ਰੋਟੀ, ਕੱਪੜਾ ਅਤੇ ਮਕਾਨ ਹਰ ਇਨਸਾਨ ਦੀਆਂ ਬੁਨਿਆਦੀ ਲੋੜਾਂ ਹਨ।

ਸਾਦਗੀ ਦਾ ਮਨੁੱਖੀ ਜੀਵਨ ਵਿਚ ਬਹੁਤ ਜ਼ਿਆਦਾ ਮਹੱਤਵ ਹੈ। ਅੱਜ ਦੀ ਜੋ ਪੀੜ੍ਹੀ ਹੈ, ਉਸ ਨੂੰ ਦਿਖਾਵਾ ਜ਼ਿਆਦਾ ਕਰਨ ਦੀ ਹੋੜ ਹੈ। ਸਾਦਗੀ ਮਨੁੱਖੀ ਜੀਵਨ ਦਾ ਅਨਮੋਲ ਗਹਿਣਾ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਜੋ ਲੋਕ ਸਾਦਾ ਜੀਵਨ ਬਤੀਤ ਕਰਦੇ ਹਨ, ਉਨ੍ਹਾਂ ਦਾ ਦੁਨਿਆਵੀ ਵਸਤਾਂ ਤੋਂ ਲੋਭ ਭੋਗ ਹੋ ਜਾਂਦਾ ਹੈ। ਸ਼ਾਂਤ ਮਨ ਦੀ ਸਥਿਤੀ ਵਿਚ ਵਿਅਕਤੀ ਉਲਝਣਾਂ ਤੋਂ ਬਚਿਆ ਰਹਿੰਦਾ ਹੈ। ਹਮੇਸ਼ਾ ਸਮੇਂ ਦੀ ਕਦਰ ਕਰੋ। ਜੋ ਇਨਸਾਨ ਸਮੇਂ ਦੀ ਕਦਰ ਕਰਦੇ ਹਨ, ਉਹ ਹਮੇਸ਼ਾ ਤਰੱਕੀ ਕਰਦੇ ਹਨ। ਜੋ ਇਨਸਾਨ ਸਮੇਂ ਦੇ ਮੁਤਾਬਕ ਹਰ ਕੰਮ ਕਰਦਾ ਹੈ, ਉਹ ਕਦੇ ਵੀ ਠੋਕਰਾਂ ਨਹੀਂ ਖਾਂਦਾ। ਹਮੇਸ਼ਾ ਜਿਥੇ ਵੀ ਜਾਣਾ ਹੈ, ਸਮੇਂ ਸਿਰ ਜਾਓ। ਨੌਕਰੀ ਪੇਸ਼ਾ ਵਾਲੇ ਵਿਅਕਤੀ ਨੂੰ ਹਮੇਸ਼ਾ ਸਮੇਂ ਦੀ ਕਦਰ ਕਰਨੀ ਚਾਹੀਦੀ ਹੈ। ਕਹਿੰਦੇ ਹਨ ਕਿ ਜੇ ਇਕ ਵਾਰ ਸਮਾਂ ਲੰਘ ਗਿਆ, ਉਹ ਵਾਪਸ ਮੁੜ ਕੇ ਨਹੀਂ ਆਉਂਦਾ। ਹਮੇਸ਼ਾ ਚੰਗੇ ਲੋਕਾਂ ਦੀ ਸੰਗਤ ਕਰੋ। ਚੰਗਾ ਦੋਸਤ ਬਣਾਓ। ਜ਼ਿੰਦਗੀ ਦੇ ਹਰ ਪਲ ਦਾ ਅਨੰਦ ਮਾਣੋ। ਇਹ ਜ਼ਿੰਦਗੀ ਸਾਨੂੰ ਕੱਟਣ ਲਈ ਨਹੀਂ ਮਿਲੀ ਹੈ, ਜ਼ਿੰਦਗੀ ਨੂੰ ਬੋਝ ਨਾ ਸਮਝੋ। ਜ਼ਿੰਦਗੀ ਹੱਸ ਖੇਡ ਕੇ ਗੁਜ਼ਾਰੋ। ਨਿਰਾਸ਼ ਨਾ ਹੋਵੋ। ਜੇ ਸਫ਼ਲ ਨਹੀਂ ਹੋਏ ਤਾਂ ਗ਼ਲਤੀਆਂ ਤੋਂ ਸਿੱਖੋ। ਹਮੇਸ਼ਾ ਸੱਚ ਬੋਲੋ। ਝੂਠ ਦਾ ਕਦੇ ਵੀ ਸਹਾਰਾ ਨਾ ਲਓ। ਬਜ਼ੁਰਗਾਂ ਦਾ ਸਤਿਕਾਰ ਕਰੋ। ਸਹਿਣਸ਼ੀਲ ਰਹੋ। ਨਿਮਰਤਾ ਮਨੁੱਖੀ ਜੀਵਨ ਦਾ ਅਨਮੋਲ ਗਹਿਣਾ ਹੈ। ਵਧੀਆ ਜ਼ਿੰਦਗੀ ਜਿਊਣ ਲਈ ਪਿਆਰ, ਸਤਿਕਾਰ, ਨਿਮਰਤਾ ਬਹੁਤ ਜ਼ਰੂਰੀ ਹੈ। ਬੋਲਬਾਣੀ ਤੋਂ ਹੀ ਇਨਸਾਨ ਦੀ ਸ਼ਖ਼ਸੀਅਤ ਦਾ ਪਤਾ ਚੱਲ ਜਾਂਦਾ ਹੈ। ਹਮੇਸ਼ਾ ਚੰਗਾ ਬੋਲੋ। ਕਦੇ ਕਿਸੇ ਨੂੰ ਉੱਚਾ ਨਾ ਬੋਲੋ। ਰਾਹ ਜਾਂਦੇ ਕਿਸੇ ਸੱਜਣ ਨੂੰ ਟਿੱਚਰ ਨਾ ਕਰੋ। ਅਕਸਰ ਸਿਆਣੇ ਕਹਿੰਦੇ ਵੀ ਹਨ ਕਿ ਇਕ ਚੁੱਪ ਸੌ ਸੁੱਖ। ਕੁਝ ਵੀ ਬੋਲਣਾ ਹੈ ਤਾਂ ਪਹਿਲਾਂ ਉਸ 'ਤੇ ਸੋਚ ਵਿਚਾਰ ਕਰੋ। ਆਪਣੇ-ਆਪ 'ਤੇ ਵਿਸ਼ਵਾਸ ਰੱਖੋ। ਸੁਣੋ ਸਭ ਦੀ, ਕਰੋ ਮਨ ਦੀ। ਕਿੱਥੇ ਕੀ ਗੱਲ ਕਰਨੀ ਹੈ, ਸੋਚ ਸਮਝ ਕੇ ਬੋਲੋ। ਸੁਣੋ ਧਿਆਨ ਨਾਲ। ਕਦੀ ਵੀ ਆਪਣੇ-ਆਪ ਨੂੰ ਬੇਸਹਾਰਾ, ਕਮਜ਼ੋਰ ਨਾ ਸਮਝੋ। ਲੋੜਵੰਦਾਂ ਦੀ ਮਦਦ ਕਰੋ। ਜੇ ਪਰਮਾਤਮਾ ਦੀ ਕਿਰਪਾ ਨਾਲ ਤੁਹਾਡੇ ਕੋਲ ਜ਼ਿਆਦਾ ਪੈਸਾ ਹੈ ਤਾਂ ਦੁਖੀਆਂ ਦੀ ਮਦਦ ਕਰੋ। ਕਿਸੇ ਦਾ ਦਿਲ ਦੁਖੀ ਨਾ ਕਰੋ। ਹਰ ਸਵੇਰ ਨਵੀਂ ਉਮੀਦ ਲੈ ਕੇ ਆਉਂਦੀ ਹੈ। ਵਰਤਮਾਨ ਵਿਚ ਰਹਿੰਦੇ ਹੋਏ ਪਿਛਲੀਆਂ ਗੱਲਾਂ ਨੂੰ ਕਦੇ ਵੀ ਯਾਦ ਨਾ ਕਰੋ। ਜੇ ਵਰਤਮਾਨ ਵਿਚ ਹੱਸ-ਖੇਡ ਕੇ ਰਹਾਂਗੇ ਤਾਂ ਭਵਿੱਖ ਦੀ ਸਾਨੂੰ ਫ਼ਿਕਰ ਨਹੀਂ ਰਹੇਗੀ।

## ਪਿਕਨਿਕ ਦਾ ਲਓ ਪੂਰਾ ਮਜ਼ਾ

ਲੇਖਕ : ਨੀਤੂ ਗੁਪਤਾ



ਜੇਕਰ ਤੁਸੀਂ ਇਕੱਲੇ ਪਿਕਨਿਕ 'ਤੇ ਜਾ ਰਹੇ ਹੋ ਤਾਂ ਸੂਚੀ ਬਣਾਓ ਕਿ ਕਿਥੇ ਜਾਣਾ ਹੈ, ਕਿੰਨੇ ਸਮੇਂ ਲਈ ਅਤੇ ਕਿਸ ਤਰ੍ਹਾਂ ਜਾਣਾ ਹੈ। ਜੇਕਰ ਤੁਸੀਂ ਕੁਝ ਮਿੱਤਰਾਂ ਜਾਂ ਮਿੱਤਰ ਪਰਿਵਾਰਾਂ ਨਾਲ ਜਾ ਰਹੇ ਹੋ ਤਾਂ ਕਿੰਨੇ ਲੋਕ ਹਨ, ਇਸ ਗੱਲ ਦੀ ਰੂਪ-ਰੇਖਾ ਮਿਲ ਕੇ ਤਿਆਰ ਕਰ ਲਓ।

ਪਿਕਨਿਕ 'ਤੇ ਜਾਣ ਤੋਂ ਪਹਿਲਾਂ ਹੀ ਤੈਅ ਕਰ ਲਓ ਕਿ ਕੀ-ਕੀ ਖਾਣਾ ਬਣਾ ਕੇ ਲੈ ਜਾਣਾ ਹੈ, ਬਾਜ਼ਾਰ ਤੋਂ ਕੀ ਰੈਡੀਮੇਡ ਸਾਮਾਨ ਲੈਣਾ ਹੈ ਆਦਿ। ਗਰੁੱਪ ਵਿਚ ਹੋ ਤਾਂ ਖਾਣ-ਪੀਣ ਦੀ ਜ਼ਿੰਮੇਵਾਰੀ ਸਭ ਪਰਿਵਾਰਾਂ ਨੂੰ ਉਨ੍ਹਾਂ ਦੀ ਸਮਰੱਥਾ ਅਨੁਸਾਰ ਵੰਡ ਦਿਓ। ਗਰਮ ਚੀਜ਼ਾਂ ਨੂੰ ਵੱਖਰੀਆਂ ਪੈਕ ਕਰੋ। ਕੋਲਡ ਡ੍ਰਿੰਕਸ ਤੇ ਪੀਣ ਵਾਲੇ ਪਦਾਰਥ ਵੱਖਰੇ ਰੱਖੋ। ਫਲ ਅਤੇ ਪੈਕੇਟ ਬੰਦ ਸਾਮਾਨ ਵੱਖਰਾ ਰੱਖ ਲਿਆ ਜਾਵੇ। ਪਿਕਨਿਕ ਵਾਲੀ ਥਾਂ 'ਤੇ ਕੰਮ ਆਉਣ ਵਾਲੀਆਂ ਦਰੀਆਂ, ਚਾਦਰਾਂ, ਖੇਡਾਂ ਦਾ ਸਾਮਾਨ, ਖਾਣ-ਪੀਣ ਦਾ ਸਾਮਾਨ, ਟਾਰਚ, ਮਾਚਿਸ ਆਦਿ ਜ਼ਰੂਰ ਨਾਲ ਰੱਖ ਲਓ।

ਪਿਕਨਿਕ 'ਤੇ ਜਾਂਦੇ ਸਮੇਂ ਗਾਰਬੇਜ ਬੈਗ ਰੱਖਣਾ ਨਾ ਭੁੱਲੋ ਤਾਂ ਕਿ ਬਚਿਆ ਹੋਇਆ ਖਾਣਾ, ਛਿਲਕੇ ਆਦਿ ਉਸ ਵਿਚ ਪਾ ਸਕੋ। ਬੱਚਿਆਂ ਨੂੰ ਪਿਕਨਿਕ 'ਤੇ ਜਾਣ ਤੋਂ ਪਹਿਲਾਂ ਹਿਦਾਇਤ ਦੇ ਦਿਓ ਕਿ ਕਿਤੇ ਤੁਹਾਡੇ ਤੋਂ ਵੱਖ ਹੋ ਕੇ ਦੂਰ ਨਾ ਜਾਣ।

ਬੱਚਿਆਂ ਨੂੰ ਇਸ ਤਰ੍ਹਾਂ ਦੀਆਂ ਥਾਵਾਂ 'ਤੇ ਆਪਣੇ ਨਾਲ ਰੱਖੋ। ਤੁਹਾਡੇ ਗਰੁੱਪ ਦੇ ਬੱਚੇ ਮਿਲ ਕੇ ਕੋਲ ਹੀ ਖੇਡਣ ਜਿਸ ਨਾਲ ਤੁਸੀਂ ਉਨ੍ਹਾਂ 'ਤੇ ਨਜ਼ਰ ਰੱਖ ਸਕੋ।

ਪਿਕਨਿਕ ਥਾਂ ਦੀਆਂ ਖ਼ਾਸ ਵਿਸ਼ੇਸ਼ਤਾਵਾਂ ਬੱਚਿਆਂ ਨੂੰ ਦੱਸੋ। ਜੇਕਰ ਬੋਟਿੰਗ ਦੀ ਵਿਵਸਥਾ ਹੋਵੇ ਤਾਂ ਉਸ ਦਾ ਅਨੰਦ ਲੈਣਾ ਨਾ ਭੁੱਲੋ। ਜੇਕਰ ਤੁਹਾਡੇ ਕੋਲ ਕੈਮਰਾ ਹੈ ਤਾਂ ਉਨ੍ਹਾਂ ਹਸੀਨ ਪਲਾਂ ਨੂੰ ਕੈਮਰੇ ਵਿਚ ਕੈਦ ਕਰਨਾ ਨਾ ਭੁੱਲੋ। ਗਰੁੱਪ ਵਿਚ ਹੋ ਤਾਂ ਸਾਰੇ ਗਰੁੱਪ ਨੂੰ ਧਿਆਨ ਵਿਚ ਰੱਖਦੇ ਹੋਏ ਤਸਵੀਰਾਂ ਲਓ। ਤੁਸੀਂ ਮੌਜ-ਮਸਤੀ ਲਈ ਘਰ ਤੋਂ ਨਿਕਲੇ ਹੋ ਤਾਂ ਪਰਿਵਾਰਕ ਤਣਾਅ ਘਰ 'ਚ ਹੀ ਛੱਡ ਕੇ ਚਲੋ। ਨਾ ਖ਼ੁਦ ਆਪਣਾ ਮਜ਼ਾ ਕਿਰਕਿਰਾ ਕਰੋ ਤੇ ਨਾ ਹੀ ਦੂਜਿਆਂ ਦੀ ਨਿੰਦਾ ਚੁਗਲੀ ਕਰ ਕੇ ਸਾਰਿਆਂ ਦਾ ਮਜ਼ਾ ਖ਼ਰਾਬ ਕਰੋ। ਪਿਕਨਿਕ ਸਾਨੂੰ ਨਵੀਂ ਉਰਜਾ ਦਿੰਦੀ ਹੈ, ਇਸ ਦਾ ਪੂਰੀ ਤਰ੍ਹਾਂ ਅਨੰਦ ਲਓ।

## ਬੱਚਿਆਂ ਨੂੰ ਬਣਾਓ ਆਤਮ-ਵਿਸ਼ਵਾਸੀ

ਲੇਖਕ : ਪ੍ਰਵੀਨ ਅਬਰੋਲ, ਸੰਪਰਕ 98782-49944

ਮਾਂ-ਬਾਪ ਦੁਆਰਾ ਬੱਚਿਆਂ ਵਿਚ ਪੈਦਾ ਕੀਤਾ ਗਿ ਆਤਮ-ਵਿਸ਼ਵਾਸ ਉਨ੍ਹਾਂ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਤੇ ਇਸ ਨੂੰ ਸਫਲਤਾ ਦੀ ਕੁੰਜੀ ਵੀ ਕਿਹਾ ਜਾਂਦਾ ਹੈ। ਜਿਹੜਾ ਸਾਰੀ ਉਮਰ ਉਨ੍ਹਾਂ ਨਾਲ ਨਿਭਦਾ ਹੈ ਅਤੇ ਮੁਸ਼ਕਿਲ ਘੜੀ ਵਿਚ ਜ਼ਿੰਦਗੀ ਦੀ ਵੱਡੀ ਤੋਂ ਵੱਡੀ ਲੜਾਈ ਲੜਨ ਦਾ ਬਲ ਬਖ਼ਸ਼ਦਾ ਹੈ। ਸਾਰਾ ਜੀਵਨ ਇਸ 'ਤੇ ਨਿਰਭਰ ਕਰਦਾ ਹੈ, ਜਿਵੇਂ ਵਿਅਕਤੀਤਵ ਵਿਚ ਨਿਖਾਰ ਆਉਂਦਾ ਹੈ, ਸਾਕਾਰਾਤਮਿਕ ਉਰਜਾ ਦਾ ਵਿਕਾਸ ਹੁੰਦਾ ਹੈ, ਚਰਿੱਤਰ ਨਿਰਮਾਣ ਵਿਚ ਸਹਾਇਤਾ ਮਿਲਦੀ ਹੈ। ਜਦੋਂ ਬੱਚੇ ਆਪਣੇ 'ਤੇ ਵਿਸ਼ਵਾਸ ਕਰਨਾ ਸਿੱਖ ਜਾਂਦੇ ਹਨ ਤਾਂ ਜ਼ਿੰਦਗੀ ਦੀ ਹਰ ਮੁਸੀਬਤ ਛੋਟੀ ਲੱਗਣ ਲੱਗ ਜਾਂਦੀ ਹੈ। ਜ਼ਿੰਦਾਦਿਲੀ ਦੇ ਹੌਸਲੇ ਕਈ ਗੁਣਾ ਵਧ ਜਾਂਦੇ ਹਨ। ਹਰ ਮਾਂ-ਬਾਪ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਭਾਵੇਂ ਸਹੂਲਤਾਂ ਦੇਣ ਵਿਚ ਕਿਤੇ ਕਮੀ ਰਹਿ ਜਾਵੇ, ਪਰ ਉਨ੍ਹਾਂ ਵਿਚ ਆਤਮ-ਵਿਸ਼ਵਾਸ ਦੀ ਕਦੀ ਕਮੀ ਨਹੀਂ ਆਉਣੀ ਚਾਹੀਦੀ। ਮਾਂ-ਬਾਪ ਦੇ ਨਾਲ-ਨਾਲ ਅਧਿਆਪਕ ਵੀ ਬੱਚਿਆਂ ਦੇ ਮਨੋਬਲ ਨੂੰ ਵਧਾਉਣ ਲਈ ਵੱਡਾ ਯੋਗਦਾਨ ਪਾ ਸਕਦੇ ਹਨ।

ਬੱਚੇ ਵੀ ਇੱਜ਼ਤ ਚਾਹੁੰਦੇ ਹਨ, ਜਦੋਂ ਵੀ ਉਹ ਕੋਈ ਚੰਗਾ ਕੰਮ ਕਰਨ ਤਾਂ ਉਨ੍ਹਾਂ ਦੀ ਪ੍ਰਸੰਸਾ ਜ਼ਰੂਰ ਕਰੋ, ਉਹ ਆਪਣੇ-ਆਪ ਨੂੰ ਪ੍ਰੇਰਿਤ ਮਹਿਸੂਸ ਕਰਨਗੇ। ਜੇ ਉਨ੍ਹਾਂ ਕੋਲੋਂ ਕੋਈ ਗ਼ਲਤੀ ਹੋ ਜਾਵੇ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਉਹ ਬੇਸਮਝ ਹਨ। ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਗ਼ਲਤੀ ਵੀ ਉਸ ਕੋਲੋਂ ਹੀ ਹੁੰਦੀ ਹੈ ਜੋ ਕੁਝ ਕਰਨ ਦੀ ਕੋਸ਼ਿਸ਼ ਕਰਦਾ ਹੈ। ਗ਼ਲਤੀ ਨੂੰ ਸੁਧਾਰ ਕੇ ਅੱਗੇ ਵਧਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਬੱਚਿਆਂ ਨੂੰ ਕਦੀ ਇਕੱਲਾ ਰਹਿਣ ਦੀ ਆਦਤ ਨਾ ਪਾਓ ਬਲਕਿ ਦੂਜਿਆਂ ਵਿਚ ਵਿਚਰਨ ਨਾਲ ਉਨ੍ਹਾਂ ਦੇ ਆਤਮ-ਵਿਸ਼ਵਾਸ ਵਿਚ ਵਾਧਾ ਹੁੰਦਾ ਹੈ। ਉਹ ਕੁਝ ਨਵਾਂ ਸਿੱਖ ਕੇ ਜੀਵਨ ਵਿਚ ਢਾਲਣ ਦੀ ਕੋਸ਼ਿਸ਼ ਕਰਦੇ ਹਨ। ਕਈ ਵਾਰ ਛੋਟੀਆਂ-ਛੋਟੀਆਂ ਜ਼ਿੰਮੇਵਾਰੀਆਂ ਵੀ ਜੀਵਨ ਦੇ ਡੂੰਘੇ ਸਬਕ ਸਿਖਾ ਜਾਂਦੀਆਂ ਹਨ। ਇਸ ਸਮੇਂ ਸਾਨੂੰ ਲਿੰਗ ਭੇਦ ਤੋਂ ਉੱਪਰ ਉੱਠ ਕੇ ਬੱਚਿਆਂ ਨੂੰ ਛੋਟੇ-ਛੋਟੇ ਕੰਮ ਸਿਖਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਰਸੋਈ ਘਰ 'ਚ ਵੀ ਮਾਂ ਨਾਲ ਹੱਥ ਵਟਾਉਣਾ, ਆਪਣੀਆਂ ਚੀਜ਼ਾਂ ਨੂੰ ਆਪ ਸੰਭਾਲਣਾ, ਛੋਟੇ ਭੈਣ ਭਰਾਵਾਂ ਦਾ ਧਿਆਨ ਰੱਖਣਾ ਆਦਿ। ਉਨ੍ਹਾਂ ਦੀਆਂ



ਛੋਟੀਆਂ-ਛੋਟੀਆਂ ਕੋਸ਼ਿਸ਼ਾਂ ਦੁਆਰਾ ਉਰਜਾ ਦਾ ਪ੍ਰਵਾਹ ਹੁੰਦਾ ਹੈ। ਮਾਂ-ਬਾਪ ਨੂੰ ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਜ਼ਰੂਰਤ ਤੋਂ ਜ਼ਿਆਦਾ ਅਤੇ ਝੂਠੀ ਪ੍ਰਸੰਸਾ ਨਹੀਂ ਕਰਨੀ ਚਾਹੀਦੀ, ਕਿਉਂਕਿ ਅਕਸਰ ਬੱਚੇ ਅਤਿ ਆਤਮਵਿਸ਼ਵਾਸੀ ਹੋ ਜਾਂਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਕਈ ਵਾਰ ਹਾਲਾਤ ਦਾ ਸਾਹਮਣਾ ਕਰਨ ਵਿਚ ਪ੍ਰੇਸ਼ਾਨ ਹੋਣਾ ਪੈਂਦਾ ਹੈ।

ਹਰੇਕ ਬੱਚੇ ਵਿਚ ਕੋਈ ਨਾ ਕੋਈ ਹੁਨਰ ਛੁਪਿਆ ਹੁੰਦਾ ਹੈ, ਬਚਪਨ ਤੋਂ ਹੀ ਉਸ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰੋ ਅਤੇ ਉਸ ਵਿਚ ਮਾਹਿਰ ਹੋਣ ਲਈ ਉਸ ਦੀ ਮਦਦ ਕਰੋ। ਉਸ ਦੇ ਨਾਲ ਸੰਬੰਧਿਤ ਛੋਟੀਆਂ-ਛੋਟੀਆਂ ਜ਼ਰੂਰਤਾਂ ਦਾ ਧਿਆਨ ਰੱਖੋ ਅਤੇ ਹਮੇਸ਼ਾ ਅੱਗੇ ਵਧਣ ਦੀ ਪ੍ਰੇਰਣਾ ਦਿਓ। ਸਭ ਤੋਂ ਜ਼ਰੂਰੀ ਗੱਲ ਹੈ ਕਿ ਬੱਚਿਆਂ ਨੂੰ ਉਨ੍ਹਾਂ ਦਾ ਕਰੀਅਰ ਚੁਣਨ ਦੀ ਆਜ਼ਾਦੀ ਦਿਓ। ਕਦੀ ਵੀ ਉਨ੍ਹਾਂ ਉੱਤੇ ਆਪਣੀ ਮਰਜ਼ੀ ਥੋਪਣ ਦੀ ਕੋਸ਼ਿਸ਼ ਨਾ ਕਰੋ। ਬੱਚਿਆਂ ਦੇ ਵੀ ਕੁਝ ਸੁਪਨੇ ਹੁੰਦੇ ਹਨ, ਉਨ੍ਹਾਂ ਨੂੰ ਪੂਰਾ ਕਰਨ ਲਈ ਸਲਾਹ ਦਿਓ, ਸਾਥ ਦਿਓ। ਪਰ ਕਿਸੇ ਖ਼ਾਸ ਕਿੱਤੇ ਨੂੰ ਅਪਣਾਉਣ ਲਈ ਮਜਬੂਰ ਨਾ ਕਰੋ। ਉਨ੍ਹਾਂ ਦੀ ਪਸੰਦ ਦਾ ਵੀ ਜ਼ਰੂਰ ਧਿਆਨ ਰੱਖੋ ਅਤੇ ਜ਼ਿੰਦਗੀ ਦੇ ਫ਼ੈਸਲੇ ਲੈਣ ਲਈ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਆਪਣਾ ਸਹਿਯੋਗ ਵੀ ਜ਼ਰੂਰ ਦਿਓ। ਵਾਰ-ਵਾਰ ਬੱਚਿਆਂ ਦੀ ਦੂਸਰਿਆਂ ਨਾਲ ਤੁਲਨਾ ਨਾ ਕਰੋ। ਇਕ ਚੰਗਾ ਗਾ ਸਕਦਾ ਹੈ ਤਾਂ ਦੂਜਾ ਚੰਗਾ ਨੱਚ ਸਕਦਾ ਹੈ। ਤੁਲਨਾ ਬੱਚਿਆਂ ਨੂੰ ਪੀੜਾ ਪਹੁੰਚਾਉਂਦੀ ਹੈ ਤੇ ਉਹ ਆਪਣੇ-ਆਪ ਨੂੰ ਹੀਨ ਸਮਝਣ ਲੱਗ ਜਾਂਦੇ ਹਨ। ਇਸ ਲਈ ਹਮੇਸ਼ਾ ਬੱਚਿਆਂ ਦੇ ਆਸ-ਪਾਸ ਰਹੋ, ਆਜ਼ਾਦੀ ਦਿਓ, ਪਰ ਲੋੜ ਪੈਣ 'ਤੇ ਨਜ਼ਰ ਵੀ ਰੱਖੋ। ਸੋਸ਼ਲ ਮੀਡੀਆ ਦੇ ਯੁੱਗ ਵਿਚ ਬੱਚਿਆਂ ਦੀ ਸਰੀਰਕ ਕਸਰਤ ਬਹੁਤ ਘਟ ਗਈ ਹੈ। ਪਹਿਲਾਂ ਬੱਚੇ ਖੇਡ-ਖੇਡ ਵਿਚ ਹੀ ਬਹੁਤ ਕੁਝ ਸਿੱਖ ਲੈਂਦੇ ਸਨ। ਅਜੋਕੇ ਸਮੇਂ ਵਿਚ ਉਨ੍ਹਾਂ ਨੂੰ ਮਾਂ-ਬਾਪ ਦੇ ਮਾਰਗਦਰਸ਼ਨ ਦੀ ਬਹੁਤ ਲੋੜ ਹੁੰਦੀ ਹੈ। ਬੱਚਿਆਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰੋ ਤੇ ਇਸ ਦੇ ਨਾਲ ਯੋਗ ਅਤੇ ਮੈਡੀਟੇਸ਼ਨ ਬਾਰੇ ਵੀ ਜਾਗਰੂਕ ਕਰੋ। ਸਮਾਜ ਵਿਚ ਵਿਚਰਨ ਵਾਲੀਆਂ ਬੁਰਾਈਆਂ ਖ਼ਾਸ ਤੌਰ 'ਤੇ ਨਸ਼ੇ ਦੇ ਨੁਕਸਾਨ ਬਾਰੇ ਜ਼ਰੂਰ ਦੱਸੋ। ਬੱਚਿਆਂ ਦੀ ਹਰ ਗੱਲ ਦਾ ਜਵਾਬ ਦੇਵੋ, ਉਨ੍ਹਾਂ ਨੂੰ ਕਦੀ ਵੀ ਨਜ਼ਰ-ਅੰਦਾਜ਼ ਕਰਨ ਦੀ ਕੋਸ਼ਿਸ਼ ਨਾ ਕਰੋ ਕਿਉਂਕਿ ਅਗਾਂਹ ਵਧਣ ਲਈ ਸਿਰਫ਼ ਮਾਂ-ਬਾਪ ਹੀ ਉਨ੍ਹਾਂ ਨੂੰ ਪ੍ਰੇਰਿਤ ਕਰ ਸਕਦੇ ਹਨ।

ਬੱਚੇ ਵੀ ਪਰਿਵਾਰ ਦਾ ਅਹਿਮ ਹਿੱਸਾ ਹੁੰਦੇ ਹਨ, ਸਮੇਂ-ਸਮੇਂ 'ਤੇ ਉਨ੍ਹਾਂ ਦੀ ਸਲਾਹ ਵੀ ਜ਼ਰੂਰ ਲਵੋ ਅਤੇ ਲੋੜੀਂਦੀ ਜਾਣਕਾਰੀ ਵੀ ਆਪਸ ਵਿਚ ਸਾਂਝੀ ਕਰੋ। ਇਸ ਤਰ੍ਹਾਂ ਨਾਲ ਬੱਚਾ ਆਪਣੇ-ਆਪ ਨੂੰ ਪਰਿਵਾਰ ਦਾ ਜ਼ਰੂਰੀ ਅੰਗ ਸਮਝਦਾ ਹੈ। ਸਰੀਰਕ ਅਤੇ ਮਾਨਸਿਕ ਸੰਤੁਲਨ ਬਣਾਉਣ ਵਿਚ ਮਦਦ ਮਿਲਦੀ ਹੈ, ਜਿਸ ਨਾਲ ਉਸ ਦਾ ਆਤਮ-ਵਿਸ਼ਵਾਸ ਕਈ ਗੁਣਾ ਵਧ ਜਾਂਦਾ ਹੈ। ਜਿੱਤ-ਹਾਰ ਨਾਲੋਂ ਮਾਂ-ਬਾਪ ਨੂੰ ਬੱਚਿਆਂ ਦੀ ਮਿਹਨਤ 'ਤੇ ਭਰੋਸਾ ਹੋਣਾ ਚਾਹੀਦਾ ਹੈ ਜਿਹੜਾ ਜੀਵਨ ਵਿਚ ਹਰ ਤਰ੍ਹਾਂ ਦਾ ਜ਼ੋਖਮ ਉਠਾਉਣ ਦੀ ਤਾਕਤ ਦਿੰਦਾ ਹੈ। ਪਹਿਲਾਂ ਸਕੂਲ ਉਨ੍ਹਾਂ ਦਾ ਘਰ ਹੁੰਦਾ ਹੈ ਅਤੇ ਮਾਂ-ਬਾਪ ਅਧਿਆਪਕ, ਬੱਚਿਆਂ ਦੇ ਰੋਲ ਮਾਡਲ ਬਣੋ ਅਤੇ ਹਰ ਖੇਤਰ ਵਿਚ ਉਨ੍ਹਾਂ ਦੀ ਪਛਾਣ ਬਣਾਉਣ ਲਈ ਉਨ੍ਹਾਂ ਨੂੰ ਆਤਮ-ਵਿਸ਼ਵਾਸੀ ਬਣਾਓ ਤਾਂ ਕਿ ਵੱਡੇ ਹੋ ਕੇ ਮਾਂ-ਬਾਪ, ਸਮਾਜ ਅਤੇ ਦੇਸ਼ ਦਾ ਨਾਂਅ ਰੌਸ਼ਨ ਕਰ ਸਕਣ।



# CLASSIFIEDS & MATRIMONIALS



## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

........................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491.

# ਪੰਜਾਬ ਮੁਖੀ ਖੇਤੀ ਨੀਤੀ ਸਮੇਂ ਦੀ ਲੋੜ

ਲੇਖਕ: ਸੁੱਚਾ ਸਿੰਘ ਗਿੱਲ
ਸੰਪਰਕ: 98550-82857



ਕੇਂਦਰ ਸਰਕਾਰ ਦੀ ਖੇਤੀ ਮੰਡੀਕਰਨ ਬਾਰੇ ਜਾਰੀ ਕੌਮੀ ਨੀਤੀ ਦੇ ਖਰੜੇ ਵਿੱਚ ਕਈ ਖ਼ਾਮੀਆਂ ਹਨ। ਹਿੱਤ ਧਾਰਕ ਦਾਅਵਾ ਕਰਦੇ ਹਨ ਕਿ ਇਹ ਰੱਦ ਕੀਤੇ ਤਿੰਨ ਖੇਤੀ ਕਾਨੂੰਨਾਂ ਵਰਗਾ ਹੈ। ਖਰੜੇ ਦੀ ਤਜਵੀਜ਼ ਉਦੋਂ ਰੱਖੀ ਗਈ ਜਦੋਂ ਸੁਪਰੀਮ ਕੋਰਟ ਪਹਿਲਾਂ ਹੀ ਕਿਸਾਨਾਂ ਨਾਲ ਜੁੜੇ ਮੁੱਦਿਆਂ ’ਤੇ ਕਮੇਟੀ ਬਣਾ ਚੁੱਕਾ ਹੈ। ਇਸ ਨੂੰ ਕਿਸਾਨ ਜਥੇਬੰਦੀਆਂ ਨੂੰ ਭੜਕਾਉਣ ਵਾਲੇ ਦਸਤਾਵੇਜ਼ ਵਜੋਂ ਦੇਖਿਆ ਜਾ ਰਿਹਾ ਹੈ। ਜ਼ਾਹਿਰਾ ਤੌਰ ’ਤੇ ਖਰੜਾ ਖੇਤੀ ਉਤਪਾਦਾਂ ਦੇ ਮੰਡੀਕਰਨ ਦੀਆਂ ਸਮੱਸਿਆਵਾਂ ਹੱਲ ਕਰਨ ਅਤੇ ਡਿਜੀਟਲੀਕਰਨ ਰਾਹੀਂ ਸੁਧਾਰ ਲਿਆਉਣ ਲਈ ਤਿਆਰ ਕੀਤਾ ਹੈ। ਇਸ ਦਾ ਮੰਤਵ ਮੰਡੀ ਢਾਂਚੇ, ਪ੍ਰਾਸੈਸਿੰਗ ਤੇ ਖੇਤੀ ਉਤਪਾਦਾਂ ਵਿੱਚ ਨਿਵੇਸ਼ ਨੂੰ ਹੁਲਾਰਾ ਦੇਣਾ ਵੀ ਹੈ।

ਖਰੜੇ ਦੀ ਛਾਣਬੀਣ ਕੀਤਿਆਂ ਦਿਸਦਾ ਹੈ ਕਿ ਇਸ ਵਿੱਚ ਖੇਤੀ ਸੰਕਟ ਬਾਰੇ ਸਮਝ ਦੀ ਘਾਟ ਹੈ। ਖਰੜੇ ਨੇ ਪ੍ਰਾਈਵੇਟ ਕੰਪਨੀਆਂ ਨਾਲ ਕਿਸਾਨਾਂ ਦੇ ਕੌੜੇ ਤਜਰਬਿਆਂ ਦਾ ਧਿਆਨ ਨਹੀਂ ਰੱਖਿਆ। ਇਸ ’ਚ ਪ੍ਰਾਈਵੇਟ ਖੇਤਰ ਦਾ ਪੱਖ ਪੂਰਨ ਦੀ ਝਲਕ ਹੈ ਜਿਸ ’ਚ ਇਸ ਨੂੰ ਖੇਤੀ ਵਪਾਰ, ਬਰਾਮਦ, ਭੰਡਾਰਨ ਤੇ ਖੇਤੀ ਪ੍ਰਾਸੈਸਿੰਗ ਕਰਨ ਦੀ ਖੁੱਲ੍ਹ ਦਿੱਤੀ ਜਾ ਰਹੀ ਹੈ।

ਖੇਤੀ ਅਤੇ ਇਸ ਨਾਲ ਸਬੰਧਿਤ ਗਤੀਵਿਧੀਆਂ ਨੂੰ ਸੰਵਿਧਾਨ ਦੀ ਰਾਜ ਸੂਚੀ (ਲਿਸਟ 2) ਵਿਚ ਰੱਖਿਆ ਗਿਆ ਹੈ ਕਿਉਂਕਿ ਇਹ ਮੁਕਾਮੀ ਭੂਗੋਲਿਕ ਹਾਲਤਾਂ ਅਤੇ ਹੋਰ ਪੱਖਾਂ ਉੱਤੇ ਨਿਰਭਰ ਕਰਦੀਆਂ ਹਨ। ਹਰੇਕ ਰਾਜ ਵਿੱਚ ਇਹ ਹਾਲਤਾਂ ਵੱਖੋ-ਵੱਖਰੀਆਂ ਹਨ ਅਤੇ ਰਾਜਾਂ ਦੇ ਅੰਦਰ ਵੀ ਵੱਖ-ਵੱਖ ਖੇਤਰਾਂ ’ਚ ਅਲੱਗ-ਅਲੱਗ ਹਨ। ਨੀਤੀ ਦੀ ਬਣਤਰ ਨੂੰ ਰਾਜਾਂ ਦੇ ਹਿਸਾਬ ਨਾਲ ਤੈਅ ਕਰਨ ਦੀ ਲੋੜ ਹੈ। ਇਸੇ ਕਰ ਕੇ ਕੇਂਦਰ ਸਰਕਾਰ ਦੀ ਫ਼ਸਲ ਬੀਮਾ ਨੀਤੀ ਨੇ ਹਰਿਆਣਾ ਵਿੱਚ ਕਿਸਾਨਾਂ ਦੀ ਮਦਦ ਨਹੀਂ ਕੀਤੀ। ਪੰਜਾਬ ਨੇ ਇਹ ਨੀਤੀ ਨਹੀਂ ਅਪਣਾਈ।

ਖਰੜੇ ਦੀ ਇਸ ਤਜਵੀਜ਼ ਦਾ ਮਾਮਲਾ ਵੀ ਇਹੀ ਹੈ। ਇਹ ਪੰਜਾਬ ਤੇ ਹਰਿਆਣਾ ਵਰਗੇ ਸੂਬਿਆਂ ਲਈ ਢੁੱਕਵੀਂ ਨਹੀਂ। ਦੋਵਾਂ ਸੂਬਿਆਂ ਵਿੱਚ ਖੇਤੀ ਉਤਪਾਦ ਮੰਡੀ ਕਮੇਟੀ (ਏਪੀਐੱਮਸੀ) ਦਾ ਢਾਂਚਾ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ਦੇ ਨੇੜੇ ਹੈ ਜਿਸ ਤਹਿਤ ਖੇਤੀ ਉਤਪਾਦ ਲਈ ਪ੍ਰਤੀ ਮੰਡੀ 80 ਵਰਗ ਕਿਲੋਮੀਟਰ ਕਵਰੇਜ਼ ਏਰੀਆ ਰੱਖਣ ਦੀ ਗੱਲ ਹੈ। ਦੋਵੇਂ ਰਾਜ ਏਪੀਐੱਮਸੀ ਢਾਂਚੇ ਨੂੰ ਹੋਰ ਮਜ਼ਬੂਤ ਤੇ ਬਿਹਤਰ ਕਰ ਕੇ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਉਨ੍ਹਾਂ ਨੂੰ ਖੇਤੀ ਮੰਡੀਕਰਨ ਤੇ ਪ੍ਰਾਸੈਸਿੰਗ ਦਾ ਹਿੱਸਾ ਬਣਾ ਕੇ ਇਹ ਟੀਚਾ ਤੇਜ਼ੀ ਨਾਲ ਹਾਸਿਲ ਕਰ ਸਕਦੇ ਹਨ।

ਖਰੜਾ ਖੇਤੀ ਪ੍ਰਾਸੈਸਿੰਗ ਇਕਾਈਆਂ, ਥੋਕ ਵਪਾਰੀਆਂ ਤੇ ਬਰਾਮਦਕਾਰਾਂ ਨੂੰ ਦੂਜੇ ਰਾਜਾਂ ਤੋਂ ਖਰੀਦ ਕਰਨ ਅਤੇ ਜਿਸ ਰਾਜ ਵਿੱਚ ਉਹ ਹਨ, ਉੱਥੇ ਉਨ੍ਹਾਂ ਨੂੰ ਮੰਡੀ ਫੀਸ ਤੇ ਟੈਕਸ ਤੋਂ ਛੋਟ ਦੇਣ ਦੀ ਤਜਵੀਜ਼ ਰੱਖਦਾ ਹੈ। ਇਹ ਖਰੜਾ ਇਨ੍ਹਾਂ ਸ਼੍ਰੇਣੀਆਂ ਦੇ ਖ਼ਰੀਦਦਾਰਾਂ ਨੂੰ ਇਸ ਚੀਜ਼ ਦੀ ਵੀ ਖੁੱਲ੍ਹ ਦਿੰਦਾ ਹੈ ਕਿ ਉਹ ਪ੍ਰਾਈਵੇਟ ਮੰਡੀਆਂ ਰੱਖ ਸਕਦੇ ਹਨ ਜਾਂ ਬਿਨਾਂ ਮੰਡੀ ਫੀਸ ਜਾਂ ਟੈਕਸ ਦਿੱਤਿਆਂ ਖੇਤਾਂ ਵਿੱਚੋਂ ਹੀ ਖਰੀਦ ਸਕਦੇ ਹਨ। ਇਹ ਕਦਮ ਪ੍ਰਭਾਵਿਤ ਰਾਜਾਂ ਵਿੱਚ ਦਿਹਾਤੀ ਢਾਂਚੇ ਦੇ ਵਿਕਾਸ ਲਈ ਪੈਸੇ ਦੀ ਕਮੀ ਪੈਦਾ ਕਰੇਗਾ; ਇਹ ਖਰੜਾ ਏਪੀਐੱਮਸੀ ਮੰਡੀ ਢਾਂਚੇ ਨੂੰ ਕਮਜ਼ੋਰ ਜਾਂ ਬਰਬਾਦ ਕਰ ਦੇਵੇਗਾ।

ਪ੍ਰਾਈਵੇਟ ਮੰਡੀਆਂ ਨੂੰ ਟੈਕਸ ਤੇ ਫੀਸ ਤੋਂ ਛੋਟ ਦੇਣ ਨਾਲ ਅਜਿਹੀ ਹਾਲਤ ਪੈਦਾ ਹੋਵੇਗੀ ਜਿਸ ਵਿੱਚ ਪ੍ਰਾਈਵੇਟ ਕੰਪਨੀਆਂ ਦੀਆਂ ਮੰਡੀਆਂ ਕਿਸਾਨਾਂ ਨੂੰ ਚੰਗੀਆਂ ਕੀਮਤਾਂ ਅਦਾ ਕਰਨਗੀਆਂ ਅਤੇ ਕੁਝ ਸਾਲਾਂ ਬਾਅਦ ਉਨ੍ਹਾਂ ਨੂੰ ਏਪੀਐੱਮਸੀ ਮੰਡੀਆਂ ਤੋਂ ਦੂਰ ਕਰ ਦੇਣਗੀਆਂ। ਇੱਕ ਵਾਰ ਏਪੀਐੱਮਸੀ ਢਾਂਚਾ ਕਮਜ਼ੋਰ ਹੋ ਗਿਆ ਤਾਂ ਪ੍ਰਾਈਵੇਟ ਕੰਪਨੀਆਂ, ਮੰਡੀ ਉੱਤੇ ਕਬਜ਼ਾ ਕਰ ਲੈਣਗੀਆਂ ਤੇ ਕਿਸਾਨਾਂ ਨੂੰ ਘੱਟ ਕੀਮਤ ਦੇਣੀ ਸ਼ੁਰੂ ਕਰ ਦੇਣਗੀਆਂ।

ਇਸ ਤੋਂ ਵੀ ਅੱਗੇ, ਇਹ ਖਰੜਾ ਮੁਕਾਬਲੇ ਦੇ ਨਾਂ ’ਤੇ ਖੇਤੀ ਉਤਪਾਦਾਂ ਦੇ ਵਪਾਰ ’ਚ ਪ੍ਰਾਈਵੇਟ ਮੰਡੀਆਂ ਦਾ ਏਕਾਧਿਕਾਰ ਬਣਾਉਣ ਦੀ ਤਜਵੀਜ਼ ਰੱਖ ਰਿਹਾ ਹੈ। ਖਰੜੇ ’ਚ ਸਿਫ਼ਾਰਿਸ਼ਾਂ ਦਾ ਪੱਧਰ ਕਾਫ਼ੀ ਹੱਦ ਤੱਕ ਪ੍ਰਾਈਵੇਟ ਮੰਡੀਆਂ ਨੂੰ ਲਾਭ ਦੇਣ ਵੱਲ ਸੇਧਿਤ ਹੈ; ਉਹ ਮੰਡੀਆਂ ਜਿਨ੍ਹਾਂ ਨੂੰ ਵੱਡੀਆਂ ਪ੍ਰਾਈਵੇਟ ਕੰਪਨੀਆਂ ਵੱਲੋਂ ਸਥਾਪਿਤ ਕੀਤੇ ਜਾਣ ਦੀ ਤਜਵੀਜ਼ ਹੈ।

ਬਿਹਾਰ ਵਿਚ ਏਪੀਐੱਮਸੀ ਮੰਡੀਆਂ ਦੇ ਖਾਤਮੇ ਤੋਂ ਬਾਅਦ ਕਿਸਾਨਾਂ ਨੂੰ ਉਤਪਾਦ ਪ੍ਰਾਈਵੇਟ ਵਪਾਰੀਆਂ ਨੂੰ ਐੱਮਐੱਸਪੀ ਤੋਂ 25-30 ਪ੍ਰਤੀਸ਼ਤ ਘੱਟ ਕੀਮਤ ਉੱਤੇ ਵੇਚਣ ਲਈ ਮਜਬੂਰ ਕੀਤਾ ਗਿਆ। ਏਪੀਐੱਮਸੀ ਮੰਡੀਆਂ ਤੋਂ ਪਹਿਲਾਂ ਪੰਜਾਬ ਦੇ ਕਿਸਾਨ ਵੀ ਇਸੇ ਤਰ੍ਹਾਂ ਦੀ ਹਾਲਤ ਦਾ ਸਾਹਮਣਾ ਕਰ ਰਹੇ ਸਨ। ਜਿਨ੍ਹਾਂ ਸੂਬਿਆਂ ਵਿੱਚ ਏਪੀਐੱਮਸੀ ਢਾਂਚਾ ਕਮਜ਼ੋਰ ਹੈ ਜਾਂ ਨਹੀਂ ਹੈ, ਉੱਥੇ ਵੀ ਕਿਸਾਨਾਂ ਨੂੰ ਇਹੀ ਕਸ਼ਟ ਸਹਿਣਾ ਪੈ ਰਿਹਾ ਹੈ। ਇਸ ਲਈ ਖਰੜੇ ’ਚ ਦਿੱਤਾ ਇਹ ਤਰਕ ਕਿ ਪ੍ਰਾਈਵੇਟ ਮੰਡੀਆਂ ਖੇਤੀ ਉਤਪਾਦਾਂ ਦੀ ਖ਼ਰੀਦ-ਵੇਚ ’ਚ ਮੁਕਾਬਲੇ ਨੂੰ ਵਧਾਉਣਗੀਆਂ, ਬੇਬੁਨਿਆਦ ਹੈ।

ਏਪੀਐੱਮਸੀ ਮੰਡੀਆਂ ਵਿੱਚ ਸਰਕਾਰੀ ਖਰੀਦ ਏਜੰਸੀਆਂ ਦੇ ਨਾਲ-ਨਾਲ ਪ੍ਰਾਈਵੇਟ ਕੰਪਨੀਆਂ ਖੇਤੀ ਉਤਪਾਦਾਂ ਦੀ ਖਰੀਦ ਕਰਦੀਆਂ ਹਨ ਤੇ ਕੀਮਤਾਂ ’ਤੇ ਮੁਕਾਬਲਾ ਹੁੰਦਾ ਹੈ। ਖਰੜੇ ’ਚ ਤਜਵੀਜ਼ਸ਼ੁਦਾ ਪ੍ਰਾਈਵੇਟ ਮੰਡੀਆਂ ਦੀ ਸਥਾਪਨਾ ਨਾਲ ਦੋ ਤਰ੍ਹਾਂ ਦਾ ਮੰਡੀ ਢਾਂਚਾ ਬਣੇਗਾ, ਇੱਕ ਪੂਰੀ ਤਰ੍ਹਾਂ ਪ੍ਰਾਈਵੇਟ ਸੈਕਟਰ ਲਈ ਤੇ ਦੂਜਾ ਸਰਕਾਰੀ ਏਜੰਸੀਆਂ ਲਈ ਜੋ ਕੇਵਲ ਇਸ ਤਰ੍ਹਾਂ ਦੀ ਹਾਲਤ ਬਣਾਏਗਾ ਜਿਸ ਨਾਲ ਵੱਡੀਆਂ ਪ੍ਰਾਈਵੇਟ ਕੰਪਨੀਆਂ ਨੂੰ ਹੀ ਫ਼ਾਇਦਾ ਹੋਵੇਗਾ।

ਖਰੜੇ ਵਿੱਚ ਉਸ ਮੰਡੀ ਢਾਂਚੇ ਦੀ ਵੀ ਅਣਦੇਖੀ ਕੀਤੀ ਗਈ ਹੈ ਜਿਸ ਦੀ ਭਾਰਤੀ ਅਰਥਚਾਰੇ ਵਿੱਚ ਵੱਡੀਆਂ ਕੰਪਨੀਆਂ ਨੁਮਾਇੰਦਗੀ ਕਰਦੀਆਂ ਹਨ। ਵੱਡੇ ਧਨਾਢ ਉਸ ਅਜਾਰੇਦਾਰੀ ਦਾ ਹੀ ਹਿੱਸਾ ਹਨ ਜੋ ਖੇਤੀ ਉਪਜਾਂ ਲਈ ਮੰਡੀਆਂ ਬਣਾਉਣੀਆਂ ਚਾਹੁੰਦੇ ਹਨ। ਜਦੋਂ ਅਜਿਹੀਆਂ ਵੱਡੀਆਂ ਕੰਪਨੀਆਂ ਆਪਣੇ ਅਪਾਰ ਸਾਧਨਾਂ ਨਾਲ ਮੰਡੀ ਵਿੱਚ ਜਾਣਗੀਆਂ ਤਾਂ ਉਹ ਕੀਮਤਾਂ ਨਿਸ਼ਚਤ ਕਰਨਗੀਆਂ। ਅਜਿਹੇ ਮੰਡੀ ਤੰਤਰ ਵਿਚ ਦਰਮਿਆਨੇ ਤੇ ਛੋਟੇ ਕਿਸਾਨਾਂ ਦਾ ਨੁਕਸਾਨ ਹੋਣਾ ਤੈਅ ਹੈ। ਆਲਮੀ ਅਤੇ ਮੁਕਾਮੀ ਪੱਧਰਾਂ ’ਤੇ ਕਿਸਾਨਾਂ ਦੇ ਅਨੁਭਵਾਂ ਦੇ ਮੱਦੇਨਜ਼ਰ ਵੱਡੇ ਖਿਡਾਰੀ ਭਾਰੀ ਭਰਕਮ ਮੁਨਾਫ਼ੇ ਕਮਾਉਣ ਲਈ ਆਪਣੀ ਮੰਡੀ ਦੀ ਤਾਕਤ ਦੀ ਵਰਤੋਂ ਕਰਦੇ ਹਨ।

ਖਰੜੇ ਵਿਚ ਕਿਸਾਨਾਂ ਦੇ ਪਿਛਲੇ ਤਜਰਬੇ ਨੂੰ ਅਣਡਿੱਠ ਕਰ ਦਿੱਤਾ ਹੈ ਜਿਸ ਤਹਿਤ ਦੇਸ਼ ਭਰ ਦੇ ਗੰਨਾ ਉਤਪਾਦਕਾਂ ਦੀ ਖੱਜਲ ਖੁਆਰੀ ਦੇਖੀ ਜਾ ਸਕਦੀ ਹੈ। ਉਨ੍ਹਾਂ ਨੂੰ ਖੰਡ ਮਿੱਲਾਂ ਚਾਰ-ਪੰਜ ਸਾਲਾਂ ਬਾਅਦ ਵੀ ਗੰਨੇ ਦੀ ਅਦਾਇਗੀ ਨਹੀਂ ਕਰਦੀਆਂ। ਪੰਜਾਬ ਦੇ ਕਿਸਾਨਾਂ ਦਾ ਵੀ ਇਹੀ ਕੌੜਾ ਤਜਰਬਾ ਹੈ ਜਦੋਂ 1989-90 ਵਿੱਚ ਪੈਪਸੀਕੋ ਅਤੇ ਮਹਿੰਦਰਾ ਸ਼ੁਭਲਾਭ, ਰੈਲੀਜ਼ ਇੰਡੀਆ (ਟਾਟਾ ਕੰਪਨੀ) ਤੇ ਅਡਵਾਂਟਾ ਸੀਡਜ਼ ਨੇ 2003-04 ਵਿੱਚ ਕਿਸਾਨਾਂ ਨੂੰ ਰਗੜੇ ਲਾਏ। ਇਨ੍ਹਾਂ ਕੰਪਨੀਆਂ ਨੇ ਜਾਂ ਤਾਂ ਕਿਸਾਨਾਂ ਨੂੰ ਗ਼ੈਰ-ਮਿਆਰੀ ਬੀਜ ਦਿੱਤੇ ਸਨ ਜਾਂ ਫਿਰ ਬਾਅਦ ਵਿੱਚ ਕੋਈ ਮਦਦ ਮੁਹੱਈਆ ਨਾ ਕਰਵਾਈ। ਨਾ ਹੀ ਉਨ੍ਹਾਂ ਕਰਾਰ ਮੁਤਾਬਿਕ ਸਮੇਂ ਸਿਰ ਫ਼ਸਲ ਖਰੀਦੀ। ਇਉਂ ਕਿਸਾਨਾਂ ਨੂੰ ਭਾਰੀ ਨੁਕਸਾਨ ਝੱਲਣਾ ਪਿਆ ਜਿਨ੍ਹਾਂ ਦੀ ਨਾ ਕੰਪਨੀਆਂ ਨੇ ਭਰਪਾਈ ਕੀਤੀ ਤੇ ਨਾ ਹੀ ਸਰਕਾਰ ਤੋਂ ਕੋਈ ਮੁਆਵਜ਼ਾ ਮਿਲਿਆ।

ਹਾਲੀਆ ਸਾਲਾਂ ’ਚ ਹਿਮਾਚਲ ਦੇ ਸੇਬ ਉਤਪਾਦਕਾਂ ਨਾਲ ਪ੍ਰਾਈਵੇਟ ਕੰਪਨੀਆਂ ਨੇ ਇੰਝ ਹੀ ਕੀਤਾ। ਪ੍ਰਾਈਵੇਟ ਕੰਪਨੀਆਂ ਨੂੰ ਮੁਨਾਫ਼ੇ ਦੀ ਪ੍ਰਵਾਹ ਹੁੰਦੀ ਹੈ ਅਤੇ ਸਮਾਜਿਕ ਜ਼ਿੰਮੇਵਾਰੀ ਨਾਲ ਲਾਗਾ ਦੇਗਾ ਨਹੀਂ ਹੁੰਦਾ। ਉਹ ਕਰੋਨੀ (ਚਹੇਤੇ) ਪੂੰਜੀਵਾਦ ਦੀ ਨੁਮਾਇੰਦਗੀ ਕਰਦੀਆਂ ਹਨ ਜੋ ਸਰਕਾਰੀ ਗੱਫਿਆਂ ਅਤੇ ਛੋਟੇ ਖਿਡਾਰੀਆਂ ਤੇ ਕਿਸਾਨਾਂ ਦੇ ਸ਼ੋਸ਼ਣ ’ਤੇ ਪਲ਼ਦੀਆਂ ਹਨ। ਇਨ੍ਹਾਂ ’ਚੋਂ ਜ਼ਿਆਦਾਤਰ ਸਮੱਸਿਆਵਾਂ ਨੂੰ ਰਾਜਕੀ ਮੰਡੀ ਨੇਮਾਂ, ਸਰਕਾਰੀ ਸਹਿਕਾਰੀ ਅਦਾਰਿਆਂ ਦੇ ਦਖ਼ਲ ਅਤੇ ਕਿਸਾਨੀ ਅਦਾਰਿਆਂ ਦੀ ਤਵਾਜ਼ਨਕਾਰੀ ਸ਼ਕਤੀ ਰਾਹੀਂ ਅਸਾਨੀ ਨਾਲ ਹੱਲ ਕੀਤਾ ਜਾ ਸਕਦਾ ਹੈ।

ਇਹ ਨੀਤੀ ਖਰੜਾ ਅਜਿਹਾ ਕਰਨ ਦੇ ਯੋਗ ਨਹੀਂ ਜਿਸ ਕਰ ਕੇ ਇਹ ਵਾਪਸ ਲਿਆ ਜਾਣਾ ਚਾਹੀਦਾ ਹੈ।

ਉਂਝ, ਖਰੜੇ ਨੂੰ ਰੱਦ ਕਰਨ ਦਾ ਉਦੋਂ ਤੱਕ ਕੋਈ ਫ਼ਾਇਦਾ ਨਹੀਂ ਹੋਵੇਗਾ ਜਿੰਨੀ ਦੇਰ ਸੂਬੇ ਆਪਣੀਆਂ ਲੋੜਾਂ ਦੇ ਅਨੁਕੂਲ ਬਦਲ ਪੇਸ਼ ਨਹੀਂ ਕਰਦੇ। ਪੰਜਾਬ ਕੋਲ ਪਹਿਲਾਂ ਹੀ ਆਪਣੀ ਖੇਤੀਬਾੜੀ ਨੀਤੀ ਦਾ ਖਰੜਾ ਹੈ ਜੋ ਸਰਕਾਰ ਦੀ ਕਾਇਮ ਕੀਤੀ ਕਮੇਟੀ ਨੇ ਤਿਆਰ ਕੀਤਾ ਹੈ। ਇਸ ਖਰੜੇ ਉੱਪਰ ਰਾਜ ਦੇ ਕਿਸਾਨਾਂ, ਸਿਆਸਤਦਾਨਾਂ, ਮਾਹਿਰਾਂ, ਮੁਕਾਮੀ ਵਪਾਰੀਆਂ ਅਤੇ ਕਾਰੋਬਾਰੀਆਂ ਨਾਲ ਵਿਚਾਰ ਚਰਚਾ ਕੀਤੀ ਜਾਣੀ ਚਾਹੀਦੀ ਹੈ। ਸਾਰੀਆਂ ਸਬੰਧਿਤ ਧਿਰਾਂ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਪੰਜਾਬ ਲਈ ਖੇਤੀਬਾੜੀ ਨੀਤੀ ਨੂੰ ਅੰਤਿਮ ਰੂਪ ਦੇ ਕੇ ਲਾਗੂ ਕਰਨਾ ਚਾਹੀਦਾ ਹੈ।

ਖਰੜੇ ਵਿੱਚ ਇਹ ਯਕੀਨੀ ਬਣਾਇਆ ਜਾਵੇ ਕਿ ਏਪੀਐੱਮਸੀ ਮੰਡੀਆਂ ਦੇ ਕੁਸ਼ਲ ਕੰਮਕਾਜ ਅਤੇ ਇਨ੍ਹਾਂ ਦੇ ਆਧੁਨਿਕੀਕਰਨ ਲਈ ਨਿਯਤ ਸਮੇਂ ’ਤੇ ਚੋਣਾਂ ਕਰਵਾਈਆਂ ਜਾਣ। ਇਸ ਮੰਤਵ ਲਈ ਭੰਡਾਰਨ ਜਾਂ ਸਾਇਲੋਜ਼ ਨੂੰ ਅਪਗ੍ਰੇਡ ਕਰਨਾ ਪਵੇਗਾ ਤੇ ਜਲਦੀ ਖਰਾਬ ਹੋਣ ਵਾਲੀਆਂ ਫ਼ਸਲਾਂ ਲਈ ਕੋਲਡ ਸਟੋਰੇਜ ਚੇਨਾਂ ਕਾਇਮ ਕਰਨ ਦੀ ਲੋੜ ਪਵੇਗੀ। ਇਸ ਤਹਿਤ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਏਪੀਐੱਮਸੀ ਮੰਡੀਆਂ ਵੱਲੋਂ ਫੀਸਾਂ ਅਤੇ ਚਾਰਜਾਂ ਦੇ ਰੂਪ ਵਿੱਚ ਇਕੱਤਰ ਕੀਤੇ ਫੰਡਾਂ ਦੀ ਵਰਤੋਂ ਮੰਡੀਆਂ ਦਾ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਹੀ ਕੀਤ ਜਾਵੇ ਅਤੇ ਰਾਜ ਸਰਕਾਰ ਹੋਰ ਕਿਸੇ ਮੰਤਵ ਲਈ ਨਾ ਵਰਤ ਸਕੇ।

# ਡਾ. ਸੁਖਪਾਲ ਸੰਘੇੜਾ ਨਾਲ ਗੱਲਬਾਤ



ਵਲੋਂ : ਰਵਿੰਦਰ ਸਿੰਘ ਸੋਢੀ

ਛੇਵੀਂ ਕਿਸ਼ਤ

- ਜੇ 'ਚੰਦਨ', ਤੁਹਾਡੇ ਕਹਿਣ ਮੁਤਾਬਕ, ਲਹਿਰ ਵਿੱਚ ਹਿੱਸਾ ਲੈਣ ਤੋਂ ਬਾਅਦ ਯੂ-ਟਰਨ ਮਾਰ ਕੇ ਕਹਿ ਸਕਦਾ ਹੈ, "ਪ੍ਰਗਤੀਵਾਦ ਤੇ ਨਕਸਲੀ ਲਹਿਰ ਨੇ ਪੰਜਾਬੀ ਕਵਿਤਾ ਦਾ ਵੱਡਾ ਨੁਕਸਾਨ ਕੀਤਾ ਹੈ।", ਤਾਂ ਕੀ ਗਰੰਟੀ ਹੈ ਕਿਸੇ ਦੀ ਵੀ; ਉਦਾਹਰਣ ਦੇ ਤੌਰ 'ਤੇ ਜੇ ਪਾਸ਼ ਸਾਡੇ ਵਿਚਕਾਰ ਰਹਿੰਦਾ, ਤਾਂ ਕੀ ਗਰੰਟੀ ਹੈ ਤੁਹਾਡੇ ਸ਼ਬਦਾਂ ਵਿੱਚ ਉਹਦੀ ਵੀ "ਸੋਚ ਦੀ ਘੋੜੀ ਮੁੜ ਜਾਗੀਰੂ ਕਦਰਾਂ-ਕੀਮਤਾਂ ਦੇ ਬੋਹੜ ਥੱਲੇ" ਆ ਕੇ ਨਾ ਰੁਕ ਜਾਂਦੀ?

ਬੜਾ ਵਧੀਆ ਸੁਆਲ ਕੀਤਾ, ਤੁਸੀਂ ਸੋਢੀ ਜੀ! ਤੁਸੀਂ ਠੀਕ ਓਂ, ਆਪਾਂ ਜਾਣਦੇ ਈ ਆਂ ਕਿ ਇਨ੍ਹਾਂ ਮਾਮਲਿਆਂ ਵਿੱਚ ਗਰੰਟੀ ਤਾਂ ਕਿਸੇ ਦੀ ਵੀ ਕੋਈ ਨਹੀਂ; ਬੰਦਿਆ ਦੇ ਵਿਚਾਰ ਬਦਲ ਸਕਦੇ ਆ। ਅਸਲ ਵਿੱਚ, ਆਮ ਤੌਰ 'ਤੇ ਕਵਿਤਾ ਇੱਕ ਸਫ਼ਰ ਹੈ, ਕਿਉਂਕਿ ਸਮੇਂ ਦੇ ਨਾਲ ਨਾਲ ਕਵੀ ਦੇ ਵਿਚਾਰਾਂ ਤੇ ਕਾਵਿ-ਸ਼ਿਲਪ ਦਾ ਵਿਕਾਸ ਥੋੜਾ ਜਾਂ ਬਾਹਲਾ ਲਗਾਤਾਰ ਹੋਣਾ ਜਾਰੀ ਰਹਿ ਸਕਦਾ; ਪਰ ਗਰੰਟੀ ਕੋਈ ਨਹੀਂ। ਜੇ ਵਿਕਾਸ ਹੋ ਜਾਏ, ਤਾਂ ਮਹੱਤਵਪੂਰਨ ਪ੍ਰਸ਼ਨ ਹੁੰਦਾ ਕਿ ਵਿਕਾਸ ਕਿਸ ਦਿਸ਼ਾ ਵਿੱਚ ਹੋ ਰਿਹਾ? ਮਿਸਾਲ ਵਜੋ, ਭਵਿੱਖਮੁੱਖੀ ਜਾਂ ਭੂਤਮੁੱਖੀ ਦਿਸ਼ਾ ਵਿੱਚ? ਪਰ, ਆਪਾਂ ਇੱਕ ਵਿਗਿਆਨਿਕ ਤਰੀਕਾ, ਜੋ ਆਮ ਵਿਗਿਆਨਕ ਵਿਧੀ ਦਾ ਇੱਕ ਛੋਟਾ ਰਿਹਾ ਰੂਪ ਆ, ਵਰਤ ਸਕਦੇ ਆ ਇਹ ਭਵਿੱਖਬਾਣੀ ਕਰਨ ਲਈ ਪਾਸ਼ ਦੀ ਸੋਚ ਦੀ ਘੋੜੀ ਮੁੜ ਜਾਗੀਰੂ ਕਦਰਾਂ-ਕੀਮਤਾਂ ਦੇ ਬੋਹੜ ਥੱਲੇ ਆ ਕੇ ਰੁਕ ਜਾਂਦੀ ਜਾਂ ਨਾ? ਇਸ ਸੋਚ ਪ੍ਰਯੋਗ, ਯਾਨਿ ਥਾਊਟ ਇਕਸਪੈਰੀਮਿੰਟ, ਵਿੱਚ ਆਪਾਂ ਪਾਸ਼ ਦੀ ਕਵਿਤਾ ਨੂੰ ਡੈਟਾ, ਯਾਨਿ ਅੰਕੜੇ, ਸਰੋਤ ਵਜੋਂ ਵਰਤਾਂਗੇ। ਆਮ ਵਿਗਿਆਨਕ ਵਿਧੀ ਦੌਰਾਨ ਡੇਟਾ ਪ੍ਰਯੋਗ ਤੋਂ ਆਉਂਦਾ; ਇਸ ਅਭਿਆਸ ਵਿੱਚ ਪਾਸ਼ ਦੀ ਕਾਵਿ-ਰਚਨ ਪ੍ਰਕ੍ਰਿਆ ਸਾਡਾ ਪ੍ਰਯੋਗ ਆ/ਸੀ।

ਅਜੋਕੇ ਦੇ ਪ੍ਰਸੰਗ ਵਿੱਚ, ਜੇ ਕਵਿਤਾ ਵਿੱਚਲੀ ਸੋਚ ਦਾ ਸਹੀ ਦਿਸ਼ਾ ਵਿੱਚ ਵਿਕਾਸ ਹੁੰਦਾ ਰਹੇ, ਦੂਜੇ ਸ਼ਬਦਾਂ ਵਿੱਚ, ਕਵਿਤਾ ਸਹੀ ਦਿਸ਼ਾ ਵਿੱਚ ਵਿਕਾਸ-ਸਫ਼ਰ ਕਰਦੀ ਰਹੇ, ਤੇ ਕਵੀ ਵਿੱਚ ਆਪਣੀ ਕਵਿਤਾ ਲਈ ਪ੍ਰਤੀਬੱਧਤਾ ਹੋਵੇ, ਤਾਂ ਫਿਰ ਕਵੀ ਦੀ ਸੋਚ-ਘੋੜੀ ਦੀ ਮੁੜ-ਘਿੜ ਜਾਗੀਰੂ ਕਦਰਾਂ-ਕੀਮਤਾਂ ਦੇ ਬੋਹੜ ਥੱਲੇ ਆਉਣ ਦੀ ਗੁੰਜਾਇਸ਼ ਬੜ੍ਹੀ ਘੱਟ ਹੁੰਦੀ ਹੈ। ਮਨੁੱਖੀ ਇਤਿਹਾਸ ਦੇ ਭੂਤ ਤੋਂ ਭਵਿੱਖ ਵੱਲ ਨੂੰ ਪ੍ਰਗਤੀਸ਼ੀਲ ਵਿਕਾਸ-ਸਫ਼ਰ ਵਾਲੀ ਦਿਸ਼ਾ ਸਹੀ ਦਿਸ਼ਾ ਹੁੰਦੀ ਹੈ। ਪਾਸ਼ ਉੱਪਰ ਉੱਤਕ ਦੋਵੇਂ ਸ਼ਰਤਾਂ ਢੁੱਕਦੀਆਂ ਸਨ: ਪਾਸ਼ ਦੀ ਕਵਿਤਾ 'ਚ ਸਹੀ ਦਿਸ਼ਾ ਵਿੱਚ ਵਿਕਾਸ-ਸਫ਼ਰ ਹੈ, ਤੇ ਉਹਦੇ ਵਿੱਚ ਆਪਣੀ ਕਵਿਤਾ ਲਈ ਲੋਹੜੇ ਦੀ ਪ੍ਰਤੀਬੱਧਤਾ ਸੀ, ਉਹਦੀ ਖ਼ਾਤਰ ਜੇਲ੍ਹ ਜਾਣ ਤੱਕ, ਹਕੂਮਤ ਵਲੋਂ ਨੇੜੇ-ਸਨ੍ਹੇਰੇ ਖਪਾ ਦੇਣ ਦੇ ਸਿਰ ਉੱਪਰ ਲਗਾਤਾਰ ਮੰਡਰਾਅ ਰਹੇ ਖ਼ਤਰੇ ਸਮੇਤ। ਆਪਣੇ ਪਹਿਲੇ ਕਾਵਿ-ਸੰਗ੍ਰਹਿ, ਲੋਹ ਕਥਾ, ਵਿੱਚ ਹੀ ਪਾਸ਼ ਦੀ ਕਵਿਤਾ ਨੇ ਹੇਮ-ਕੁੰਡ 'ਤੇ ਬਹਿ ਭਗਤੀ ਕਰਨ "ਕਵਿਤਾ 'ਅੰਤਿਕਾ'"ਤੋਂ ਲੈ ਕੇ ਉਹਦੇ ਅੱਜ ਦੇ ਸਮਾਜ ਦੇ ਪਿੰਡੇ 'ਤੇ 'ਕੰਡਿਆਲੀ ਥੋਹਰ' (ਸ਼ਿਵ ਦੀ) ਬਣਕੇ ਉੱਗ ਆਈ ਵਾਰਸ ਸ਼ਾਹ ਦੀ ਲਾਸ਼ ਤੱਕਣ "ਕਵਿਤਾ 'ਖੁੱਲੀ ਚਿੱਠੀ'" ਦਾ ਪ੍ਰਗਤੀਸ਼ੀਲ ਸਫ਼ਰ ਤੈਅ ਕਰ ਲਿਆ ਸੀ।

ਕਵਿਤਾ 'ਅੰਤਿਕਾ' ਵਿੱਚਲਾ 'ਮੈਂ' ਆਪਣੇ ਆਪ ਨੂੰ ਸਾਧਾਰਨ ਲੋਕਾਂ ਤੋਂ ਉੱਪਰ ਚੁੱਕ ਜਾਗੀਰੂ ਭਾਵਨਾ 'ਚੋਂ ਉਪਜੇ ਪੈਗ਼ੰਬਰੀ ਅੰਦਾਜ ਵਿੱਚ ਕਹਿੰਦਾ ਹੈ:

"ਅਸੀਂ ਜੰਮਣਾ ਨਹੀਂ ਸੀ
ਅਸੀਂ ਲੜਨਾ ਨਹੀਂ ਸੀ
ਅਸੀਂ ਤਾਂ ਬਹਿ ਕੇ ਹੇਮਕੁੰਟ ਦੇ ਉੱਤੇ
ਭਗਤੀ ਕਰਨੀ ਸੀ
ਪਰ ਜਦ ਸਤਲੁਜ ਦੇ ਪਾਣੀ ਵਿੱਚੋਂ ਭਾਫ ਉੱਠੀ...
ਪਰ ਜਦ ਕਾਜ਼ੀ ਨਜ਼ਰੁਲ ਇਸਲਾਮ ਦੀ ਜੀਭ ਰੁਕੀ
ਜਦ ਕੁੜੀਆਂ ਦੇ ਕੋਲ ਜਿਮ ਕਾਰਟਰ ਤੱਕਿਆ।
ਤੇ ਮੁੰਡਿਆਂ ਕੋਲ ਤੱਕਿਆ 'ਜੇਮਜ਼ ਬਾਂਡ'
ਤਾਂ ਮੈਂ ਕਹਿ ਉੱਠਿਆ ਚਲ ਬਈ ਸੰਤ (ਸੰਧੂ)
ਹੇਠਾਂ ਧਰਤੀ 'ਤੇ ਚਲੀਏ
ਪਾਪਾਂ ਦਾ ਤਾਂ ਭਾਰ ਵੱਧਦਾ ਜਾਂਦਾ ਹੈ" -(ਪਾਸ਼:ਅੰਤਿਕਾ)

'ਅੰਤਿਕਾ' ਤੋਂ 'ਖੁੱਲੀ ਚਿੱਠੀ', ਯਾਨਿ ਭੂਤ ਤੋਂ ਵਰਤਮਾਨ, ਤੱਕ ਦਾ ਸਫ਼ਰ ਪਾਸ਼ ਕਾਵਿ-ਸੰਗ੍ਰਹਿ ਵਿੱਚ ਹੀ ਤਹਿ ਕਰ ਜਾਂਦਾ ਹੈ, ਜਦੋਂ ਕਿ ਬਾਹਲੇ ਪੰਜਾਬੀ ਲੇਖਕ ਇਹ ਸਫ਼ਰ, ਅੱਜ ਇੱਕਵੀਂ ਸਦੀ 'ਚ ਵੀ, ਜਿੰਦਗੀ ਭਰ ਤਹਿ ਨਹੀਂ ਕਰ ਪਾਉਂਦੇ। ਮਿਸਾਲ ਵਜੋਂ:

"ਅੱਜ ਵਾਰਸ ਸ਼ਾਹ ਦੀ ਲਾਸ਼
ਕੰਡਿਆਲੀ ਥੋਹਰ ਬਣ ਕੇ
ਸਮਾਜ ਦੇ ਪਿੰਡੇ ਤੇ ਉੱਗ ਆਈ ਹੈ-
ਉਸ ਨੂੰ ਕਹੋ ਕਿ
ਇਹ ਯੁੱਗ ਵਾਰਸ ਦਾ ਯੁੱਗ ਨਹੀਂ
ਵੀਤਨਾਮ ਦਾ ਯੁੱਗ ਹੈ
ਹਰ ਖੇਤੇ ਵਿਚ ਹੱਕਾਂ ਦੇ ਸੰਗ੍ਰਾਮ ਦਾ ਯੁੱਗ ਹੈ।"-(ਪਾਸ਼: ਖੁੱਲੀ ਚਿੱਠੀ)

ਮਤਲਬ, ਪਾਸ਼ ਦੇ ਕਾਵਿ-ਸਫ਼ਰ ਦੀ ਸ਼ੁਰੂਆਤ ਹੀ ਜਾਗੀਰੂ ਕਦਰਾਂ-ਕੀਮਤਾਂ ਪਛਾਣ ਕੇ ਉਨਾਂ ਵਿਰੁੱਧ ਲੜਾਈ ਵਿੱਢਣ ਨਾਲ ਸ਼ੁਰੂ ਹੋਈ ਸੀ। ਅਗਾਂਹ ਦੇ ਸਫ਼ਰ ਦੌਰਾਨ ਇਹ ਪਛਾਣ ਹੋਰ ਬਰੀਕ/ਸਪਸ਼ਟ ਤੇ ਇਹ ਲੜਾਈ ਹੋਰ ਪ੍ਰਬਲ/ਤਿੱਖੀ ਹੀ ਹੁੰਦੀ ਗਈ। ਮਿਸਾਲ ਵਜੋਂ ਪਾਸ਼ ਆਪਣੇ ਅਗਲੇ ਕਾਵਿ-ਸੰਗ੍ਰਹਿ 'ਉਡਦਿਆਂ ਬਾਜ਼ਾਂ ਮਗਰ' ਵਿੱਚ ਜਾਗੀਰੂ ਜਾਂ



ਅਰਧ-ਜਾਗੀਰੂ ਸਾਹਿਤਕ, ਰਾਜਨੀਤਿਕ, ਤੇ ਸੱਭਿਆਚਾਰਿਕ ਕਦਰਾਂ-ਕੀਮਤਾਂ ਦੇ ਬਿੰਬਾਂ ਨੂੰ ਪਛਾਣਦਾ ਹੋਇਆ ਉਨ੍ਹਾਂ ਨੂੰ ਨਿਕਾਰਦਾ ਆ, ਆਪਣੀ ਇੱਕ ਸ਼ਾਹਕਾਰ ਕਵਿਤਾ 'ਚੇ:

"ਮੇਰੇ ਮੂੰਹ 'ਚ ਤੁੰਨ ਦਿਓ ਯਮਲੇ ਜੱਟ ਦੀ ਤੂੰਬੀ...
ਮੇਰੀ ਹਿੱਕ 'ਤੇ ਚਿਪਕਾ ਦਿਓ ਗੁਲਸ਼ਨ ਨੰਦਾ ਦੇ ਨਾਵਲ...
ਮੇਰੇ ਝੂਹੇ 'ਚ ਦੇ ਦਿਓ ਲਾਲਾ ਜਗਤ ਨਰਾਇਣ ਦਾ ਸਿਰ...
ਮੇਰੀ ਪਿੱਠ 'ਤੇ ਲੱਦ ਦਿਓ ਬਾਜਪਾਈ ਦਾ ਬੋਝਲ ਪਿੰਡਾ
ਸਾਂਭੋ ਆਨੰਦ ਬਖਸ਼ੀ, ਤੁਸੀਂ ਜਾਣੋ ਲਕਸ਼ਮੀ ਕਾਂਤ...
ਪਰ ਮੈਨੂੰ ਦੇ ਦਿਓ ਕੁਝ ਬੋਲ
ਜਿਨ੍ਹਾਂ ਦਾ ਇਕ ਗੀਤ ਬਣ ਸਕੇ...।" -(ਪਾਸ਼: 'ਮੈਨੂੰ ਚਾਹੀਦੇ ਹਨ ਕੁਝ ਬੋਲ')

ਇਹਤੋਂ ਵੀ ਅਗਲੇ ਕਾਵਿ-ਸੰਗ੍ਰਹਿ 'ਸਾਡੇ ਸਮਿਆਂ ਵਿੱਚ' 'ਚੇ, ਮਿਸਾਲ ਵਜੋਂ, ਕਵਿਤਾ 'ਧੁੱਪੇ ਵੀ ਤੇ ਛਾਵੇਂ ਵੀ' ਵਿੱਚ ਭੂਤ ਨੂੰ ਪ੍ਰਗਤੀਸ਼ੀਲ ਨਜ਼ਰੀਏ ਤੋਂ ਨਜਿੱਠਦਾ ਹੋਇਆ ਪਾਸ਼ ਕਹਿੰਦਾ ਆ:

"ਇਹ ਜ਼ਰਾ ਜਿੰਨੀ ਵਿੱਥ, ਸ਼ਾਇਦ ਉਹ ਅਣਪੜ੍ਹੀਆਂ ਕਿਤਾਬਾਂ ਹਨ
ਜਿਨ੍ਹਾਂ ਵਿਚ ਗਿਆਨ ਦੇ ਜਗਦੇ ਦਰਖ਼ਤ ਹੌਲੀ ਹੌਲੀ ਅੰਨ੍ਹੇ ਹੋ ਰਹੇ ਹਨ।"

ਜਾਂ

"ਇਹ ਜ਼ਰਾ ਜਿੰਨੀ ਵਿੱਥ ਕੋਈ ਬੋਲੀ ਹਨੇਰੀ ਹੈ,
ਉਨ੍ਹਾਂ ਗੀਤਾਂ ਦੇ ਅਣਚੁਗੇ ਅਸਤਾਂ ਤੇ ਵਗਦੀ
ਜਿਨ੍ਹਾਂ ਨੂੰ ਮੈਂ ਪਹਾੜਿਆਂ ਤੇ ਕਾਇਦਿਆਂ ਵਿਚ ਕੱਲਿਆਂ ਛੱਡ ਆਇਆ ਸਾਂ"-(ਪਾਸ਼: 'ਧੁੱਪੇ ਵੀ ਤੇ ਛਾਵੇਂ ਵੀ')

ਇਸ ਕਾਵਿ-ਸਫ਼ਰ ਦੇ ਅਖ਼ੀਰ ਵੱਲ ਨੂੰ ਪਾਸ਼ ਦੀ ਲਿਖੀ ਕਵਿਤਾ 'ਖੂਹ' ਵਿੱਚ ਅੰਤ ਦੇ ਕਰੀਬ ਪੁਜੇ, ਗੁਜ਼ਰ ਰਹੇ, ਜਾਗੀਰੂ ਯੁੱਗ ਪ੍ਰਤੀ ਭੂਤਮੁੱਖੀ ਪਹੁੰਚ ਦੇ ਐਨ ਉਲਟ ਅਪਣਾਈ ਪ੍ਰਗਤੀਸ਼ੀਲ ਪਹੁੰਚ ਦੀ ਪ੍ਰੋੜਤਾ ਤੇ ਪ੍ਰਪੱਕਤਾ ਸਿਖਰ 'ਤੇ ਪਹੁੰਚ ਜਾਂਦੀ ਹੈ, ਜਦੋਂ ਪਾਸ਼ ਅਲੋਪ ਹੋ ਰਹੇ ਖੂਹਾਂ ਨੂੰ ਗੁਜ਼ਰ ਰਹੇ ਜਾਗੀਰੂ ਦੇ ਪ੍ਰਤੀਕ ਵਜੋਂ ਵਰਤ ਕੇ ਜਾਗੀਰੂ ਕਦਰਾਂ-ਕੀਮਤਾਂ ਦੀਆਂ ਧੱਜੀਆਂ ਉਡਾਉਂਦਾ ਹੈ:

"ਖੂਹ ਬੜੇ ਥੋੜ੍ਹੇ ਬਚੇ ਨੇ ਹੁਣ
ਪਰ ਉਹ ਕੱਲਮ-ਕੱਲੇ ਸੁੰਨੇ ਜਹੇ ਜਿਥੇ ਵੀ ਹਨ
ਹਨੇਰੇ ਤੋਂ ਸੁਰੱਖਿਅਤ ਨਹੀਂ
ਜੋ ਪਿਆਸ ਦੇ ਪੱਜ ਉੱਤਰਦਾ ਹੈ ਉਨ੍ਹਾਂ 'ਚ
ਤੇ ਮੌਤ ਭਰ ਦੇਂਦੈ
ਸਭ ਤੋਂ ਭੋਲੇ-ਭਾਲੇ ਪੰਛੀਆਂ ਦੇ ਆਂਡਿਆਂ ਵਿੱਚ।"

ਉਹਨੂੰ ਭੂਤ ਕਾਲ ਨਾਲ ਕੋਈ ਰੁਮਾਂਸਵਾਦੀ ਮੋਹ ਨਹੀਂ:

"ਖੂਹ ਤੁਹਾਨੂੰ ਜੋੜਦੇ ਹਨ ਮੋਈਆਂ ਸਦੀਆਂ ਨਾਲ
ਖੂਹ ਤੁਹਾਨੂੰ ਗੂੰਜ ਦੇ ਨਸ਼ੇ 'ਤੇ ਲਾ ਕੇ
ਆਪਣੇ ਜ਼ਖ਼ਮਾਂ ਨੂੰ ਗਾਉਣਾ ਸਿਖਾਉਂਦੇ ਹਨ।"

ਕਿਸੇ ਰੂਪ ਵਿੱਚ, ਕਿਸੇ ਹੱਦ ਤੱਕ, ਭੂਤਮੁੱਖੀ ਸੋਚ/ਪਹੁੰਚ ਤੋਂ ਚੇਤਨ, ਪਾਸ਼ ਪਾਠਕ ਨੂੰ ਇਸ ਤੋਂ ਖ਼ਬਰਦਾਰ ਕਰਦਾ:

"ਵਸਤੂ ਜਾਂ ਮਸ਼ੀਨ ਨਹੀਂ
ਹੁਣ ਮੁਕੰਮਲ ਫ਼ਲਸਫ਼ਾ ਨੇ ਖੂਹ
ਖੂਹ ਤਾਂ ਚਾਹੁੰਦੇ ਹਨ ਉਨ੍ਹਾਂ ਸੰਗ ਜੁੜੀ ਹਰ ਭਿਆਨਕਤਾ
ਤੁਹਾਡੇ ਅੰਦਰ ਪਿਛਲਖੁਰੀ ਗਿੜਦੀ ਰਹੇ।"

ਸੋ, ਜਿਵੇ ਮੈਂ ਪਾਸ਼ ਦੇ ਕਾਵਿ-ਸਫ਼ਰ 'ਚੋਂ ਚੰਦ ਮਿਸਾਲਾਂ ਦੇ ਕੇ ਦਿਖਾਇਆ ਆ ਕਿ ਕਿੰਝ ਇਸ ਸਫ਼ਰ ਦੇ ਸ਼ੁਰੂ ਵਿੱਚ ਹੀ ਉਹਦੀ ਕਵਿਤਾ ਜਾਗੀਰੂ ਕਦਰਾਂ-ਕੀਮਤਾਂ ਜਾਂ ਬਿੰਬਾਂ ਨੂੰ ਪਛਾਣਦੀ, ਉਨ੍ਹਾਂ ਪ੍ਰਤੀ ਪ੍ਰਗਤੀਸ਼ੀਲ ਪਹੁੰਚ ਅਪਣਾਉਂਦੀ, ਉਨਾਂ ਵਿਰੁੱਧ ਲੜਾਈ ਵਿੱਢ ਦਿੰਦੀ ਆ। ਸ਼ੁਰੂ ਤੋਂ ਚੱਲ ਕੇ ਅਖ਼ੀਰ ਨੂੰ ਵਧਦੀ ਹੋਈ, ਭੂਤਮੁੱਖੀ ਪਹੁੰਚ ਦੀ ਥਾਂ, ਭਵਿੱਖਮੁੱਖੀ/ਪ੍ਰਗਤੀਸ਼ੀਲ ਪਹੁੰਚ ਵਰਤਦੀ ਹੋਈ, ਇਹ ਪਛਾਣ ਹੋਰ ਬਰੀਕ/ਸਪਸ਼ਟ ਤੇ ਇਹ ਲੜਾਈ ਹੋਰ ਪ੍ਰਬਲ/ਤਿੱਖੀ ਹੁੰਦੀ ਜਾਂਦੀ ਹੈ, ਅਤੇ ਅੰਤ 'ਤੇ ਆਪਣੀ ਚਰਮ-ਸੀਮਾ 'ਤੇ ਜਾਂਦੀ ਆ, ਦੋਵੇਂ ਪੱਖਾਂ ਤੋਂ: ਸਾਮੱਗਰੀ ਤੇ ਕਲਾ-ਕੌਸ਼ਲਤਾ। ਇਸ ਪਛਾਣ ਦੀ ਬਰੀਕੀ, ਯਾਨਿ ਰਿਜ਼ੋਲੂਸ਼ਨ, ਤੇ ਲੜਾਈ ਦਾ ਤਿੱਖਾਪਨ, ਵਿਚਾਰਧਾਰਿਕ ਸਮਝਦਾਰੀ ਤੇ ਕਲਾ-ਕੌਸ਼ਲਤਾ ਦੇ ਘੇਰੇ ਵਿੱਚ ਰਹਿੰਦਾ ਹੋਇਆ, ਜਿੰਨਾ ਜਿਆਦਾ, ਉੱਨਾ ਹੀ ਵੱਧ ਪ੍ਰਭਾਵਸ਼ੀਲ ਪਾਠਕਾਂ ਲਈ।

ਇੱਥੇ ਮੈਂ ਪਾਸ਼ ਦੇ ਕਾਵਿ-ਸਫ਼ਰ 'ਚੋਂ ਚੰਦ ਮਿਸਾਲਾਂ ਹੀ ਪੇਸ਼ ਕੀਤੀ ਆਂ, ਹੋਰ ਵੀ ਪੇਸ਼ ਕਰ ਸਕਦਾਂ; ਪਰ ਭਵਿੱਖ-ਬਾਣੀ ਦੀ ਵਿਗਿਆਨਕ ਵਿਧੀ ਦੇ ਪ੍ਰਦਰਸ਼ਨ ਲਈ, ਇੰਨੀਆ ਮਿਸਾਲਾਂ ਹੀ ਜਿੰਨੀਆਂ ਮੈਂ ਦਿੱਤੀਆਂ ਨੇ, ਕਾਫ਼ੀ ਆ। ਹਰੇਕ ਦਿੱਤੇ ਮਿਸਾਲੀ ਕਾਵਿ-ਟੋਟੇ ਜਾਂ ਸਬੰਧਿਤ ਕਵਿਤਾ ਨੂੰ ਇੱਕ ਡੇਟਾ ਬਿੰਦੂ ਸਮਝੋ। ਹਰ ਡੇਟਾ ਬਿੰਦੂ ਨੂੰ ਨੰਬਰ ਭਾਵ ਸਕੋਰ ਦਿਓ, ਉਹਦੇ ਨਾਲ ਜੁੜਦੇ ਕਾਵਿ-ਟੋਟੇ/ਕਵਿਤਾ ਵਲੋਂ ਜਾਗੀਰੂ ਕਦਰਾਂ-ਕੀਮਤਾਂ ਜਾਂ ਬਿੰਬਾਂ ਦੀ ਕੀਤੀ ਪਛਾਣ ਤੇ ਵਿਰੋਧਤਾ ਦੇ ਆਧਾਰ 'ਤੇ; ਕਾਵਿ-ਟੋਟੇ ਦੀ ਜਿੰਨੀ ਵੱਧ ਪ੍ਰਭਾਵਸ਼ੀਲਤਾ ਉਨੇ ਜਿਆਦਾ ਨੰਬਰ। ਕਿਉਂਕਿ, ਜਿੰਦਾ ਮੈਂ ਇੱਥੇ ਦਿਖਾਇਆ ਆ, ਮਿਸਾਲਾਂ ਸਹਿਤ, ਕਿ ਪਾਸ਼ ਦੇ ਕਾਵਿ-ਸਫ਼ਰ ਦੌਰਾਨ ਇਹ ਪ੍ਰਭਾਵਸ਼ੀਲਤਾ ਵਧਦੀ ਗਈ ਸਮੇਂ ਦੇ ਵਧਣ ਦੇ ਨਾਲ ਨਾਲ; ਇਸ ਲਈ, ਸਿਫ਼ਰ ਤੋਂ 100 ਨੰਬਰਾਂ ਦੀ ਸਕੇਲ ਉੱਪਰ, ਮਿਸਾਲ ਵਜੋਂ, ਜੇ 'ਲੋਹ ਕਥਾ' ਦੇ ਪੈਗ਼ਬਰੀ ('ਅੰਤਿਕਾ') ਟੋਟੇ ਵਾਲੇ ਡੈਟਾ-ਬਿੰਦੂ ਨੂੰ ਸਿਫ਼ਰ, 'ਖੁੱਲ੍ਹੀ ਚਿੱਠੀ' ਵਾਲੇ ਨੂੰ 25,' ਮੈਨੂੰ ਚਾਹੀਦੇ ਹਨ ਕੁਝ ਬੋਲ' ਵਾਲੇ ਨੂੰ 50, 'ਧੁੱਪੇ ਵੀ ਤੇ ਛਾਵੇਂ' ਨੂੰ 60, ਅਤੇ 'ਖੂਹ' ਵਾਲੇ ਬਿੰਦੂਆਂ 70, 75, 80; ਤਾਂ ਤੁਸੀਂ ਦੇਖ ਸਕਦੇ ਜੋ ਕਿ ਸਮੇਂ ਦੇ ਨਾਲ ਨਾਲ ਡੇਟਾ ਬਿੰਦੂਆਂ ਦੇ ਨੰਬਰ ਉੱਪਰ ਨੂੰ ਵਧਦੇ ਹੀ ਜਾ ਰਹੇ ਨੇ। ਜੇ ਗ੍ਰਾਫ਼ ਪੇਪਰ ਵਿੱਚ ਇਨ੍ਹਾਂ ਬਿੰਦੂਆਂ ਵਿੱਚਦੀ ਲੰਘਦੀ ਇੱਕ ਸਿੱਧੀ ਰੇਖਾ ਜਾਂ ਕਰਵ ਖਿੱਚ ਦਿੱਤੀ ਜਾਵੇ ਤਾਂ ਉਹਦਾ ਮੂੰਹ ਉਤਾਂਹ ਨੂੰ ਹੋਵੇਗਾ ਕਿਉਂਕਿ ਨੰਬਰਾਂ ਦੀ ਕੀਮਤ ਸੱਜਿਓ ਖੱਬੇ, ਸਮੇਂ ਦੇ ਨਾਲ ਨਾਲ, ਵਧ ਰਹੀ ਹੈ। ਇਸ ਰੇਖਾ ਜਾਂ ਕਰਵ ਨੂੰ ਕੰਪਿਊਟਰ ਵਿਗਿਆਨ ਵਿੱਚ ਰੁਝਾਨ ਰੇਖਾ/ਕਰਵ, ਯਾਨਿ ਟਰੈਂਡ ਲਾਈਨ, ਕਿਹਾ ਜਾਂਦਾ ਆ। ਰੁਝਾਨ ਰੇਖਾ, ਵੱਖ ਵੱਖ ਮਾਡਲ ਵਰਤ ਕੇ, ਭਵਿਖ-ਬਾਣੀ ਕਰਨ ਲਈ ਵਰਤੀ ਜਾਂਦੀ ਆ ਕਿ ਮਿਣੀ ਜਾ ਰਹੀ ਚੀਜ਼, ਜੋ ਇੱਥੇ ਸਾਡੇ ਕੇਸ ਵਿੱਚ ਪ੍ਰਭਾਵਸ਼ੀਲਤਾ ਹੈ, ਦਾ ਮਿਣਤੀ ਨੰਬਰ ਭਵਿੱਖ ਵਿੱਚ ਕੀ ਹੋਵੇਗਾ। ਆਪਣੇ ਕੇਸ ਦੀ ਉੱਤਕ ਰੁਝਾਨ ਰੇਖਾ ਦੇ ਆਧਾਰ 'ਤੇ, ਕੋਈ ਮਾਡਲ ਵਰਤ ਕੇ, ਕੀਤੀ ਭਵਿਖ-ਬਾਣੀ ਵਿੱਚ ਪ੍ਰਭਾਵਸ਼ੀਲਤਾ ਦਾ ਨੰਬਰ 80 ਨਾਲੋਂ ਜਿਆਦਾ ਹੀ ਹੋਵੇਗਾ, ਜੇ ਕੇਸ ਦੇ ਹਾਲਾਤ ਨਾ ਬਦਲ ਦਿੱਤੇ ਜਾਣ। ਇਸ ਦਾ ਮਤਲਬ ਹੋਇਆ ਕਿ ਪਾਸ਼ ਦੇ ਕਾਵਿ-ਸਫ਼ਰ ਵਿੱਚ ਉਹਦੀ ਕਵਿਤਾ ਵਲੋਂ ਜਾਗੀਰੂ ਕਦਰਾਂ-ਕੀਮਤਾਂ ਜਾਂ ਬਿੰਬਾਂ ਨੂੰ ਪਛਾਣਨ ਤੇ ਉਨ੍ਹਾਂ ਵਿਰੁੱਧ ਪ੍ਰਗਤੀਵਾਦੀ ਦਿਸ਼ਾ ਵਿੱਚ ਲੜਦੇ ਰਹਿਣ ਦੀ ਪ੍ਰਭਾਵਸ਼ੀਲਤਾ ਵਧਦੀ ਰਹਿਣੀ ਸੀ; ਘੱਟ ਤੋਂ ਘੱਟ, ਘੱਟਣੀ ਨਹੀਂ ਸੀ। ਦੂਜੇ ਸ਼ਬਦਾਂ ਵਿੱਚ, ਆਪਾਂ ਮਹਾਨ ਸੰਭਾਵਨਾ, ਯਾਨਿ ਗਰੇਟ ਲਾਈਕਲੀਹੁੱਡ, ਨਾਲ ਕਹਿ ਸਕਦੇ ਹਾਂ ਕਿ ਪਾਸ਼ ਦੀ ਸੋਚ ਦੀ ਘੋੜੀ ਜਾਗੀਰੂ ਕਦਰਾਂ-ਕੀਮਤਾਂ ਦੇ ਬੋਹੜ ਥੱਲੇ ਨਹੀਂ ਜਾਣੀ ਸੀ, ਘੜੀ ਭਰ ਆਰਾਮ ਕਰਨ ਲਈ ਵੀ ਨਹੀਂ! ਇਹ ਹੈ ਸਾਡੀ ਵਿਗਿਆਨ ਵਿਧੀ ਦੀ ਭਵਿੱਖ-ਬਾਣੀ ਇਸ ਕੇਸ ਲਈ।

- **ਇਸ ਬੜਾ ਦਿਲਚਸਪ ਹੈ ਜਿੱਦਾਂ ਤੁਸੀਂ ਕੋਈ ਵਿਗਿਆਨਿਕ ਵਿਧੀ ਜਾਂ ਤਰੀਕਾ ਸਾਹਿਤ ਦੇ ਮੁੱਦੇ ਜਾਂ ਮਸਲੇ 'ਤੇ ਲਾਗੂ ਕਰੀ ਜਾ ਰਹੇ ਓਂ। ਸਾਹਿਤ ਆਰਟ ਦਾ ਵਿਸ਼ਾ ਹੈ, ਵਿਗਿਆਨ ਦਾ ਨਹੀਂ। ਕੋਈ ਪੁੱਛ ਸਕਦਾ ਏਂ ਕਿ ਫਿਰ ਤੁਸੀਂ ਵਿਗਿਆਨਿਕ ਵਿਧੀ ਜਾਂ ਕੋਈ ਵੀ ਵਿਗਿਆਨਕ ਤਰੀਕਾ ਸਾਹਿਤਕ ਮੁੱਦਿਆਂ ਜਾਂ ਮਸਲਿਆਂ 'ਤੇ ਕਿਵੇਂ ਲਾਗੂ ਕਰ ਸਕਦੇ ਓਂ?**

ਬੜਾ ਵਧੀਆ ਸੁਆਲ ਆ! ਕੁਦਰਤ ਵੱਖ ਵੱਖ ਵਿਸ਼ਿਆਂ ਵਿਚਕਾਰ ਹੱਦਾਂ ਨਹੀਂ ਜਾਣਦੀ। ਵਿਗਿਆਨਿਕ ਵਿਧੀ ਕੁਦਰਤ ਦੇ ਨਿਯਮ, ਜਿਨ੍ਹਾਂ ਅਨੁਸਾਰ ਕੁਦਰਤ ਚੱਲਦੀ ਆ, ਖੋਜਣ ਲਈ ਵਰਤੀ ਜਾਂਦੀ ਆ। ਇਸ ਲਈ, ਵਿਗਿਆਨ ਦੇ ਵਿਸ਼ਿਆ ਵਿੱਚ ਵਿਗਿਆਨਿਕ ਵਿਧੀ ਦੀ ਵਰਤੋਂ ਲਾਜ਼ਮੀ ਆ। ਕਿਓਂਕਿ ਸਾਰੀਆ ਚੀਜ਼ਾਂ ਤੇ ਵਰਤਾਰੇ ਸਿੱਧੇ ਜਾਂ ਅਸਿੱਧੇ ਤੌਰ 'ਤੇ ਕੁਦਰਤ ਨਾਲ ਜੁੜੇ ਹੋਏ ਨੇ, ਆਰਟ ਦੇ ਵਿਸ਼ਿਆਂ ਵਿੱਚ ਵੀ, ਭਾਵੇਂ ਲਾਜ਼ਮੀ ਨਹੀਂ, ਵਿਗਿਆਨਕ ਵਿਧੀ ਵਰਤੀ ਜਾ ਸਕਦੀ ਆ, ਤੇ ਇਸ ਵਰਤੋਂ ਨਾਲ ਨਤੀਜੇ ਵੀ ਜਿਆਦਾ ਵਧੀਆ ਨਿਕਲਣਗੇ, ਹਕੀਕਤ ਨਾਲ ਜੁੜੇ ਹੋਏ। ਇਸੇ ਕਰਕੇ, ਮਾਡਰਨ ਯੁੱਗ 'ਚੇ, ਅਸਲ ਵਿੱਚ, ਪੋਲੀਟੀਕਲ ਸਾਇੰਸ, ਸ਼ੋਸ਼ਲ ਸਇੰਸਿਜ਼, ਅਰਥ ਸ਼ਾਸਤਰ, ਤੇ ਬਿਜ਼ਨਸ ਆਦਿ ਵਿਸ਼ਿਆਂ ਵਿੱਚ ਵੀ ਵਿਗਿਆਨਕ ਵਿਧੀ ਤੇ ਤਰੀਕੇ ਆਮ ਵਰਤੇ ਜਾਂਦੇ ਆ; ਸਾਹਿਤ ਵੀ ਵਰਤ ਸਕਦੇ ਆਂ। ਵਿਗਿਆਨਕ ਸੋਚ, ਵਿਗਿਆਨਕ ਵਿਧੀ ਤੇ ਢੰਗ ਤਰੀਕੇ ਸਿਰਫ਼ ਵਿਗਿਆਨ ਦੇ ਵਿਸ਼ਿਆ ਨਾਲ ਹੀ ਨਹੀਂ ਬੱਝੇ ਹੋਏ, ਇਨ੍ਹਾਂ ਨੂੰ ਆਮ ਰੋਜ਼ਾਨਾ ਸਾਮਾਜਿਕ ਜਿੰਦਗੀ ਵਿੱਚ ਵੀ ਵਰਤਿਆਂ ਜਾ ਸਕਦਾ ਤੇ ਵਰਤਣੇ ਚਾਹੀਦੇ ਆ। ਜੇ ਇਹ ਵਰਤੋਂ ਪੰਜਾਬੀ ਸਮਾਜ ਵਿੱਚ ਹੋਣੀ ਸ਼ੁਰੂ ਹੋ ਜਾਏ, ਤਾਂ ਹੋਰ ਲਾਭਾਂ ਤੋਂ ਇਲਾਵਾ ਪਖੰਡੀ ਬਾਬਿਆ/ਪੀਰਾਂ ਦੇ ਡੇਰੇ ਆਪਣੇ ਆਪ ਹੀ ਮਿੱਟੀ ਵਿੱਚ ਮਿਲ ਜਾਣੇ ਆ, ਤੇ ਪਾਖੰਡੀ ਨੇਤਾਵਾਂ ਵੀ ਪੱਤੇ ਵੀ ਕੱਟੇ ਜਾਣੇ ਆ। ਪੱਛਮ ਵਿੱਚ ਇਹ ਸਦੀਆਂ ਪਹਿਲਾਂ ਵਾਪਰ ਗਿਆ ਸੀ ਰੇਨਾਸਾਂਸ ਤੇ ਇੰਨਲਾਈਟਨਮੈਂਟ ਲਹਿਰਾਂ ਜ਼ਰੀਏ ਦੇ ਸਦਕੇ।

- ***ਗੱਲ ਵਿਗਿਆਨਕ ਵਿਧੀ ਤੇ ਵਿਗਿਆਨਕ ਸੋਚ ਦੀ ਚੱਲੀ ਆ, ਤਾਂ ਇੱਕ ਸੁਆਲ ਤੁਹਾਡੇ ਅਕਾਦਮਿਕ ਕੰਮ ਬਾਰੇ ਪੁੱਛ ਲਵਾਂ; ਤੁਸੀਂ ਅਮਰੀਕਾ ਤੇ ਯੋਰਪ ਦੇ ਮਿਆਰੀ ਖੋਜ ਰਸਾਲਿਆਂ ਵਿਚ ਛਪੇ ਭੌਤਿਕ ਵਿਗਿਆਨ ਦੇ ਇਕ ਸੌ ਪੰਜਾਹ ਤੋਂ ਵੱਧ ਖੋਜ ਪੱਤਰਾਂ ਦੇ ਲੇਖਕ ਤੇ ਸਹਿ ਲੇਖਕ ਹੋ। ਸੌਖੇ ਸ਼ਬਦਾਂ ਵਿਚ ਦੱਸੋਗੇ ਕਿ ਤੁਹਾਡੀ ਖੋਜ ਕਿਸ ਵਿਸ਼ੇ ਉੱਪਰ ਆ?***

ਭੌਤਿਕ ਵਿਗਿਆਨ ਵਿਚ ਮੇਰੀ ਖੋਜ ਮੂਲ ਰੂਪ ਵਿੱਚ ਪਦਾਰਥ ਦੇ ਮੁੱਢਲੇ ਜ਼ਰਿਆਂ, ਜਾਂ ਕਣਾਂ, ਅਤੇ ਉਨ੍ਹਾਂ ਨਾਲ ਸਬੰਧਿਤ ਕੁਦਰਤੀ ਸ਼ਕਤੀ ਦੀ ਪੜਤਾਲ ਕਰਨ ਉੱਪਰ ਰਹੀ ਆ। ਮੁੱਢਲਾ ਸੁਆਲ ਇਹ ਆ ਪਈ ਇਹ ਪਦਾਰਥਕ, ਯਾਨਿ ਭੌਤਿਕ, ਸੰਸਾਰ ਕਿਨ੍ਹਾਂ ਮੁੱਢਲੇ ਜ਼ਰਿਆਂ/ਕਣਾਂ ਦਾ ਬਣਿਆਂ ਹੋਇਆ ਤੇ ਉਨ੍ਹਾਂ ਦੇ ਸੁਭਾਅ ਕੀ ਆ। ਇਸੇ ਸੁਆਲ ਦਾ ਦੂਜਾ ਪਾਸਾ ਇਹ ਆ ਕਿ ਇਹ ਬ੍ਰਹਿਮੰਡ ਕਿਵੇਂ ਹੋਂਦ ਵਿਚ ਆਇਆ।

- ਚਲਦਾ

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

**Christine Dear**
christine@pinelighing.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

**Erin McNab**
erin@pinelighing.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

## 6878 King Gorge Blvd. Surrey

# ਵਾਲਮਾਰਟ ਵਲੋਂ ਕੈਨੇਡਾ 'ਚ ਅਗਲੇ ਪੰਜ ਸਾਲਾਂ ਦੌਰਾਨ ਕੀਤਾ ਜਾਵੇਗਾ 6.5 ਅਰਬ ਡਾਲਰ ਦਾ ਨਿਵੇਸ਼




ਸਰੀ, (ਸਿਮਰਨਜੀਤ ਸਿੰਘ): ਵਾਲਮਾਰਟ ਕੈਨੇਡਾ ਨੇ ਐਲਾਨ ਕੀਤਾ ਹੈ ਕਿ ਉਹ ਅਗਲੇ ਪੰਜ ਸਾਲਾਂ ਦੌਰਾਨ 6.5 ਅਰਬ ਡਾਲਰ ਦੀ ਨਿਵੇਸ਼ ਕਰੇਗਾ, ਜਿਸ ਵਿੱਚ ਕਈ ਨਵੇਂ ਸਟੋਰ ਖੋਲ੍ਹਣ ਦੀ ਯੋਜਨਾ ਵੀ ਸ਼ਾਮਲ ਹੈ। ਕੰਪਨੀ ਦਾ ਕਹਿਣਾ ਹੈ ਕਿ ਇਹ 30 ਸਾਲ ਪਹਿਲਾਂ ਕੈਨੇਡਾ ਵਿੱਚ ਐਂਟਰੀ ਕਰਨ ਤੋਂ ਬਾਅਦ ਦੀ ਸਭ ਤੋਂ ਵੱਡਾ ਨਿਵੇਸ਼ ਹੋਵੇਗਾ।

ਵਾਲਮਾਰਟ ਨੇ ਹਾਲਾਂਕਿ, ਇਹ ਨਹੀਂ ਦੱਸਿਆ ਕਿ ਉਹ ਕਿੱਥੇ ਨਵੇਂ ਸਟੋਰ ਖੋਲ੍ਹੇਗਾ, ਪਰ ਉਨ੍ਹਾਂ ਨੇ ਦੱਸਿਆ ਕਿ ਇਸੇ ਸਾਲ ਓਨਟਾਰੀਓ ਦੇ ਪੋਰਟ ਕਰੈਡਿਟ ਅਤੇ ਓਕਵਿਲ ਵਿੱਚ ਸਟੋਰ ਖੋਲ੍ਹੇ ਜਾਣਗੇ। ਵਾਘਨ, ਓਨਟਾਰੀਓ ਵਿੱਚ ਇੱਕ ਨਵਾਂ ਕੇਂਦਰ ਵੀ 2025 ਤੱਕ ਖੋਲ੍ਹਣ ਦੀ ਯੋਜਨਾ ਹੈ।

ਇਸ ਤੋਂ ਇਲਾਵਾ, 2027 ਤੱਕ ਐਡਮਿੰਟਨ ਅਤੇ ਕੈਲਗਰੀ ਵਿੱਚ ਵੀ ਤਿੰਨ ਹੋਰ ਨਵੇਂ ਸਟੋਰ ਖੁੱਲ੍ਹਣ ਦੀ ਯੋਜਨਾ ਹੈ।

ਰਿਟੇਲ ਮਾਹਿਰ ਲੀਸਾ ਹੱਚੇਸਨ ਨੇ ਦੱਸਿਆ ਕਿ ਕੈਨੇਡਾ ਵਿੱਚ ਵਾਲਮਾਰਟ ਵੱਲੋਂ ਕੀਤਾ ਗਿਆ ਇਹ ਨਿਵੇਸ਼ ਦਿਲਚਸਪ ਹੈ।

ਉਨ੍ਹਾਂ ਨੇ ਕਿਹਾ, "2020 ਵਿੱਚ ਵੱਡੇ ਨਿਵੇਸ਼ ਦੇ ਬਾਅਦ ਇਹ ਇਕ ਹੋਰ ਵੱਡਾ ਕਦਮ ਜਾਪਦਾ ਹੈ। ਉਹ ਪਿਛਲੇ ਨਿਵੇਸ਼ ਤੋਂ ਵੱਡੀ ਸਫਲਤਾ ਦੇਖ ਰਹੇ ਹਨ, ਜਿਸ ਕਰਕੇ ਹੁਣ ਉਹ ਹੋਰ ਤੇਜ਼ੀ ਨਾਲ ਅੱਗੇ ਵਧ ਰਹੇ ਹਨ।"

ਇਸ ਨਵੇਂ ਨਿਵੇਸ਼ ਦੇ ਐਲਾਨ ਦੇ ਨਾਲ, ਵਾਲਮਾਰਟ ਨੇ ਇਹ ਵੀ ਦੱਸਿਆ ਕਿ ਕੈਨੇਡਾ ਕਾਰਟੇਜ ਕੰਪਨੀ, ਜੋ ਕਿ ਇੱਕ ਪ੍ਰਮੁੱਖ ਲੋਜਿਸਟਿਕਸ ਅਤੇ ਵਾਹਨ ਸੇਵਾ ਮੁਹੱਈਆ ਕਰਾਉਂਦੀ ਹੈ, ਵਾਲਮਾਰਟ ਦੀ ਫਲੀਟ ਸਰਵਿਸ ਨੂੰ ਖਰੀਦੇਗੀ।

ਇਹ ਫਲੀਟ ਸਰਵਿਸ ਉਹ ਵਾਹਨ ਪ੍ਰਬੰਧਨ ਵਿਭਾਗ ਸੀ, ਜੋ ਕਿ ਸਪਲਾਇਰਾਂ ਅਤੇ ਵੰਡ ਕੇਂਦਰਾਂ ਤੋਂ ਵਾਲਮਾਰਟ ਦੀਆਂ ਦੁਕਾਨਾਂ ਤੱਕ ਉਤਪਾਦ ਪਹੁੰਚਾਉਣ ਲਈ ਜ਼ਿੰਮੇਵਾਰੀ ਨਿਭਾਉਂਦੀ ਸੀ।

ਵਾਲਮਾਰਟ ਨੇ ਇਹ ਯੋਜਨਾ ਆਪਣੇ ਕੰਮ ਨੂੰ ਹੋਰ ਮਜ਼ਬੂਤ ਬਨਾਉਣ ਉਲੀਕੀ ਹੈ ਜਿਸ ਦੇ ਤਹਿਤ ਬ੍ਰਿਟਿਸ਼ ਕੋਲੰਬੀਆ, ਅਲਬਰਟਾ ਅਤੇ ਓਨਟਾਰੀਓ ਵਿੱਚ ਕਈ ਨਵੇਂ ਸਟੋਰ ਖੋਲ੍ਹੇ ਜਾਣਗੇ। This report was written by Simranjit Singh as part of the Local Journalism Initiative.

# ਟਰੰਪ ਪ੍ਰਸ਼ਾਸਨ ਵੱਲੋਂ ਅਮਰੀਕੀ ਸਰਕਾਰੀ ਵੈੱਬਸਾਈਟਾਂ 'ਚ ਵੱਡੀਆਂ ਤਬਦੀਲੀਆਂ




ਵਾਸ਼ਿੰਗਟਨ : ਅਮਰੀਕਾ ਦੇ 45ਵੇਂ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਅਹੁਦਾ ਸੰਭਾਲਣ ਤੋਂ ਬਾਅਦ, ਅਮਰੀਕਾ ਦੀਆਂ ਕਈ ਮਹੱਤਵਪੂਰਨ ਸਰਕਾਰੀ ਵੈੱਬਸਾਈਟਾਂ ਵਿੱਚ ਤਬਦੀਲੀਆਂ ਕੀਤੀਆਂ ਗਈਆਂ ਹਨ। ਇਹ ਤਬਦੀਲੀਆਂ ਉਨ੍ਹਾਂ ਦੇ ਪ੍ਰਸ਼ਾਸਨ ਦੀ ਨੀਤੀ ਅਤੇ ਨੌਕਰਸ਼ਾਹੀ 'ਤੇ ਡਲ ਰਹੇ ਦਬਾਅ ਨੂੰ ਦਰਸਾਉਂਦੀਆਂ ਹਨ।

20 ਜਨਵਰੀ 2017 ਨੂੰ ਟਰੰਪ ਨੇ ਹਲਫ਼ ਉਠਾਉਣ ਦੇ ਤੁਰੰਤ ਬਾਅਦ, ਵ੍ਹਾਈਟ ਹਾਊਸ ਦੀ ਅਧਿਕਾਰਿਕ ਵੈੱਬਸਾਈਟ (ਾ.ਹਟਿਏਹੋਸਏ.ਗੋਵ) ਵਿੱਚ ਕਈ ਅਹਿਮ ਫੇਰਬਦਲ ਕੀਤੇ। ਸਭ ਤੋਂ ਵੱਡੀ ਤਬਦੀਲੀ ਇਹ ਸੀ ਕਿ ਸਪੈਨਿਸ਼ ਭਾਸ਼ਾ ਦਾ ਸੰਸਕਰਣ ਹਟਾ ਦਿੱਤਾ ਗਿਆ। ਪਹਿਲਾਂ ਉਪਲਬਧ https://www.whitehouse.gov/es/ ਲਿੰਕ ਹੁਣ ਕੰਮ ਨਹੀਂ ਕਰ ਰਿਹਾ।

ਜਦੋਂ ਇਸ ਮਾਮਲੇ ਬਾਰੇ ਪੁੱਛਿਆ ਗਿਆ ਤਾਂ ਵ੍ਹਾਈਟ ਹਾਊਸ ਦੇ ਮੁੱਖ ਡਿਪਟੀ ਪ੍ਰੈਸ ਸਕੱਤਰ ਹੈਰੀਸਨ ਫੀਲਡਜ਼ ਨੇ ਦੱਸਿਆ ਕਿ ਟਰੰਪ ਪ੍ਰਸ਼ਾਸਨ "ਸਪੈਨਿਸ਼ ਭਾਸ਼ਾ ਦੇ ਅਨੁਵਾਦ ਨੂੰ ਮੁੜ ਲਿਆਂਦਣ ਲਈ ਵਚਨਬੱਧ ਹੈ" ਪਰ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਇਹ ਕਦੋਂ ਤੱਕ ਹੋਵੇਗਾ।

ਇਮੀਗ੍ਰੇਸ਼ਨ ਨੀਤੀ 'ਚ ਤਬਦੀਲੀਆਂ ਕਰਦੇ ਹੋਏ ICE ਦੀ ਵੈੱਬਸਾਈਟ 'ਤੇ 'ਨੋਨ-ਚਟਿਜ਼ਿਣ' (ਗ਼ੈਰ-ਨਾਗਰਿਕ) ਸ਼ਬਦ ਨੂੰ 'alien' (ਬੇਗਾਨਾ) ਨਾਲ ਬਦਲ ਦਿੱਤਾ ਗਿਆ। ਇਹ ਟਰੰਪ ਪ੍ਰਸ਼ਾਸਨ ਦੀ ਮੁਹਾਜਿਰ ਵਿਰੋਧੀ ਨੀਤੀ ਦੀ ਇੱਕ ਵੱਡੀ ਨਿਸ਼ਾਨੀ ਵਜੋਂ ਵੇਖੀ ਜਾ ਰਹੀ ਹੈ।

ਅਮਰੀਕਾ ਦੇ ਸਿਹਤ ਵਿਭਾਗ (Health and Human Services - HHS) ਦੀ ਵੈੱਬਸਾਈਟ 'ਤੇ ਵੀ ਮਹੱਤਵਪੂਰਨ ਤਬਦੀਲੀਆਂ ਆਈਆਂ। ਜਨਨ-ਸਬੰਧੀ (reproductive health) ਸਰੋਤਾਂ ਨਾਲ ਜੁੜੇ ਪੇਜ ਹਟਾ ਦਿੱਤੇ ਗਏ। ਇਸਦੇ ਨਾਲ ਹੀ ਕਲਾਈਮੇਟ ਚੇਂਜ ਐਂਡ ਹੈਲਥ ਇਕੁਇਟੀ (Climate Change and Health Equity) ਸੈਕਸ਼ਨ ਨੂੰ ਵੀ ਵੈੱਬਸਾਈਟ ਦੇ ਮੁੱਖ ਹਿੱਸੇ ਤੋਂ ਹਟਾ ਦਿੱਤਾ ਗਿਆ, ਹਾਲਾਂਕਿ ਉਹ ਪੇਜ ਅਜੇ ਵੀ ਉਪਲਬਧ ਹਨ।

ਇਸ ਤੋਂ ਇਲਾਵਾ, ਕੋਵਿਡ-19 ਨਾਲ ਜੁੜੇ ਸਰੋਤਾਂ ਨੂੰ ਵੀ ਵੈੱਬਸਾਈਟ 'ਚੋਂ ਹਟਾ ਦਿੱਤਾ ਗਿਆ। ਟਰੰਪ ਪ੍ਰਸ਼ਾਸਨ ਨੇ HHS ਦੇ ਅਧੀਨ ਕੰਮ ਕਰਦੀਆਂ ਫੈਡਰਲ ਸਿਹਤ ਏਜੰਸੀਆਂ ਨੂੰ ਹਦਾਇਤ ਦਿੱਤੀ ਕਿ ਉਹ ਵਿਗਿਆਨਕ ਰਿਪੋਰਟਾਂ, ਸਿਹਤ ਸਲਾਹਾਂ, ਅਤੇ ਸੋਸ਼ਲ ਮੀਡੀਆ ਪੋਸਟਾਂ ਨੂੰ ਜਾਰੀ ਕਰਨਾ ਰੋਕਣ।

ਲੇਬਰ ਵਿਭਾਗ ਦੀ ਵੈੱਬਸਾਈਟ 'ਚ ਵੀ ਤਬਦੀਲੀਆਂ ਕੀਤੀਆਂ ਗਈਆਂ। ਨੌਕਰੀਆਂ ਵਿੱਚ ਬਰਾਬਰੀ ਦੀ ਉਲੰਘਣਾ ਬਾਰੇ ਸ਼ਿਕਾਇਤ ਕਰਨ ਵਾਲੇ ਲਿੰਕ ਨੂੰ ਹਟਾ ਦਿੱਤਾ ਗਿਆ। ਇਸਦੇ ਨਾਲ ਯੂਨੀਅਨਾਂ ਅਤੇ ਸਮੂਹਿਕ ਸੰਘਰਸ਼ (Collective Bargaining and Union Resources) ਨਾਲ ਜੁੜੇ ਸਰੋਤ ਵੀ ਮਿਟਾ ਦਿੱਤੇ ਗਏ।

ਫੈਡਰਲ ਰਿਜ਼ਰਵ ਦੀ ਵੈੱਬਸਾਈਟ ਤੋਂ "ਵਿਭਿੰਨਤਾ ਅਤੇ ਸ਼ਮੂਲੀਅਤ" (Diversity and Inclusion) ਸੈਕਸ਼ਨ ਨੂੰ ਹਟਾ ਦਿੱਤਾ ਗਿਆ। ਪਹਿਲਾਂ ਇਹ ਲਿੰਕ ਫੈਡਰਲ ਰਿਜ਼ਰਵ ਵਿੱਚ ਨਸਲੀ, ਜਾਤੀ ਅਤੇ ਲਿੰਗ ਪਿਛੋਕੜ ਵਾਲੇ ਵਿਦਵਾਨਾਂ ਦੀ ਜਾਣਕਾਰੀ ਦਿੰਦੇ ਸਨ, ਪਰ ਹੁਣ ਇਹ ਮੁੱਖ ਪੇਜ 'ਤੇ ਲੈ ਜਾਂਦੇ ਹਨ।

# ਹਿਮਾਚਲ ਦੇ ਕਾਂਗਰਸ ਦੇ ਵਿਧਾਇਕ ਦਾ ਝੂਠਾ ਬਿਆਨ ਹਿਮਾਚਲ ਵਿਚ ਨਸ਼ੇ ਲਈ ਪੰਜਾਬ ਨੂੰ ਦੱਸਿਆ ਜ਼ਿੰਮੇਵਾਰ



ਚੰਡੀਗੜ੍ਹ, (ਰਜਿੰਦਰ ਸਿੰਘ ਪੁਰੇਵਾਲ):ਧਰਮਪੁਰ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਵਿਧਾਇਕ ਚੰਦਰਸ਼ੇਖਰ ਨੇ ਹਿਮਾਚਲ ਪ੍ਰਦੇਸ਼ ਵਿੱਚ ਨੌਜਵਾਨਾਂ ਵਿੱਚ ਵੱਧ ਰਹੀ ਨਸ਼ੇ ਦੀ ਲਤ 'ਤੇ ਪੰਜਾਬ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਿ ਗੁਆਂਢੀ ਸੂਬੇ ਪੰਜਾਬ ਦੀਆਂ ਕਈ ਤਾਕਤਾਂ ਹਿਮਾਚਲ ਦੇ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿੱਚ ਧੱਕਣ ਵਿੱਚ ਸ਼ਾਮਲ ਹਨ। ਇਹ ਤਾਕਤਾਂ ਨਹੀਂ ਚਾਹੁੰਦੀਆਂ ਕਿ ਹਿਮਾਚਲ ਪ੍ਰਦੇਸ਼ ਦੇ ਨੌਜਵਾਨ ਅੱਗੇ ਵਧਣ।ਉਸਦਾ ਕਹਿਣਾ ਹੈ ਕਿ ਪੰਜਾਬ ਨੇ ਆਪਣੀ ਸਾਰੀ ਤਾਕਤ ਹਿਮਾਚਲ ਪ੍ਰਦੇਸ਼ ਨੂੰ ਬਰਬਾਦ ਕਰਨ ਵਿੱਚ ਲਗਾ ਦਿੱਤੀ ਹੈ। ਹਿਮਾਚਲ ਦੇ ਮਨਸੂਬੇ ਜੋ ਵੀ ਹੋਣ, ਅਸੀਂ ਉਨ੍ਹਾਂ ਨੂੰ ਸਫਲ ਨਹੀਂ ਹੋਣ ਦਿਆਂਗੇ। ਸੂਬੇ ਦੀ ਸੁੱਖੂ ਸਰਕਾਰ ਇਨ੍ਹਾਂ ਤਾਕਤਾਂ ਨਾਲ ਸਖ਼ਤੀ ਨਾਲ ਨਜਿੱਠਣ ਲਈ ਤਿਆਰ ਹੈ। ਹੁਣ ਗੁਆਂਢੀ ਰਾਜਾਂ ਤੋਂ ਹਿਮਾਚਲ ਵਿੱਚ ਫੈਲ ਰਹੇ ਨਸ਼ੇ ਦੇ ਇਨ੍ਹਾਂ ਜੜ੍ਹਾਂ ਨੂੰ ਖਤਮ ਕਰ ਦਿੱਤਾ ਜਾਵੇਗਾ। ਇਹ ਗੱਲ ਸੱਚ ਹੈ ਕਿ ਭਾਰਤ ਦੇ ਕਈ ਸੂਬਿਆਂ ਵਿਚ ਨਸ਼ੇ ਦੀ ਆਦਤ ਮਹਾਮਾਰੀ ਵਾਂਗ ਫੈਲਦੀ ਜਾ ਰਹੀ ਹੈ ਅਤੇ ਹਿਮਾਚਲ ਪ੍ਰਦੇਸ਼ ਵੀ ਇਸ ਤੋਂ ਅਛੂਤਾ ਨਹੀਂ ਰਿਹਾ।ਪਰ ਪੰਜਾਬ ਉਪਰ ਅਜਿਹੇ ਦੋਸ਼ ਲਗਾਉਣੇ ਗਲਤ ਹਨ।ਹਿਮਾਚਲ ਵਿਚ ਨਸ਼ੀਲੀ ਡਰੱਗ ਤਾਂ ਦਵਾਈ ਕੰਪਨੀਆਂ ਵਿਚ ਵੀ ਬਣ ਰਹੀ ਹੈ।ਪਰ ਹਿਮਾਚਲ ਸਰਕਾਰ ਨੇ ਇਸ ਵਲ ਧਿਆਨ ਕਿਉਂ ਨਹੀਂ ਦਿੱਤਾ।ਗਿਆਰਾਂ ਮਈ 2024 ਦੀ ਜੱਗਬਾਣੀ ਅਖਬਾਰ ਵਿਚ ਖਬਰ ਛੱਪੀ ਸੀ ਕਿ ਪੰਜਾਬ ਡੀਜੀਪੀ ਗੌਰਵ ਯਾਦਵ ਅਨੁਸਾਰ ਪੁਲੀਸ ਦੀ ਸਪੈਸ਼ਲ ਟਾਸਕ ਫੋਰਸ ਨੇ ਇਕ ਗਰੋਹ ਦੇ ਮੁੱਖ ਆਗੂ ਸਮੇਤ 7 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਸੀ ਜੋ ਕਿ ਉੱਤਰੀ ਭਾਰਤ ਦੇ ਪੰਜ ਰਾਜਾਂ ਵਿੱਚ ਨਸ਼ਿਆਂ ਦਾ ਕਾਰੋਬਾਰ ਅਤੇ ਨੈੱਟਵਰਕ ਚਲਾ ਰਿਹਾ ਸੀ।ਇਨ੍ਹਾਂ ਨਸ਼ੀਲੀਆਂ ਦਵਾਈਆਂ ਦੀ ਖੇਪ ਪੁਲਿਸ ਦੀ ਨੱਕ ਹੇਠ ਹਿਮਾਚਲ ਪ੍ਰਦੇਸ਼ ਦੇ ਬੱਦੀ ਵਿਖੇ ਸਥਿਤ ਇੱਕ ਫਾਰਮਾਸਿਊਟੀਕਲ ਫੈਕਟਰੀ ਤੋਂ ਪੰਜ ਰਾਜਾਂ ਵਿੱਚ ਪਹੁੰਚਾਈ ਗਈ ਸੀ। ਇਸ ਵਿੱਚ ਫਾਰਮਾ ਫੈਕਟਰੀ ਦੇ ਮੁਲਾਜ਼ਮਾਂ ਦੀ ਭੂਮਿਕਾ ਵੀ ਸਾਹਮਣੇ ਆਈ ਹੈ। ਪੁਲਿਸ ਨੇ ਗਿਰੋਹ ਕੋਲੋਂ 70.42 ਲੱਖ ਨਸ਼ੀਲੀਆਂ ਗੋਲੀਆਂ, 725 ਕਿਲੋ ਟਰਾਮਾਡੋਲ ਪਾਊਡਰ ਅਤੇ 2.37 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਸੀ।ਡੀਜੀਪੀ ਅਨੁਸਾਰ ਸਮਾਈਲੈਕਸ ਫਾਰਮਾ ਕੈਮ ਡਰੱਗ ਇੰਡਸਟਰੀਜ਼ ਵਿਰੁੱਧ ਕਾਰਵਾਈ ਦੌਰਾਨ 47.32 ਨਸ਼ੀਲੇ ਕੈਪਸੂਲ ਅਤੇ 725.5 ਕਿਲੋ ਨਸ਼ੀਲਾ ਟਰਾਮਾਡੋਲ ਪਾਊਡਰ - ਜੋ ਕਿ 1.5 ਕਰੋੜ ਕੈਪਸੂਲ ਬਣਾਉਣ ਲਈ ਕਾਫੀ ਸੀ - ਬਰਾਮਦ ਕੀਤਾ ਗਿਆ ਸੀ।

ਇਹ ਤਾਂ ਹਿਮਾਚਲ ਦੀ ਇਕ ਕੰਪਨੀ ਹੈ,ਪਰ ਕਿੰਨੀਆਂ ਕੰਪਨੀਆਂ ਇਸ ਕਾਲੇ ਕਾਰੋਬਾਰ ਨਾਲ ਜੁੜੀਆਂ ਹਨ ਕਿ ਇਸ ਦਾ ਕੀ ਹਿਮਾਚਲ ਸਰਕਾਰ ਨੇ ਵਿਸ਼ਲੇਸ਼ਣ ਕੀਤਾ ਹੈ।

ਭਾਰਤ ਦਾ ਸਭ ਤੋਂ ਵੱਡਾ ਡਰੱਗ ਅੱਡਾ ਗੁਜਰਾਤ ਹੈ।29 ਅਗਸਤ 2022 ਦੀ ਬੀਬੀਸੀ ਵੈਬਸਾਈਟ ਯੂਕੇ 30 ਅਗਸਤ 2022 ਅਨੁਸਾਰ

ਪੰਜਾਬ ਪੁਲਿਸ ਨੇ ਗੁਜਰਾਤ ਅਤੇ ਮਹਾਰਾਸ਼ਟਰ ਦੇ ਸਮੁੰਦਰੀ ਬੰਦਰਗਾਹਾਂ ਰਾਹੀਂ ਤਸਕਰੀ ਕੀਤੀ ਗਈ 185.5 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਸੀ।ਡੀਜੀਪੀ ਪੰਜਾਬ ਗੌਰਵ ਯਾਦਵ ਮੁਤਾਬਕ ਇਹ ਬਹੁਤ ਵੱਡੀ ਖੇਪ ਸਮੁੰਦਰੀ ਰਸਤਿਓਂ ਭਾਰਤ ਵਿੱਚ ਆਈ ਸੀ ਅਤੇ ਗੁਜਰਾਤ ਦੇ ਭੁਜ ਇਲਾਕੇ ਤੋਂ ਟਰੱਕਾਂ ਰਾਹੀਂ ਪੰਜਾਬ ਵਿੱਚ ਆ ਰਹੀ ਸੀ।ਐਸਟੀਐਫ ਅਧਿਕਾਰੀ ਦੀ ਕਹਿਣਾ ਸੀ ਕਿ ਫਰਮਾਕਿਊਟੀਕਲ ਡਰੱਗ ਪੰਜਾਬ ਵਿੱਚ ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਤੋਂ ਆਉਂਦਾ ਹੈ, ਭੰਗ ਅਤੇ ਚਰਸ ਦੀ ਉਤਪਾਦਨ ਹਿਮਾਚਲ ਵਿਚ ਹੁੰਦਾ ਹੈ।

ਹੁਣ ਤਾਂ ਭਾਰਤ ਵਿਚ ਅਫਰੀਕੀ ਦੇਸ਼ਾਂ ਤੋਂ ਇਲਾਵਾ ਨੇਪਾਲੀ ਅਤੇ ਭਾਰਤੀ ਸਮੱਗਲਰ ਆਪਣੀਆਂ ਸਰਗਰਮੀਆਂ ਚਲਾ ਰਹੇ ਹਨ। ਹਿਮਾਚਲ ਦੇ ਕੁਝ ਇਲਾਕੇ 'ਡਰੱਗ ਟੂਰਿਜ਼ਮ' ਲਈ ਵੀ ਬਦਨਾਮ ਹੋ ਗਏ ਹਨ, ਜਿਥੇ ਸਭ ਤਰ੍ਹਾਂ ਦਾ ਨਸ਼ਾ ਆਸਾਨੀ ਨਾਲ ਮਿਲਣ ਕਾਰਨ ਹਰ ਸਾਲ ਵੱਡੀ ਗਿਣਤੀ ਵਿਚ ਸੈਲਾਨੀ ਆਉਂਦੇ ਹਨ।

ਇਸਰਾਈਲ ਸਮੇਤ ਕੁਝ ਦੇਸ਼ਾਂ ਦੇ ਨਸ਼ਾ ਪ੍ਰੇਮੀ ਸੈਲਾਨੀਆਂ ਵਿਚ ਤਾਂ ਹਿਮਾਚਲ ਬਹੁਤ ਹਰਮਨਪਿਆਰਾ ਹੈ। ਹਰ ਸਾਲ ਵੱਡੀ ਗਿਣਤੀ ਵਿਚ ਇਸਰਾਈਲੀ ਹਿਮਾਚਲ ਦੀ ਧੌਲਾਧਾਰ ਲੜੀ ਵਿਚ ਵਸੇ ਪਿੰਡ 'ਧਰਮਕੋਟ' ਵਿਖੇ ਆ ਕੇ ਰਹਿੰਦੇ ਹਨ। ਇਥੋਂ ਤੱਕ ਕਿ ਇਹ ਪਿੰਡ 'ਤੇਲਅਵੀਵ' ਦੇ ਨਾਂ ਨਾਲ ਪੁਕਾਰਿਆ ਜਾਣ ਲੱਗਾ ਹੈ। ਇਥੇ ਹਿਬਰੂ ਸ਼ੈਲੀ ਦੇ ਕਈ 'ਸਾਈਨੇਜ' ਵੀ ਬਣੇ ਹੋਏ ਹਨ ਅਤੇ ਇਕ ਚਾਰ ਮੰਜ਼ਿਲਾ 'ਚਬਾਡ ਹਾਊਸ' (ਯਹੂਦੀ ਸਮੁਦਾਇਕ ਕੇਂਦਰ) ਵੀ ਬਣਿਆ ਹੋਇਆ ਹੈ। ਨਸ਼ਿਆਂ ਦੀ ਆਸਾਨੀ ਨਾਲ ਉਪਲਬਧਤਾ ਕਾਰਨ ਹੁਣ ਤਾਂ ਇਥੇ ਵੀ ਮੌਜ-ਮਸਤੀ ਲਈ ਗੋਆ ਵਾਂਗ ਹੀ ਨਸ਼ੇੜੀਆਂ ਦੀਆਂ ਗੈਰ-ਕਾਨੂੰਨੀ 'ਰੇਵ ਪਾਰਟੀਆਂ' ਅਤੇ 'ਫੁਲ ਮੂਨ ਪਾਰਟੀਆਂ' ਆਯੋਜਿਤ ਹੋਣ ਲੱਗੀਆਂ ਹਨ। ਆਮ ਤੌਰ 'ਤੇ ਜੰਗਲਾਂ ਆਦਿ ਸੁੰਨਸਾਨ ਅਤੇ ਖੁੱਲ੍ਹੀਆਂ ਥਾਵਾਂ 'ਤੇ ਕੀਤੀਆਂ ਜਾਣ ਵਾਲੀਆਂ ਇਨ੍ਹਾਂ ਪਾਰਟੀਆਂ ਦੇ ਆਯੋਜਕ ਇਨ੍ਹਾਂ ਵਿਚ ਸ਼ਾਮਲ ਹੋਣ ਵਾਲੇ ਨੌਜਵਾਨ-ਮੁਟਿਆਰਾਂ ਕੋਲੋਂ ਭਾਰੀ ਰਕਮ ਵਸੂਲਦੇ ਹਨ। ਇਸ ਦੇ ਬਦਲੇ ਵਿਚ ਉਨ੍ਹਾਂ ਨੂੰ ਖਾਣ-ਪੀਣ ਵਾਲੀਆਂ ਵਸਤਾਂ ਅਤੇ ਨਸ਼ਾ ਪਰੋਸਿਆ ਜਾਂਦਾ ਹੈ ਅਤੇ ਉੱਚੇ ਸੰਗੀਤ ਦੀ ਧੁੰਨ 'ਤੇ ਮਸਤੀ ਕਰਵਾਈ ਜਾਂਦੀ ਹੈ। ਪੁਲਸ ਰਿਕਾਰਡ ਮੁਤਾਬਕ ਨਸ਼ੇ ਦੀ ਖੇਪ ਨਾਲ ਫੜੇ ਜਾ ਰਹੇ ਲੋਕਾਂ ਵਿਚ 70 ਫ਼ੀਸਦੀ ਹਿਮਾਚਲੀ ਨੌਜਵਾਨ ਹਨ।

ਸੋ ਡਰੱਗ ਇਕ ਵੱਡਾ ਕਾਰੋਬਾਰ ਹੈ ,ਜਿਸ ਨਾਲ ਪੁਲੀਸ ਦੀ ਕਾਲੀਆਂ ਭੇਡਾਂ ਤੇ ਭ੍ਰਿਸ਼ਟ ਸਿਆਸਤਦਾਨਾਂ ਦਾ ਗੱਠਜੋੜ ਜੁੜਿਆ ਹੈ ,ਪਰ ਬਦਨਾਮ ਪੰਜਾਬੀਆਂ ਨੂੰ ਕੀਤਾ ਜਾਂਦਾ ਹੈ।ਅਜੇ ਤਕ ਹਿਮਾਚਲ ਦੀ ਡਰੱਗ ਕੰਪਨੀ ਤੇ ਗੁਜਰਾਤ ਤੋਂ ਫੜੇ ਨਸ਼ਿਆਂ ਦੇ ਜ਼ਿੰਮੇਵਾਰ ਲੋਕਾਂ ਦਾ ਖੁਲਾਸਾ ਨਹੀਂ ਹੋਇਆ ਕਿ ਕੋਣ ਜ਼ਿੰਮੇਵਾਰ ਹੈ।ਇਹੋ ਜਿਹੀਆਂ ਘਟਨਾਵਾਂ ਨੂੰ ਦਬਾਉਣ ਦੇ ਕੋਣ ਜ਼ਿੰਮੇਵਾਰ ਹਨ।ਪਰ ਪੰਜਾਬ ਨੂੰ ਸਾਜਿਸ਼ ਤਹਿਤ ਕਿਉਂ ਬਦਨਾਮ ਕੀਤਾ ਜਾਂਦਾ ਹੈ।ਪੰਜਾਬ ਦੇ ਨੌਜਵਾਨ ਆਪ ਹੀ ਡਰੱਗ ਦੀ ਲਪੇਟ ਵਿਚ ਨਸਲਕੁਸ਼ੀ ਦੇ ਰਾਹ ਉਪਰ ਹਨ।ਪਰ ਸਰਕਾਰਾਂ ਚੁਪ ਹਨ।ਕੋਈ ਕਾਰਵਾਈ ਨਹੀਂ ਕਰ ਰਹੀਆਂ।

# ਓਨਟੇਰੀਓ 'ਚ ਹੋਣਗੀਆਂ 27 ਫ਼ਰਵਰੀ ਨੂੰ ਚੋਣਾਂ



**ਸਰੀ, (ਸਿਮਰਨਜੀਤ ਸਿੰਘ):** ਓਨਟੇਰੀਓ ਵਿੱਚ ਸਿਆਸਤ ਨੇ ਨਵਾਂ ਮੋੜ ਲੈ ਲਿਆ ਹੈ ਕਿਉਂਕਿ ਪ੍ਰੀਮੀਅਰ ਡਗ ਫ਼ੋਰਡ ਨੇ ਨਿਰਧਾਰਿਤ ਸਮੇਂ ਤੋਂ ਪਹਿਲਾਂ ਪ੍ਰੋਵਿੰਸ਼ੀਅਲ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ। ਹੁਣ 27 ਫ਼ਰਵਰੀ 2026 ਦੀ ਬਜਾਏ 2024 ਵਿੱਚ ਹੀ ਚੋਣਾਂ ਹੋਣ ਜਾ ਰਹੀਆਂ ਹਨ। ਫ਼ੋਰਡ ਦਾ ਮੁੱਖ ਨਾਅਰਾ – "ਓਨਟੇਰੀਓ ਨੂੰ ਅਮਰੀਕੀ ਟੈਰਿਫ਼ ਖਤਰਿਆਂ ਤੋਂ ਬਚਾਓ" ਡਗ ਫ਼ੋਰਡ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਕੁਝ ਸਰਵੇਖਣਾਂ ਵਿੱਚ ਅੱਗੇ ਚੱਲ ਰਹੀ ਹੈ। ਉਨ੍ਹਾਂ ਨੇ ਆਪਣੇ ਮੁੱਖ ਨਾਅਰੇ ਤਹਿਤ ਕਿਹਾ ਕਿ ਓਨਟੇਰੀਓ ਨੂੰ ਅਮਰੀਕਾ ਵੱਲੋਂ ਲਾਗੂ ਕੀਤੇ ਜਾਣ ਵਾਲੇ ਵਪਾਰਕ ਪਾਬੰਦੀਆਂ ਤੋਂ ਬਚਾਉਣ ਲਈ ਮਜ਼ਬੂਤ ਮੈਂਡੇਟ ਦੀ ਲੋੜ ਹੈ। ਵਿੰਡਸਰ ਵਿੱਚ ਇੱਕ ਰੈਲੀ ਦੌਰਾਨ ਫ਼ੋਰਡ ਨੇ ਕਿਹਾ, "ਜਦੋਂ ਵੀ ਓਨਟੇਰੀਓ ਨੂੰ ਕੋਈ ਖ਼ਤਰਾ ਹੋਵੇਗਾ, ਮੈਂ ਤੁਹਾਡੀ ਰੱਖਿਆ ਲਈ ਹਰ ਸੰਭਵ ਕੋਸ਼ਿਸ਼ ਕਰਾਂਗਾ। ਅਸੀਂ ਅਮਰੀਕਾ ਨਾਲ ਲੜਾਈ ਸ਼ੁਰੂ ਨਹੀਂ ਕਰਦੇ, ਪਰ ਜਿੱਤ ਲਈ ਪੂਰੀ ਤਿਆਰੀ ਰੱਖਦੇ ਹਾਂ।"

ਸਫ਼ਾ 1 ਦਾ ਬਾਕੀ

## ਬ੍ਰਿਟਿਸ਼ ਕੋਲੰਬੀਆਂ ਵਿੱਚ 1.2 ਮਿਲੀਅਨ...

ਮੈਡੀਕਲ ਛੁੱਟੀਆਂ ਅਤੇ ਜੀਵਨ ਦੀ ਗੁਣਵੱਤਾ ਵਿੱਚ ਘਾਟ ਆ ਰਹੀ ਹੈ।

ਸਰਵੇਖਣ ਦੇ ਨਤੀਜੇ ਵਿੱਚ ਇਹ ਵੀ ਦਰਸਾਇਆ ਗਿਆ ਕਿ ਸ਼ਪੈਸ਼ਲਿਸਟ ਡਾਕਟਰ ਦੀ ਘਾਟ ਹੈ, ਜਿਸ ਨਾਲ 70 ਫੀਸਦੀ ਜਵਾਬਦਾਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਵਧਦੇ ਵੈਟਲਿਸਟਾਂ ਕਾਰਨ ਆਪਣਾ ਕੰਮ ਵਧਦਾ ਜਾ ਰਿਹਾ ਹੈ। ਕੇਵਲ 11 ਫੀਸਦੀ ਦੇਖਦੇ ਹਨ ਕਿ ਮਰੀਜ਼ਾਂ ਨੂੰ ਇਸ ਸਮੇਂ ਕਾਫ਼ੀ ਮਦਦ ਮਿਲ ਰਹੀ ਹੈ, ਅਤੇ ਇਸ ਤੋਂ ਵੀ ਘੱਟ ਲੋਕ ਸਮਝਦੇ ਹਨ ਕਿ ਸਿਸਟਮ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਤਿਆਰ ਹੈ ਕਿ ਮਰੀਜ਼ਾਂ ਨੂੰ ਸਮੇਂ ਸਿਰ ਸ਼ਪੈਸ਼ਲਿਸਟ ਡਾਕਟਰਾਂ ਤੋਂ ਇਲਾਜ ਮਿਲੇ।

ਬ੍ਰਿਟਿਸ਼ ਕੋਲੰਬੀਆਂ ਦੀ ਸਿਹਤ ਮੰਤਰੀ ਜੋਸੀ ਓਸਬੋਰਨ ਨੇ ਗੱਲ ਕਰਦੇ ਹੋਏ ਕਿਹਾ ਕਿ ਸੂਬਾ ਮਰੀਜ਼ਾਂ ਦੇ ਇੰਤਜ਼ਾਰ ਸਮੇਂ ਨੂੰ ਘਟਾਉਣ ਲਈ ਕਦਮ ਉਠਾ ਰਿਹਾ ਹੈ।

ਕੈਨੇਡਾ ਦੇ ਸ਼ਪੈਸ਼ਲਿਸਟ ਡਾਕਟਰਾਂ ਦਾ ਵੀ ਇਹੀ ਕਹਿਣਾ ਹੈ ਕਿ ਪਿਛਲੇ ਦੋ ਸਾਲਾਂ ਵਿੱਚ ਸਥਿਤੀ ਹੋਰ ਬੇਹੱਤਰੀ ਦੀ ਬਜਾਏ ਖਰਾਬ ਹੋ ਗਈ ਹੈ। "ਜਦੋਂ ਅਸੀਂ ਪਿਛਲੇ ਦੋ ਸਾਲਾਂ ਵਿੱਚ ਕੈਨੇਡਾ ਦੇ ਸ਼ਪੈਸ਼ਲਿਸਟ ਡਾਕਟਰਾਂ ਨਾਲ ਇੱਕ ਸਰਵੇਖਣ ਕੀਤਾ ਸੀ, ਤਾਂ ਇਹ ਪਤਾ ਲੱਗਾ ਕਿ ਮਰੀਜ਼ਾਂ ਦੀ ਸੰਖਿਆ ਇੱਕ ਮਿਲੀਅਨ ਤੱਕ ਪਹੁੰਚ ਗਈ ਸੀ," ਡਾ. ਰੌਬਰਟ ਕੈਰੁਥਰਸ, ਕਨਸਲਟੈਂਟ ਸਪੀਸ਼ਲਿਸਟਸ ਆਫ਼ ਬੀ.ਸੀ. ਦੇ ਪ੍ਰਧਾਨ ਨੇ ਕਿਹਾ "ਬ੍ਰਿਟਿਸ਼ ਕੋਲੰਬੀਆਂ ਨੂੰ ਹੁਣ ਗੰਭੀਰ ਸੁਧਾਰ ਦੀ ਲੋੜ ਹੈ।" This report was written by Simranjit Singh as part of the Local Journalism Initiative.

# ਅਮਰੀਕਾ ਵਿੱਚ ਸ਼ੋਸ਼ਲ ਮੀਡੀਆ 'ਤੇ ਕੈਨੇਡੀਅਨ ਰਾਜਨੀਤਿਕ ਆਗੂਆਂ ਦਾ ਅਕਸ ਵਿਗਾੜਣ ਦੀ ਕੋਸ਼ਿਸ਼




ਵਾਸ਼ਿੰਗਟਨ : ਅਮਰੀਕਾ ਦੇ ਸੋਸ਼ਲ ਮੀਡੀਆ ਪਲੇਟਫਾਰਮ, ਜੋ ਪਹਿਲਾਂ ਟਵਿੱਟਰ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਉੱਥੇ ਕੈਨੇਡੀਅਨ ਰਾਜਨੀਤਿਕ ਆਗੂਆਂ ਦੇ ਖਿਲਾਫ਼ ਗਲਤ ਜਾਣਕਾਰੀ ਦੇ ਨਾਲ ਭਰੀਆਂ ਪੋਸਟਾਂ ਵਧ ਰਹੀਆਂ ਹਨ। ਇਹ ਪੋਸਟਾਂ ਆਮ ਤੌਰ 'ਤੇ ਸਪਾਂਸਰ ਕੀਤੀਆਂ ਜਾ ਰਹੀਆਂ ਹਨ ਅਤੇ ਉਹ ਰੂਸ ਦੀ ਸਮਰਥਨ ਵਾਲੀ ਯੋਜਨਾ ਦੇ ਹਿੱਸੇ ਵਜੋਂ ਜਾਣੀਆਂ ਜਾ ਰਹੀਆਂ ਹਨ।

ਇਹ ਪੋਸਟਾਂ ਵਿਸ਼ੇਸ਼ ਤੌਰ 'ਤੇ ਕੰਜ਼ਰਵੇਟਿਵ ਨੇਤਾ ਪੀਅਰੇ ਪੋਇਲੀਵਰ ਅਤੇ ਐੱਨ.ਡੀ.ਪੀ. ਦੇ ਨੇਤਾ ਜਗਮੀਤ ਸਿੰਘ ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਸਪਾਂਸਰ ਕੀਤੀ ਗਈਆਂ ਪੋਸਟਾਂ ਨਿਊਜ਼ ਚੈਨਲ ਦੇ ਲੇਖਾਂ ਦੀ ਨਕਲ ਕਰਦੀਆਂ ਹਨ ਅਤੇ ਸਨਸਨੀਖੇਜ਼ ਸੁਰਖੀਆਂ ਵਿੱਚ ਗਲਤ ਜਾਂ ਫੈਲਾਈ ਗਈ ਜਾਣਕਾਰੀ ਨੂੰ ਲੁਕਾਈਆਂ ਜਾਂ ਵਿਸ਼ਾ ਵਿੱਚ ਮੋੜ ਦਿੰਦੇ ਹਨ। ਇਸ ਨਾਲ ਕੈਨੇਡਾ ਵਿੱਚ ਸੋਸ਼ਲ ਮੀਡੀਆ ਉੱਤੇ ਮੰਜ਼ੂਰੀ ਨਾ ਕੀਤੇ ਗਏ ਪ੍ਰਚਾਰ ਅਤੇ ਗਲਤ ਜਾਣਕਾਰੀ ਦੀ ਸੰਖਿਆ ਵੱਧ ਰਹੀ ਹੈ। ਤਕਨਾਲੋਜੀ ਵਿਸ਼ਲੇਸ਼ਕ ਕਾਰਮੀ ਲੇਵੀ ਦੇ ਅਨੁਸਾਰ, ਇਨ੍ਹਾਂ ਤਰ੍ਹਾਂ ਦੀਆਂ ਗਲਤ ਜਾਣਕਾਰੀ ਵਾਲੀਆਂ ਮੁਹਿੰਮਾਂ ਨੇ ਪਹਿਲਾਂ ਹੀ ਇੱਕ ਖ਼ਤਰੇ ਦੀ ਅਕਾਰ ਲਈ ਗਤੀ ਪੱਕੜੀ ਹੈ, ਖਾਸ ਕਰਕੇ ਓਨਟਾਰੀਓ ਚੋਣਾਂ ਦੇ ਕੋਲ। ਉਹ ਦੱਸਦੇ ਹਨ ਕਿ ਆਮ ਤੌਰ 'ਤੇ, ਜਿੱਥੇ ਗਲਤ ਜਾਣਕਾਰੀ ਫੈਲਾਉਣ ਦੇ ਲਈ ਸੋਸ਼ਲ ਮੀਡੀਆ ਨੂੰ ਡਿਜੀਟਲ ਟੂਲਾਂ ਨਾਲ ਵਰਤਿਆ ਜਾ ਰਿਹਾ ਹੈ, ਉਥੇ ਇਹ ਚਿੰਤਾ ਵਧ ਰਹੀ ਹੈ ਕਿ ਇਹ ਮੁਹਿੰਮਾਂ ਨੈਤਿਕ ਅਤੇ ਸਮਾਜਿਕ ਸੁਰੱਖਿਆ ਨੂੰ ਖਤਰੇ ਵਿੱਚ ਪਾ ਸਕਦੀਆਂ ਹਨ।

ਲੇਵੀ ਇਸ ਗੱਲ ਨੂੰ ਵੀ ਸੰਕੇਤ ਕਰਦੇ ਹਨ ਕਿ ਪਲੇਟਫਾਰਮਾਂ ਉੱਤੇ ਸਮੱਗਰੀ ਦੀ ਚਲਾਣੀ ਅਤੇ ਤੱਥ-ਜਾਂਚ ਦੇ ਢਿੱਲੇ ਕਦਮ ਕੈਨੇਡਾ ਵਿੱਚ ਬਿਨਾਂ ਰੋਕ ਦੇ ਓਵਰਲੋਡ ਹੋ ਰਹੀਆਂ ਗਲਤ ਜਾਣਕਾਰੀ ਦੀ ਪ੍ਰਸਾਰ ਨੂੰ ਮਨਜ਼ੂਰ ਕਰ ਰਹੇ ਹਨ। ਇਸ ਵਿੱਚ ਮੇਟਾ ਵੀ ਸ਼ਾਮਲ ਹੈ, ਜੋ ਕਿ ਫੇਸਬੁੱਕ ਅਤੇ ਇੰਸਟਾਗ੍ਰਾਮ ਦਾ ਮਾਲਕ ਹੈ ਅਤੇ ਜਿਸਨੇ ਜਾਅਲੀ ਪੋਸਟਾਂ ਅਤੇ ਨਿਸ਼ਾਨਾਬੱਧ ਗਲਤ ਜਾਣਕਾਰੀ ਦੀਆਂ ਮੁਹਿੰਮਾਂ ਦੇ ਪ੍ਰਸਾਰ ਵਿੱਚ ਯੋਗਦਾਨ ਪਾਇਆ ਹੈ।

ਇਹ ਮੁੱਦਾ ਨਵਾਂ ਨਹੀਂ ਹੈ, ਬਲਕਿ ਪਿਛਲੇ ਕੁਝ ਸਾਲਾਂ ਵਿੱਚ ਇਹ ਵੱਧ ਚੁੱਕਾ ਹੈ। ਸਾਬਕਾ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਆਪਣੇ ਵਿਦਾਇਗੀ ਭਾਸ਼ਣ ਵਿੱਚ ਵੀ ਇਸ ਗਲਤ ਜਾਣਕਾਰੀ ਦੇ ਵਿਸ਼ਾਲ ਪ੍ਰਭਾਵ ਬਾਰੇ ਚਿੰਤਾ ਪ੍ਰਗਟਾਈ ਸੀ।

ਕੈਨੇਡਾ ਦੇ ਨਾਗਰਿਕ ਅਤੇ ਰਾਜਨੀਤਿਕ ਰਹਨਮਾਂ ਦੇ ਖਿਲਾਫ਼ ਹੋ ਰਹੀਆਂ ਗਲਤ ਜਾਣਕਾਰੀ ਵਾਲੀਆਂ ਮੁਹਿੰਮਾਂ ਦੇ ਨਾਲ ਕੈਨੇਡਾ ਸਰਹੱਦ ਪਾਰ ਜਾਣਕਾਰੀ ਦੇ ਆਫਲੋਡ ਤੋਂ ਬਿਲਕੁਲ ਸੁਰੱਖਿਅਤ ਨਹੀਂ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜਿਵੇਂ ਹੀ ਚੋਣਾਂ ਨਜ਼ਦੀਕ ਆ ਰਹੀਆਂ ਹਨ, ਇਸ ਤਰ੍ਹਾਂ ਦੀਆਂ ਮੁਹਿੰਮਾਂ ਵਧ ਸਕਦੀਆਂ ਹਨ, ਜੋ ਸਿਰਫ ਸਮਾਜਕ ਸੰਗਠਨ ਅਤੇ ਵਾਪਾਰਕ ਪ੍ਰਭਾਵਾਂ ਨੂੰ ਹੀ ਨਹੀਂ, ਸਗੋਂ ਲੋਕਾਂ ਦੇ ਵਿਚਾਰਾਂ ਨੂੰ ਵੀ ਮੁੜ ਕੇ ਨਿਰਧਾਰਿਤ ਕਰ ਸਕਦੀਆਂ ਹਨ। ਇਸ ਚਿੰਤਾ ਦੀ ਲੰਬੀ ਲਾਈਨ ਵਿਚ, ਕੈਨੇਡੀਅਨ ਸਰਕਾਰ ਅਤੇ ਸੋਸ਼ਲ ਮੀਡੀਆ ਕੰਪਨੀਆਂ ਨੂੰ ਇਸ ਜਾਲੀ ਜਾਣਕਾਰੀ ਨੂੰ ਰੋਕਣ ਲਈ ਨਵੇਂ ਪ੍ਰਮਾਣ ਅਤੇ ਨਿਯਮ ਲਾਗੂ ਕਰਨ ਦੀ ਲੋੜ ਹੈ, ਜਿਸ ਨਾਲ ਸੰਭਾਵਤ ਖ਼ਤਰੇ ਨੂੰ ਘਟਾਇਆ ਜਾ ਸਕੇ।



WINNIPEG LOCATION
NOW OPEN 9am to 9pm
#3- 1375 McPhillips St.

SABZI MANDI SUPERMARKET
Serving our Community since 2003

KELOWNA LOCATION NOW OPEN!
284 Hwy 33W, Kelowna

HOT PRICE — ROMA TOMATOES ਰੋਮਾ ਟਮਾਟਰ 88¢ /lb
HOT PRICE — JUMBO CAULIFLOWER ਗੋਭੀ 2.99 ea
HOT PRICE — GREEN PEPPERS ਹਰੀਆਂ ਸ਼ਿਮਲਾ ਮਿਰਚਾਂ 99¢ /lb
HOT PRICE — FRESH CILANTRO ਧਨੀਆਂ Bunch 2 for 99¢

IN SHELL ROASTED PEANUTS ਮੂੰਗਫਲੀ Bulk 1.99 /lb
PUNJABI BY NATURE ATTA COOKIES ਪੰਜਾਬੀ ਬਾਈ ਨੇਚਰ ਆਟਾ ਕੁਕੀਆਂ 5lb 17.99 ea
HEER WHOLE WHEAT ATTA ਹੀਰ ਹੋਲ ਵ੍ਹੀਟ ਆਟਾ 20lb 11.99 ea
PUNJABI BY NATURE SOYA CHAAP ਪੰਜਾਬੀ ਬਾਈ ਨੇਚਰ ਸੋਯਾ ਚਾਪ 850g 3.99 ea
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea

UNBEATABLE DEAL
AAP KI PASAND COOKIES
ਆਪ ਕੀ ਪਸੰਦ ਕੁਕੀਆਂ
2.2lb
4.99 ea

FRESH GINGER ਅੱਦਰਕ 1.69 /lb
FIELD TOMATOES ਫੀਲਡ ਟਮਾਟਰ 99¢ /lb
FRESH ZUCCHINI ਤੋਰੀ 88¢ /lb
US #1 SPINACH ਪਾਲਕ Bunch 1.49 ea
FRESH BROCCOLI ਬਰੌਕਲੀ 1.29 /lb

CASE LOT SALE
ROMA TOMATOES ਰੋਮਾ ਟਮਾਟਰ 25lb CASE $20 ea
FRESH CAULIFLOWER ਗੋਭੀ Size 12 CASE $33 ea
US #1 POTATOES ਆਲੂ 5 x 10lb CASE $18 ea

RED LABEL TEA ਰੈਡ ਲੇਬਲ ਚਾਹ 1.8kg 22.99 ea
ROSHNI KACCHI GHANI MUSTARD OIL ਰੋਸ਼ਨੀ ਕੱਚੀ ਘਾਣੀ ਸਰੋਂ ਦਾ ਤੇਲ 4L Tin 24.99 ea
ANNAPURNA CHAKKI ATTA ਅਨਾਪੂਰਨਾ ਚੱਕੀ ਆਟਾ 20lb 13.99 ea
US #1 POTATOES ਆਲੂ 10lb 3.99 ea
PEELED GARLIC ਲਸਣ 5lb Jar 11.99 ea
AMBROSIA APPLES ਐਮਬਰੋਜ਼ਾ ਸੇਬ 99¢ /lb

PROUDLY CANADIAN • PROUDLY PUNJABI!

Western Union
Western Union Money Transfers and Calling Cards available at all locations. 24 hour rate info line: 604-634-2400

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. January 31, 2025 - Wed. February 05, 2025

MasterCard VISA American Express Interac
American Express accepted at three locations.

STORES OPEN 7 DAYS A WEEK
Visit one of our great locations so we can serve you today!

| | | | |
|---|---|---|---|
| NEWTON STORE: #106 - 12568 72nd Ave., Surrey | 604-590-2400 | BURNABY: 7565 6th Street, Burnaby | 604-553-6603 |
| NEWTON 80th AVENUE: 13208 80th Ave., Surrey | 778-565-7880 | RICHMOND: 9371 No 5 Rd, Richmond | 604-285-2400 |
| NEWTON EXCHANGE: 101-13753 72 Ave., Surrey | 604-581-2400 | NEWTON 64 AVE: 140- 6350 120 st, Surrey | 778-565-1266 |
| NEWTON EAST: 15299 68th Ave., Surrey | 604-598-8006 | LANGLEY: #50 – 20150 Langley Bypass, Langley | 604-427-3912 |
| ABBOTSFORD: 31831 S. Fraser Way, Abbotsford | 604-864-9193 | ABBOTSFORD: 2777 Gladwin Road, Abbotsford | 604-744-2077 |

Prices in effect at the above listed store locations only.

SABZI MANDI SUPERMARKET
You can also visit us online at www.sabzimandicanada.com